# ਹਫਤਾਵਾਰੀ ਦੇਸ਼ ਦੁਆਬਾ

VOL - 6 ISSUE - 3
April 27, 2017

Postal Address
5101 Doe Hollow Pl, Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com




Ambedkar International Center, USA, Ambedkar Educational Aid Society, USA ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਰਾਮਜੀ ਅੰਬੇਡਕਰ ਜੀ ਦਾ 126ਵਾਂ ਜਨਮ ਦਿਨ 30 ਅਪ੍ਰੈਲ 2017 ਨੂੰ Golden Peacock Banquets, 24989 Santa Clare Street Hayward, CA 94544 (USA) ਵਿਖੇ ਪੂਰਨ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

# ਹੁਣ ਭਗਵੰਤ ਮਾਨ ਨੇ ਵੀ ਕੇਜਰੀਵਾਲ ਤੋਂ ਮੂੰਹ ਮੋੜਿਆ

## ਪਾਰਟੀ ਨੇ ਮੇਰਾ ਮੁੱਲ ਨਹੀ ਪਾਇਆ: ਭਗਵੰਤ ਮਾਨ

**ਬਠਿੰਡਾ (ਬਿਊਰੋ)–** ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਨੇ 'ਆਪ' ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ 'ਕੱਟੀ' ਕਰ ਦਿੱਤੀ ਹੈ। ਉਨ੍ਹਾਂ ਫਿਲਹਾਲ ਪਾਰਟੀ ਦੀ ਕਿਸੇ ਵੀ ਗਤੀਵਿਧੀ ਵਿੱਚ ਹਿੱਸਾ ਨਾ ਲੈਣ ਦਾ ਫੈਸਲਾ ਕੀਤਾ ਹੈ। ਦੱਸਣਯੋਗ ਹੈ ਕਿ ਪੰਜਾਬ ਚੋਣਾਂ ਦੇ ਨਤੀਜੇ ਮਗਰੋਂ ਭਗਵੰਤ ਮਾਨ ਨੇ ਖੁੱਲ੍ਹ ਕੇ ਵਿਚਰਨਾ ਬੰਦ ਕਰ ਦਿੱਤਾ ਹੈ। ਮਾਨ ਨੇ ਕਰੀਬ ਤਿੰਨ ਹਫ਼ਤੇ ਪਹਿਲਾਂ ਅਰਵਿੰਦ ਕੇਜਰੀਵਾਲ ਨਾਲ ਦਿੱਲੀ ਵਿੱਚ ਦੋ ਘੰਟੇ ਗੁਪਤ ਮੀਟਿੰਗ ਕੀਤੀ, ਜਿਸ ਵਿੱਚ ਪੰਜਾਬ ਚੋਣਾਂ ਬਾਰੇ ਵਿਸਤਾਰ ਨਾਲ ਚਰਚਾ ਹੋਈ। ਉਨ੍ਹਾਂ ਕੇਜਰੀਵਾਲ ਨੂੰ ਚੋਣਾਂ ਵਿੱਚ 'ਆਪ' ਵੱਲੋਂ ਕੀਤੀਆਂ ਗਲਤੀਆਂ ਗਿਣਾਈਆਂ। ਸੰਸਦ ਮੈਂਬਰ ਨੇ ਪੰਜਾਬੀ ਟ੍ਰਿਬਿਊਨ ਨਾਲ 'ਵਿਸ਼ੇਸ਼ ਗੱਲਬਾਤ' ਦੌਰਾਨ ਕਈ ਅਹਿਮ ਨੁਕਤੇ ਸਾਂਝੇ ਕੀਤੇ। ਸ੍ਰੀ ਕੇਜਰੀਵਾਲ ਵੱਲੋਂ ਈਵੀਐਮ ਮਸ਼ੀਨਾਂ ਬਾਰੇ ਲਏ ਸਟੈਂਡ ਨਾਲੋਂ ਵੀ ਉਨ੍ਹਾਂ ਆਪਣੇ ਆਪ ਨੂੰ ਵੱਖ ਕਰਦਿਆਂ ਆਖਿਆ ਕਿ ਈ ਵੀ ਐਮ ਮਸ਼ੀਨਾਂ ਅਤੇ ਪੰਜਾਬ ਦੇ ਲੋਕਾਂ ਦਾ ਕੋਈ ਕਸੂਰ ਨਹੀਂ, ਕਿਸੇ ਦੇ ਕਸੂਰ ਦੀ ਥਾਂ 'ਆਪ' ਲੀਡਰਸ਼ਿਪ ਨੂੰ ਆਤਮ-ਪੜਚੋਲ ਕਰਨੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ 'ਆਪ' ਨੇ ਪੰਜਾਬ ਚੋਣਾਂ ਦੌਰਾਨ ਵੱਡੀਆਂ ਗ਼ਲਤੀਆਂ ਕੀਤੀਆਂ, ਜਿਸ ਦਾ ਨੁਕਸਾਨ ਹੋਇਆ।

ਭਗਵੰਤ ਮਾਨ ਨੇ ਆਖਿਆ ਕਿ ਉਹ ਪਹਿਲੀ ਮਈ ਤੋਂ ਕੁਝ ਦਿਨਾਂ ਲਈ ਆਪਣੇ ਬੱਚਿਆਂ ਨੂੰ ਮਿਲਣ ਅਮਰੀਕਾ ਜਾ ਰਹੇ ਹਨ ਅਤੇ ਉਸ ਮਗਰੋਂ 25



ਮਈ ਨੂੰ ਮਾਲਵਾ ਖਿੱਤੇ ਦਾ ਧੰਨਵਾਦੀ ਦੌਰਾ ਕਰਨਗੇ। ਉਨ੍ਹਾਂ ਦੱਸਿਆ ਕਿ ਕੇਜਰੀਵਾਲ ਨਾਲ ਮੀਟਿੰਗ ਕਰ ਕੇ ਪੰਜਾਬ ਚੋਣਾਂ ਬਾਰੇ 'ਸੱਚੋ-ਸੱਚ' ਦੱਸ ਦਿੱਤਾ ਹੈ। ਉਨ੍ਹਾਂ ਆਖਿਆ ਕਿ 'ਆਪ' ਕਨਵੀਨਰ ਕੇਜਰੀਵਾਲ ਇਹ ਨਹੀਂ ਸਮਝ ਸਕੇ ਕਿ ਪੰਜਾਬ ਦੇ ਲੋਕ ਕੀ ਚਾਹੁੰਦੇ ਹਨ। ਮੁੱਖ ਮੰਤਰੀ ਦੇ ਉਮੀਦਵਾਰ ਦੇ ਨਾਮ ਦਾ ਐਲਾਨ ਨਾ ਕਰਨਾ ਵੱਡੀ ਗਲਤੀ ਰਹੀ ਅਤੇ ਉਸ ਤੋਂ ਵੱਡੀ ਗਲਤੀ ਗਰਮ ਖਿਆਲੀ ਆਗੂਆਂ ਨਾਲ 'ਆਪ' ਆਗੂਆਂ ਨੇ ਮੀਟਿੰਗ ਕਰ ਕੇ ਕਰ ਦਿੱਤੀ।

ਸੰਸਦ ਮੈਂਬਰ ਨੇ ਆਖਿਆ ਕਿ ਪਹਿਲਾਂ ਟਿਕਟਾਂ ਦੀ ਵੰਡ ਵਿੱਚ ਗ਼ਲਤ ਫੈਸਲੇ ਹੋਏ ਅਤੇ ਉਸ (ਭਗਵੰਤ ਮਾਨ) ਨੂੰ ਟਿਕਟਾਂ ਦੀ ਵੰਡ ਦੇ ਮਾਮਲੇ ਵਿੱਚੋਂ ਲਾਂਭੇ ਕੀਤਾ ਅਤੇ ਫਿਰ ਪਾਰਟੀ ਚੋਣਾਂ ਵਿੱਚ ਬਿਨਾਂ ਕਪਤਾਨ ਵਾਲੀ ਮੁਹੱਲੇ ਦੀ ਕ੍ਰਿਕਟ ਟੀਮ ਵਾਂਗ ਖੇਡੀ। ਉਨ੍ਹਾਂ ਆਖਿਆ ਕਿ ਉਸ ਨੇ ਚੋਣਾਂ ਦੌਰਾਨ 500 ਰੈਲੀਆਂ ਕੀਤੀਆਂ ਅਤੇ ਦਿਨ-ਰਾਤ ਮਿਹਨਤ ਕੀਤੀ ਪਰ ਉਸ ਨੂੰ ਦਿੱਲੀਓਂ ਕਦੇ ਸ਼ਾਬਾਸ਼ ਨਹੀਂ ਮਿਲੀ, ਉਲਟਾ ਝਿੜਕਾਂ ਜ਼ਰੂਰ ਮਿਲਦੀਆਂ ਸਨ। ਉਨ੍ਹਾਂ ਆਖਿਆ ਕਿ ਉਸ ਨੇ ਇਨ੍ਹਾਂ ਚੋਣਾਂ ਵਿੱਚ ਆਪਣੇ ਹਲਕੇ ਦੀਆਂ ਨੌਂ ਵਿੱਚੋਂ ਪੰਜ ਸੀਟਾਂ ਜਿੱਤੀਆਂ। ਉਸ ਦੇ ਇਲਾਕੇ ਵਿੱਚ ਹੀ 'ਆਪ' ਨੂੰ ਵੱਡੀ ਜਿੱਤ ਮਿਲੀ ਹੈ। ਦੱਸਣਯੋਗ ਹੈ ਕਿ ਭਗਵੰਤ ਮਾਨ ਨੇ ਚੋਣਾਂ ਮਗਰੋਂ ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ (ਪੀਏਸੀ) ਦੀ ਕਿਸੇ ਵੀ ਮੀਟਿੰਗ ਵਿੱਚ ਸ਼ਮੂਲੀਅਤ ਨਹੀਂ ਕੀਤੀ ਅਤੇ ਨਾ ਉਹ ਵਿਸਾਖੀ ਮੇਲੇ

**(ਬਾਕੀ ਸਫਾ 22 ਤੇ)**



ਨਿਊਯਾਰਕ ਦੀ 30 ਵੀਂ ਸਿੱਖ ਡੇ ਪਰੇਡ ਨੇ ਪੂਰੇ ਮਨਹਾਟਨ ਸ਼ਹਿਰ ਨੂੰ ਕੇਸਰੀ ਰੰਗ 'ਚ ਰੰਗਿਆ। **(ਰਿਪੋਰਟ ਦੇਖੋ ਸਫਾ 7 ਤੇ)**

# ਭਾਰਤ ਨੇ ਅਮਰੀਕੀ ਵਪਾਰ ਮੰਤਰੀ ਕੋਲ ਉਠਾਇਆ ਐਚ-1ਬੀ ਵੀਜ਼ੇ ਦਾ ਮਾਮਲਾ

**ਵਾਸ਼ਿੰਗਟਨ (ਬਿਊਰੋ)–** ਟਰੰਪ ਪ੍ਰਸ਼ਾਸਨ ਵੱਲੋਂ ਐਚ-1ਬੀ ਵੀਜ਼ਾ ਪ੍ਰਬੰਧ ਨੂੰ ਸਖ਼ਤ ਕੀਤੇ ਜਾਣ ਉਤੇ ਵਿੱਤ ਮੰਤਰੀ ਅਰੁਣ ਜੇਤਲੀ ਨੇ ਅਮਰੀਕਾ ਦੇ ਵਪਾਰ ਮੰਤਰੀ ਵਿਲਬਰ ਰੌਸ ਕੋਲ ਸਖ਼ਤ ਰੋਸ ਜ਼ਾਹਰ ਕੀਤਾ ਹੈ। ਉਨ੍ਹਾਂ ਭਾਰਤੀ ਪੇਸ਼ੇਵਰਾਂ ਵੱਲੋਂ ਅਮਰੀਕੀ ਅਰਥਚਾਰੇ ਨੂੰ ਹੁਲਾਰਾ ਦੇਣ ਵਿੱਚ ਨਿਭਾਏ ਜਾ ਰਹੇ ਅਹਿਮ ਕਿਰਦਾਰ ਦਾ ਵੀ ਜ਼ਿਕਰ ਕੀਤਾ ਹੈ।

ਅਮਰੀਕੀ ਸਦਰ ਡੋਨਲਡ ਟਰੰਪ ਨੇ ਬੀਤੇ ਹਫ਼ਤੇ ਇਕ ਪ੍ਰਸ਼ਾਸਕੀ ਹੁਕਮ ਰਾਹੀਂ ਐਚ-1ਬੀ ਵੀਜ਼ਾ ਪ੍ਰਬੰਧ ਦੇ ਨਿਯਮਾਂ ਨੂੰ ਸਖ਼ਤ ਕਰ ਦਿੱਤਾ ਸੀ ਤਾਂ ਕਿ ਇਸ ਦੀ 'ਦੁਰਵਰਤੋਂ' ਰੋਕੀ ਜਾ ਸਕੇ। ਭਾਰਤੀ ਆਈਟੀ ਸਨਅਤ ਨੇ ਅਮਰੀਕਾ ਦੀ ਇਸ ਕਾਰਵਾਈ ਉਤੇ ਗੰਭੀਰ ਚਿੰਤਾ ਪ੍ਰਗਟਾਈ ਹੈ ਕਿਉਂਕਿ ਭਾਰਤੀ




ਆਈਟੀ ਪੇਸ਼ੇਵਰਾਂ ਵੱਲੋਂ ਘੱਟ-ਮਿਆਦ ਦੇ ਕੰਮ ਵਾਸਤੇ ਅਮਰੀਕਾ ਜਾਣ ਲਈ ਇਸ ਵੀਜ਼ੇ ਦੀ ਵਰਤੋਂ ਕੀਤੀ ਜਾਂਦੀ ਹੈ। ਸ੍ਰੀ ਰੌਸ ਨਾਲ ਮੀਟਿੰਗ ਦੌਰਾਨ ਸ੍ਰੀ ਜੇਤਲੀ ਨੇ ਉਮੀਦ ਜ਼ਾਹਰ ਕੀਤੀ ਕਿ ਇਸ ਸਬੰਧੀ ਕੋਈ ਫ਼ੈਸਲਾ ਲੈਂਦਿਆਂ ਅਮਰੀਕੀ ਪ੍ਰਸ਼ਾਸਨ ਵੱਲੋਂ ਮੁਲਕ ਦੇ ਅਰਥਚਾਰੇ ਵਿੱਚ ਹੁਨਰਮੰਦ ਭਾਰਤੀਆਂ ਦੇ ਯੋਗਦਾਨ ਨੂੰ ਚੇਤੇ ਰੱਖਿਆ ਜਾਵੇਗਾ। ਸ੍ਰੀ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਦੋਵਾਂ ਮੁਲਕਾਂ ਦੀ ਇਹ ਪਹਿਲੀ ਮੰਤਰੀ ਪੱਧਰੀ ਮੀਟਿੰਗ ਸੀ। ਸਮਝਿਆ ਜਾਂਦਾ ਹੈ ਕਿ ਸ੍ਰੀ ਰੌਸ ਨੇ ਇਸ ਮੌਕੇ ਕਿਹਾ ਕਿ ਇਸ ਵੀਜ਼ਾ ਪ੍ਰਬੰਧ ਉਤੇ ਟਰੰਪ ਪ੍ਰਸ਼ਾਸਨ ਵੱਲੋਂ ਗ਼ੌਰ ਕੀਤੀ ਜਾ ਰਹੀ ਹੈ ਪਰ ਹਾਲੇ ਕੋਈ ਅੰਤਿਮ ਫ਼ੈਸਲਾ ਨਹੀਂ ਲਿਆ ਗਿਆ। ਉਨ੍ਹਾਂ ਕਿਹਾ ਕਿ ਇਸ ਸਬੰਧੀ ਪ੍ਰਸ਼ਾਸਨ ਦਾ ਟੀਚਾ ਇਕ ਵਾਜਬ ਇਮੀਗਰੇਸ਼ਨ ਨੀਤੀ ਲਾਗੂ ਕਰਨਾ ਹੈ।




MANDEEP SANDHU

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562) 3222 PENELOPE DR. STOCKTON, CA- 95212 (NEAR HWY 99 ON MORADA LANE)



ELITE REALTY SERVICES
Shangara Ram
Realtor
CalBRE# 01969522
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Cell: 916-479-5587, Fax: 916-917-5773
Office: 916-681-5112 shangararam2@gmail.com
7412 Elsie Ave., Sacramento, CA 95828

SAROAY INVESTMENT REALTY



Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

ELITE REALTY SERVICES
7412 Elsie Ave Sacramento, CA 95828
Shaan Nijjar (916) 751-8852
Realtor/CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ



Buy/ Sell Real Estate Residential or Commercial

Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

My social philosophy may be said to be enshrined in three words: liberty, equality and fraternity. My philosophy has roots in religion and not in political science. I have derived them from the teachings of my master, the Buddha.

- Dr. Ambedkar



# AIC USA

## AEAS, USA



# Heartiest congratulations on Dr. Ambedkar's 126th birth anniversary

Educate! Agitate! Organize!



Alma Mater
University of Mumbai
Columbia University
University of London
London School of Economics

### You are cordially Invited to

# 126th Birthday Celebration
## of
# "Bharat Ratna" Dr. B.R. Ambedkar

Founding father of Modern India
An Economist Extraordinaire,
Greatest reviver of Buddhism,
Most Inspirational leader

**Sunday April 30, 2017**
**Time: 4:00 PM - 7:00 PM**

**Venue:**
Golden Peacock Banquets, 24989 Santa Clare Street Hayward, CA 94544 (USA)

**Guest of Honor: Honorable Consul General Venkatesan Ashok ji**



Performance by ALKA BHATNAGAR, U.P. "RATNA AWARDEE" and her students



BHANGRA by: Jaya Sharma and her students

Promoters: Desh Doaba Newspaper, S. Ashok Bhaura, Faqira Mehmi, Banga Constructions, Kewal Bolina, Hans Raj Kajla, Om Parkash Balley, RAM Brothers, Kashmiri Bhatia, Shinder Paul Narabat, Dr. Harmesh Kumar, Som Nath Bhatia, Major & Gina Bhatia, Dr. Gagan Deep Mall, Ram Nath Chamber, Harmesh Bangar, Narinder Chahal, Balbir Thind, Ram Labhaya.

**RSVP;**

Ram Saroay 510-368-3983
Ram Kumar 408-406-3582
Amrik Chand 510-329-3215
Tavinder Kazla 916-300-5398
Shashi Paul 707-372-5657
Vinod Chumber 510-953-9800
Ramesh Suman 925-366-3618

**Ambedkar International Center, USA, Ambedkar Educational Aid Society, USA**
www.ambedkarinternationalcentre.org

# ਪੈਨਸਲਵੇਨੀਆ ਅਸੈਂਬਲੀ ਵਿਚ ਅਪ੍ਰੈਲ ਦੇ ਮਹੀਨੇ ਨੂੰ 'ਸਿੱਖ ਅਵੇਅਰਨੈਸ ਮੰਥ' ਵਜੋਂ ਐਲਾਨਿਆ

## ਪੈਨਸਲਵੇਨੀਆ ਅਸੈਂਬਲੀ ਵਿਚ ਮਨਾਇਆ ਗਿਆ ਵਿਸਾਖੀ ਦਾ ਦਿਹਾੜਾ

**ਹੈਰੇਸ ਵਰਗ, ਪੈਨਸਲਵੇਨੀਆ (ਹੁਸਨ ਲੜੋਆ ਬੰਗਾ)–** ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂ. ਐਸ. ਏ.) ਵੱਲੋਂ ਵਿਸਾਖੀ ਨੂੰ ਵਰਲਡ ਸਿੱਖ ਡੇਅ ਵਜੋਂ ਦੁਨੀਆਂ ਭਰ ਵਿਚ ਨਿਰਧਾਰਿਤ ਕਰਾਉਣ ਲਈ ਚਲਾਈ ਗਈ ਮੁਹਿੰਮ ਨੂੰ ਦੁਨੀਆਂ ਭਰ ਵਿਚ ਵੱਡਾ ਹੁੰਗਾਰਾ ਮਿਲਿਆ ਹੈ, ਜਿਸ ਤਹਿਤ ਅਮਰੀਕਾ ਦੀ ਪੈਨਸਲਵੇਨੀਆ ਸਟੇਟ ਦੀ ਅਸੈਂਬਲੀ ਵਿਚ ਸਿੱਖ ਸੰਗਤ ਨੇ ਗਵਰਨਰ ਟੌਮ ਵੌਲਫ ਦੀ ਹਾਜ਼ਰੀ ਵਿਚ ਵਿਸਾਖੀ ਦਾ ਦਿਹਾੜਾ ਮਨਾਇਆ ਗਿਆ, ਇਸ ਸਮੇਂ ਪੈਨਸਲਵੇਨੀਆ ਅਸੈਂਬਲੀ ਵਿਚ ਅਪ੍ਰੈਲ ਦੇ ਸਾਰੇ ਮਹੀਨੇ ਨੂੰ 'ਸਿੱਖ ਅਵੇਅਰਨੈਸ ਮੰਥ' ਡਿਕਲੇਅਰ ਕੀਤਾ ਗਿਆ। ਇਸ ਸਮੇਂ ਵਿਸਾਖੀ ਨੂੰ ਅਮਰੀਕਾ ਵਿਚ 'ਨੈਸ਼ਨਲ ਸਿੱਖ ਡੇਅ' ਦੇ ਤੌਰ ਤੇ ਨਿਰਧਾਰਿਤ ਕਰਾਉਣ ਲਈ ਵੀ ਮਤਾ ਪਾ ਦਿੱਤਾ ਗਿਆ। ਅਮਰੀਕਾ ਦੀਆਂ 140 ਦੇ ਕਰੀਬ ਗੁਰਦੁਆਰਾ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਦਾ ਸਮਰਥਨ ਹਾਸਲ ਕਰ ਚੁੱਕੀ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂ ਐਸ. ਏ.) ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਕਿਹਾ ਕਿ ਜਿੱਥੇ ਇਕ ਪਾਸੇ ਭਾਰਤ ਵਿਚ ਸਿੱਖਾਂ ਦੀ ਸ਼ਨਾਖਤ ਨੂੰ ਖਤਰਾ ਬਣਿਆ ਹੋਇਆ ਹੈ, ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਵਿਸਾਖੀ ਨੂੰ ਵਰਲਡ ਸਿੱਖ ਡੇਅ ਨਿਰਧਾਰਿਤ ਕਰਾਉਣ ਲਈ ਅਜੇ ਤੱਕ ਵੀ ਕੋਈ ਬਿਆਨ ਨਹੀਂ ਦਿੱਤਾ ਪਰ ਦੂਜੇ ਪਾਸੇ ਅਮਰੀਕਾ, ਕੈਨੇਡਾ ਆਦਿ ਮੁਲਕਾਂ ਵਿਚ ਸਿੱਖਾਂ ਦੇ ਵਿਸਾਖੀ ਦੇ ਦਿਹਾੜੇ ਨੂੰ ਮਾਨਤਾ ਦੇ ਦਿੱਤੀ ਗਈ ਹੈ ਅਤੇ ਸਿੱਖ ਜਥੇਬੰਦੀਆਂ ਨੇ ਹੁਣ ਵਿਸਾਖੀ ਦੇ ਦਿਹਾੜੇ ਨੂੰ ਵਰਲਡ ਸਿੱਖ ਡੇਅ ਨਿਰਧਾਰਿਤ ਕਰਾਉਣ ਲਈ ਵੀ ਮੁਹਿੰਮ ਵਿੱਢ ਦਿੱਤੀ ਹੈ।



ਪੈਨਸਲਵੇਨੀਆ ਦੇ ਹੈਰਸ ਵਰਗ ਸ਼ਹਿਰ ਵਿਚ ਅਸੈਂਬਲੀ ਵਿਚ ਮਨਾਏ ਗਏ ਵਿਸਾਖੀ ਦੇ ਦਿਹਾੜੇ ਵਿਚ ਜਿੱਥੇ ਅਸੈਂਬਲੀ ਦੇ ਗਵਰਨਰ ਟੌਮ ਵੌਲਫ ਹਾਜ਼ਰ ਸਨ, ਉਥੇ ਹੀ ਸਟੇਟ ਅਸੈਂਬਲੀ ਦੇ ਪ੍ਰਤੀਨਿਧ ਨਿੱਕ ਮਿਕਰੈਲੀ, ਜੈਮਏ ਸਨਟੋਰਾ ਅਤੇ ਮਾਰਕੋ ਡੈਵਿਡਸਨ ਹਾਜ਼ਰ ਸਨ। ਪੈਨਸਲਵਨੀਆ ਦੀ ਅਸੈਂਬਲੀ ਵਿਚ ਵਿਸਾਖੀ ਦਾ ਦਿਹਾੜਾ ਮਨਾਉਣ ਲਈ ਸਿੱਖ ਕੋਆਡੀਨੇਸ਼ਨ ਕਮੇਟੀ ਦੇ ਖਜਾਨਚੀ ਕੇਵਲ ਸਿੰਘ, ਮੈਂਬਰ ਡਾ. ਬਖਸ਼ੀਸ਼ ਸਿੰਘ, ਭਗਤ ਸਿੰਘ ਪੈਨਸਲਵੇਨੀਆ, ਕੁਲਵੰਤ ਸਿੰਘ, ਤੇਜੀ, ਨਰਿੰਦਰ ਸਿੰਘ ਅਤੇ ਹੋਰ ਸਿੱਖ ਆਗੂ ਅਤੇ ਅਸੈਂਬਲੀ ਦੇ ਪ੍ਰਤੀਨਿਧ ਵੀ ਹਾਜ਼ਰ ਸਨ।

ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਦੱਸਿਆ ਕਿ ਸਾਡਾ ਅਗਲਾ ਟੀਚਾ ਹੈ ਕਿ ਅਸੀਂ ਵਿਸਾਖੀ ਦੇ ਦਿਹਾੜੇ ਨੂੰ 'ਵਰਲਡ ਸਿੱਖ ਡੇਅ' ਦੇ ਤੌਰ ਤੇ ਨਿਰਧਾਰਿ ਤ ਕਰਵਾ ਕੇ ਹੀ ਰਹਾਂਗੇ।

# ਸਮਾਜ ਸੇਵੀ ਸੰਸਥਾਵਾਂ ਨਾਲ ਜੁੜ ਕੇ ਸੇਵਾ ਤੇ ਕੰਮ ਕਰਨ ਦੀ ਹੋਰ ਪ੍ਰੇਰਣਾ ਮਿਲਦੀ ਹੈ- ਕੈਂਥ

## ਸਮਾਜ ਦੇ ਖੇਤਰ 'ਚ ਸਭਾ ਵਲੋਂ ਕੀਤੇ ਜਾ ਰਹੇ ਕਾਰਜਾਂ 'ਚ ਵੱਧ ਚੜ੍ਹ ਕੇ ਯੋਗਦਾਨ ਪਾਉਂਦੇ ਰਹਿਣਗੇ - ਕੁਲਾਰ ਅਮਰੀਕਾ

**ਫਗਵਾੜਾ (ਰੱਤੂ)–** ਸਮਾਜ ਸੇਵਾ ਦੇ ਖੇਤਰ 'ਚ ਵਡਮੁੱਲਾ ਯੋਗਦਾਨ ਪਾਉਂਦੀ ਆ ਰਹੀ ਸਮਾਜ ਸੇਵੀ ਸੰਸਥਾ ਸਰਬ ਨੌਜਵਾਨ ਸਭਾ (ਰਜਿ.) ਫਗਵਾੜਾ ਵਲੋਂ ਸਨਮਾਨ ਸਮਾਰੋਹ ਦਾ ਆਯੋਜਨ ਮੁੱਖ ਸਰਪ੍ਰਸਤ ਸੱਤਪਾਲ ਲਾਂਬਾ ਦੀ ਸਰਪ੍ਰਸਤੀ ਤੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਹੋਟਲ ਹੇਅਰ ਪੈਲੇਸ ਵਿਖੇ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਸ੍ਰੀ ਸੋਮ ਪ੍ਰਕਾਸ਼ ਕੈਂਥ ਨੇ ਸ਼ਿਰਕਤ ਕੀਤੀ, ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਐਡੀਸ਼ਨਲ ਐਸ.ਈ. ਪਾਵਰਕਾਮ ਸ੍ਰੀ ਪਵਨ ਕੁਮਾਰ ਬੀਸਲਾ ਤੇ ਬੀ.ਆਰ.ਕਟਾਰੀਆ ਯੂ.ਕੇ. ਸ਼ਾਮਿਲ ਹੋਏ। ਸਮਾਗਮ ਦੌਰਾਨ ਵਿਦੇਸ਼ੀ ਧਰਤੀ ਅਮਰੀਕਾ ਵਿਖੇ ਰਹਿ ਕੇ ਸਮਾਜ ਸੇਵਾ ਦੇ ਖੇਤਰ ਅਤੇ ਮਾਂ ਬੋਲੀ ਪੰਜਾਬੀ ਦੀ ਸੇਵਾ ਕਰਨ ਵਾਲੇ ਸਮਾਜ ਸੇਵਕ ਗੁਰਦਿਆਲ ਕੁਲਾਰ ਯੂ.ਐਸ.ਏ. ਨੂੰ ਸਭਾ ਦੇ ਕਾਰਜਾਂ 'ਚ ਅਹਿਮ ਯੋਗਦਾਨ ਪਾਉਣ 'ਤੇ ਦੋਸ਼ਾਲਾ ਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੋਮ ਪ੍ਰਕਾਸ਼ ਕੈਂਥ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਸਮਾਜ ਸੇਵਾ ਦੇ ਖੇਤਰ 'ਚ ਯੋਗਦਾਨ ਪਾਉਣ ਵਾਲੇ ਨੂੰ ਜਦੋਂ ਸਨਮਾਨ ਮਿਲਦਾ ਹੈ ਤਾਂ ਉਸ ਵਿੱਚ ਸਮਾਜ ਦੀ ਸੇਵਾ ਕਰਨ ਦਾ ਹੌਸਲਾ ਦੁੱਗਣਾ ਹੋ ਜਾਂਦਾ ਹੈ ਅਤੇ ਉਹ ਹੋਰ ਵੱਧ ਚੜ੍ਹ ਕੇ ਕੰਮ ਕਰਦਾ ਹੈ। ਕੈਂਥ ਨੇ ਕਿਹਾ ਕਿ ਜਿੱਥੇ ਸਭਾ ਵੱਧ ਚੜ੍ਹ ਕੇ ਸਮਾਜ ਦੇ ਦੱਬੇ ਕੁਚਲੇ ਲੋਕਾਂ ਦੀ ਬਾਂਹ ਫੜ੍ਹ ਕੇ ਸੇਵਾ ਕਰ ਰਹੀ ਹੈ, ਉੱਥੇ ਹੀ ਹੋਰਨਾਂ ਨੂੰ ਵੀ ਪ੍ਰੇਰਿਤ ਕਰਦੀ ਹੈ, ਜਿਸ ਕਰਕੇ ਐਨ.ਆਰ.ਆਈਜ਼ ਸਭਾ ਵਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ 'ਚ ਵੱਧ ਚੜ੍ਹ ਕੇ ਯੋਗਦਾਨ ਪਾ ਰਹੇ ਹਨ। ਇਸ ਮੌਕੇ ਸ੍ਰੀ ਕੈਂਥ ਨੇ ਕਿਹਾ ਕਿ ਲੋਕਾਂ



ਨੇ ਮੈਨੂੰ ਦੁਬਾਰਾ ਫਗਵਾੜੇ ਦੇ ਵਿਕਾਸ ਲਈ ਚੁਣਿਆ ਹੈ ਤੇ ਮੈਂ ਉਨ੍ਹਾਂ ਦੀ ਉਮੀਦਾਂ 'ਤੇ ਖ਼ਰਾ ਉੱਤਰਾਂਗਾ ਤੇ ਲੋਕਾਂ ਦੀ ਸੇਵਾ 'ਚ 24 ਘੰਟੇ ਹਾਜ਼ਰ ਰਹਾਂਗਾ। ਸ੍ਰੀ ਕੈਂਥ ਨੇ ਕਿਹਾ ਕਿ ਸਮਾਜ ਸੇਵੀ ਸੰਸਥਾਂਵਾਂ ਨਾਲ ਜੁੜ ਕੇ ਸੇਵਾ ਤੇ ਕੰਮ ਕਰਨ ਦੀ ਹੋਰ ਪ੍ਰੇਰਣਾ ਮਿਲਦੀ ਹੈ। ਇਸ ਮੌਕੇ ਗੁਰਦਿਆਲ ਕੁਲਾਰ ਨੇ ਆਪਣੇ ਸੰਬੋਧਨ 'ਚ ਸਭਾ ਦੀ ਸਮੁੱਚੀ ਟੀਮ ਦਾ ਉਨ੍ਹਾਂ ਨੂੰ ਸਨਮਾਨਿਤ ਕਰਨ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਸਭਾ ਨੇ ਮੈਨੂੰ ਸਨਮਾਨਿਤ ਕਰਕੇ ਮੇਰੀ ਜ਼ਿੰਮੇਵਾਰੀ ਨੂੰ ਹੋਰ ਵੀ ਵਧਾ ਦਿੱਤਾ ਹੈ। ਕੁਲਾਰ ਨੇ ਕਿਹਾ ਕਿ ਉਹ ਸਮਾਜ ਦੇ ਖੇਤਰ 'ਚ ਸਭਾ ਵਲੋਂ ਕੀਤੇ ਜਾ ਰਹੇ ਕਾਰਜਾਂ 'ਚ ਵੱਧ ਚੜ੍ਹ ਕੇ ਯੋਗਦਾਨ ਪਾਉਂਦੇ ਰਹਿਣਗੇ ਤਾਂ ਜੋ ਸਮਾਜ 'ਚ ਦੀਨ ਦੁਖ਼ੀਆਂ ਦੀ ਵੱਧ ਤੋਂ ਵੱਧ ਸੇਵਾ ਕੀਤੀ ਜਾ ਸਕੇ। ਇਸ ਮੌਕੇ ਪਵਨ ਕੁਮਾਰ ਬੀਸਲਾ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਸਰਬ ਨੌਜਵਾਨ ਸਭਾ ਸਮਾਜ ਸੇਵਾ ਦੇ ਖੇਤਰ 'ਚ ਦੂਸਰਿਆਂ ਲਈ ਪ੍ਰੇਰਣਾਸ੍ਰੋਤ ਬਣ ਕੇ ਸਾਹਮਣੇ ਆ ਰਹੀ ਹੈ। ਉਨ੍ਹਾਂ ਕਿਹਾ ਕਿ ਮੈਂ ਸਭਾ ਵਲੋਂ ਆਏ ਦਿਨ ਕੀਤੇ ਜਾ ਰਹੇ ਸਮਾਜ ਸੇਵਾ ਦੇ ਕੰਮਾਂ ਤੋਂ ਕਾਫੀ ਪ੍ਰਭਾਵਿਤ ਹਾਂ। ਇਸ ਮੌਕੇ ਪ੍ਰਧਾਨ ਸੁਖਵਿੰਦਰ ਸਿੰਘ ਵਲੋਂ ਤਿਆਰ ਕੀਤਾ ਕਰਮਬਾਣੀ ਮੀਡੀਆ ਗਰੁੱਪ ਵਲੋਂ ਵਿਸਾਖੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ "ਮੁਲਾਕਾਤ- 2017" ਮੈਗ਼ਜ਼ੀਨ ਵੀ ਰਿਲੀਜ਼ ਕੀਤਾ ਗਿਆ।

ਇਸ ਮੌਕੇ ਮੁੱਖ ਸਰਪ੍ਰਸਤ ਸੱਤਪਾਲ ਲਾਂਬਾ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮਾਜ ਸੇਵਾ ਦੀ ਲੜੀ ਨਿਰੰਤਰ ਜਾਰੀ ਰਹੇਗੀ। ਇਸ ਮੌਕੇ ਹੁਸਨ ਲਾਲ, ਬੀਬੀ ਸਰਬਜੀਤ ਕੌਰ,ਰਾਜ ਕੁਮਾਰ ਗੁਪਤਾ, ਬਲਜਿੰਦਰ ਸਿੰਘ ਠੇਕੇਦਾਰ ਸਾਰੇ ਕੌਂਸਲਰ, ਬਲਭੱਦਰ ਸੈਨ ਦੁੱਗਲ ਸਾਬਕਾ ਪ੍ਰਧਾਨ ਨਗਰ ਕੌਂਸਲ, ਬਿਕਰਮਜੀਤ ਵਾਲੀਆ, ਸਮਾਜ ਸੇਵਕ ਰਜਿੰਦਰ ਘੇੜਾ,ਸੱਤਪਾਲ ਚੱਕਪ੍ਰੇਮਾ, ਗੁਰਮੀਤ ਪਲਾਹੀ, ਰਣਜੀਤ ਸ਼ਰਮਾ,ਰਮੇਸ਼ ਅਰੋੜਾ,ਨਿਰੰਜਣ ਸਿੰਘ ਬਿਲਖੂ, ਪਰਸ ਰਾਮ ਸ਼ਿਵਪੁਰੀ, ਰਣਜੀਤ ਮੱਲ੍ਹਣ,ਹਰਵਿੰਦਰ ਸੈਣੀ, ਅਨੂਪ ਦੁੱਗਲ, ਤੇਜਵਿੰਦਰ ਸਿੰਘ ਪ੍ਰਧਾਨ ਸੁਰਜੀਤ ਸਪੋਰਟਸ ਕਲੱਬ ਬਸੰਤ ਨਗਰ, ਸੰਦੀਪ ਦੀਪਾ, ਕਵੀ ਰਵਿੰਦਰ ਚੋਟ, ਬਲਦੀਪ ਸਿੰਘ ਸਹੋਤਾ, ਹਰਜੀਤ ਰਾਮਗੜ੍ਹ,ਕੁਲਵੀਰ ਬਾਵਾ, ਉਂਕਾਰ ਰਾਮਗੜ੍ਹੀਆ, ਪ੍ਰਮੋਦ ਮਿਸ਼ਰਾ ਭਾਜਪਾ ਆਗੂ, ਆਰ.ਪੀ. ਸ਼ਰਮਾ,ਪੰਜਾਬੀ ਗਾਇਕ ਮਨਮੀਤ ਮੇਵੀ, ਡਾ. ਨਰੇਸ਼ ਬਿੱਟੂ, ਡਾ. ਵਿਜੇ ਕੁਮਾਰ, ਮਾ. ਹਰਜਿੰਦਰ ਗੋਗਨਾ, ਸੁਰਜੀਤ ਸਿੰਘ, ਬੀ.ਕੇ. ਰੱਤੂ, ਕਰਮਜੀਤ ਸਿੰਘ, ਦਮਨਜੀਤ ਸਿੰਘ, ਚਰਨਪ੍ਰੀਤ ਸਿੰਘ, ਬੇਅੰਤ ਸਿੰਘ, ਮਾ. ਪ੍ਰਵੇਸ਼ ਕੁਮਾਰ ਸੂਦ ਆਦਿ ਹਾਜ਼ਰ ਸਨ। ਇਸ ਮੌਕੇ ਮੰਚ ਸੰਚਾਲਕ ਦੀ ਭੂਮਿਕਾ ਮਾ. ਹਰਜਿੰਦਰ ਗੋਗਨਾ ਨੇ ਬਾਖ਼ੂਬੀ ਨਿਭਾਈ।

# ਕਸ਼ਮੀਰ ਵਿੱਚ ਪ੍ਰਦਰਸ਼ਨਾਂ ਦੌਰਾਨ ਮਹਿਬੂਬਾ ਵੱਲੋਂ ਸੁਰੱਖਿਆ ਬਾਰੇ ਚਰਚਾ

**ਸ੍ਰੀਨਗਰ–** ਕਸ਼ਮੀਰ ਵਿੱਚ ਵਿਦਿਆਰਥੀ ਪ੍ਰਦਰਸ਼ਨਾਂ ਵਿੱਚ ਲਗਾਤਾਰ ਹੋ ਰਹੇ ਵਾਧੇ ਦੌਰਾਨ



ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਅੱਜ ਵਾਦੀ ਦੇ ਸੁਰੱਖਿਆ ਹਾਲਾਤ ਬਾਰੇ ਫੌਜ, ਪੁਲੀਸ ਤੇ ਹੋਰ ਏਜੰਸੀਆਂ ਦੇ ਉੱਚ ਅਧਿਕਾਰੀਆਂ ਨਾਲ ਚਰਚਾ ਕੀਤੀ। ਅਧਿਕਾਰੀਆਂ ਨੇ ਕਿਹਾ ਕਿ ਮੁੱਖ ਮੰਤਰੀ ਨੇ ਵੱਖ ਵੱਖ ਏਜੰਸੀਆਂ ਉਤੇ ਆਧਾਰਤ ਸੰਸਥਾ 'ਯੂਨੀਫਾਈਡ ਹੈਡਕੁਆਰਟਰਜ਼' ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਮੁੱਖ ਮੰਤਰੀ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਨਾਲ ਦਿੱਲੀ ਵਿੱਚ ਮੁਲਾਕਾਤ ਤੋਂ ਇਕ ਦਿਨ ਬਾਅਦ ਹੋਈ ਇਸ ਮੀਟਿੰਗ ਵਿੱਚ ਪ੍ਰਸ਼ਾਸਨ, ਅਰਧ ਸੈਨਿਕ ਬਲਾਂ ਤੇ ਖ਼ੁਫ਼ੀਆ ਏਜੰਸੀਆਂ ਦੇ ਅਧਿਕਾਰੀ ਸ਼ਾਮਲ ਹੋਏ। ਇਸ ਦੌਰਾਨ ਰਾਜ ਵਿੱਚ ਮੌਜੂਦਾ ਸਥਿਤੀ ਬਾਰੇ ਚਰਚਾ ਹੋਈ।

ਸ੍ਰੀਨਗਰ ਲੋਕ ਸਭਾ ਹਲਕੇ ਦੀ 9 ਅਪਰੈਲ ਨੂੰ ਹੋਈ ਜ਼ਿਮਨੀ ਚੋਣ ਮਗਰੋਂ ਵਾਦੀ ਵਿੱਚ ਹਿੰਸਾ ਦਾ ਦੌਰ ਸਿਖ਼ਰ ਉਤੇ ਹੈ। ਸੁਰੱਖਿਆ ਦਸਤਿਆਂ ਉਤੇ ਕਾਫ਼ੀ ਦਬਾਅ ਹੈ ਕਿਉਂਕਿ ਉਨ੍ਹਾਂ ਨੂੰ ਰੋਜ਼ਾਨਾ ਪ੍ਰਦਰਸ਼ਨਾਂ ਤੇ ਪਥਰਾਅ ਦੀਆਂ ਘਟਨਾਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਹਿਬੂਬਾ ਮੁਫ਼ਤੀ ਨੇ ਕੱਲ੍ਹ ਕਿਹਾ ਸੀ ਕਿ ਪ੍ਰਧਾਨ ਮੰਤਰੀ ਗੱਲਬਾਤ ਲਈ ਰਾਜ਼ੀ ਹਨ ਪਰ ਇਸ ਲਈ ਸਹੀ ਮਾਹੌਲ ਤਿਆਰ ਕਰਨ ਦੀ ਲੋੜ ਹੈ ਕਿਉਂਕਿ ਪਥਰਾਅ ਤੇ ਗੋਲੀਬਾਰੀ ਦਰਮਿਆਨ ਗੱਲਬਾਤ ਨਹੀਂ ਹੋ ਸਕਦੀ।

# ਫਰਿਜ਼ਨੋ ਵਿਖੇ ਕਾਂਗਰਸ ਪਾਰਟੀ ਦੀ ਜਿੱਤ ਵਜੋ ਸਹਿਯੋਗ ਲਈ ਕੀਤੀ ਵਿਸ਼ੇਸ਼ ਧੰਨਵਾਦ ਪਾਰਟੀ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਫਰਿਜ਼ਨੋ ਵਿਖੇ ਇੰਡੀਅਨ ਉਵਰਸੀਅ ਕਾਂਗਰਸ ਸ਼ੈਂਟਰਲ ਕੈਲੀਫੋਰਨੀਆਂ, ਫਰਿਜ਼ਨੋ ਇਕਾਈ ਵੱਲੋਂ ਸਮੂੰਹ ਪਾਰਟੀ ਸਮਰਥਕਾਂ ਨੂੰ ਕੈਪਟਨ ਅਮਰਿੰਦਰ



ਸਿੰਘ ਦੀ ਜਿੱਤ ਅਤੇ ਕਾਂਗਰਸ ਦੀ ਸਰਕਾਰ ਬਣਨ ਦੀ ਖ਼ੁਸ਼ੀ ਵਿੱਚ ਵਿਸ਼ੇਸ਼ ਪਾਰਟੀ ਦਿੱਤੀ ਗਈ। ਜਿਸ ਦੌਰਾਨ ਹਾਜ਼ਰੀਨ ਨੂੰ ਜੀ ਆਇਆ ਕਹਿੰਦੇ ਹੋਏ ਚਰਨ ਸਿੰਘ ਗੁਰਮ ਨੇ ਪੰਜਾਬ ਅੰਦਰ ਮੌਜੂਦਾ ਮਹੌਲ ਦੀ ਗੱਲ ਕੀਤੀ। ਇਸ ਉਪਰੰਤ ਜਸਦੀਪ ਸਿੰਘ ਵੜੈਚ ਨੇ ਵਿਚਾਰਾ ਦੀ ਸਾਂਝ ਪਾਈ। ਸਥਾਨਕ ਕਾਂਗਰਸ ਇਕਾਈ ਦੇ ਮੁੱਖ ਆਗੂ ਅਤੇ ਸਮਾਜਿਕ ਗਤੀਵਿਧੀਆਂ ਵਿੱਚ ਹਮੇਸਾ ਹਿੱਸਾ ਲੈਣ ਵਾਲੇ ਮੁੱਖ ਆਗੂ ਪਾਲ ਸਿੰਘ ਸਹੋਤਾ ਨੇ ਸਭ ਸਹਿਯੋਗੀਆਂ ਦਾ ਵੋਟਾਂ ਤੋਂ ਬਾਅਦ ਇਸ ਵਿਸ਼ੇਸ਼ ਪਾਰਟੀ ਵਿੱਚ ਪਹੁੰਚਣ 'ਤੇ ਧੰਨਵਾਦ ਕੀਤਾ ਅਤੇ ਕੈਪਟਨ ਦੁਆਰਾ 'ਐਨ ਆਰ ਆਈ' (NRI`s) ਲਈ ਕੀਤੇ ਜਾਣ ਵਾਲੇ ਕੰਮਾਂ ਦੀ ਗੱਲ ਕੀਤੀ। ਇਸ ਸਮੇਂ ਪੰਜਾਬ ਅੰਦਰ ਕਿਸ਼ਾਨਾ ਦੀਆਂ ਫਸ਼ਲਾਂ ਦੀ ਤਰਾਸਦੀ ਬਾਰੇ ਗੱਲ ਕਰਦੇ ਹੋਏ ਮੰਗਲ ਸਿੰਘ ਸਰਪੰਚ ਨੇ ਗੀਤ ਵੀ ਗਾਏ ਅਤੇ ਆਰਥਿਕ ਮਦਦ ਭੇਜਣ ਲਈ ਰਿਹਾ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਪੰਜਾਬ ਦੇ ਹਾਮੀ ਅਤੇ ਕਾਂਗਰਸ ਦੇ ਸਮਰਥਕਾਂ ਨੇ ਵਿਚਾਰਾ ਦੀ ਸਾਂਝ ਪਾਈ। ਇਸ ਵਿਸ਼ੇਸ਼ ਸਮਾਗਮ ਵਿੱਚ ਸਮੁੱਚੇ ਕੈਲੀਫੋਰਨੀਆਂ ਤੋਂ ਸਹਿਯੋਗੀਆਂ ਨੇ ਹਾਜ਼ਰੀ ਭਰੀ। ਯਾਦ ਰਹੇ ਕਿ ਇਕ ਸਾਲ ਪਹਿਲਾ ਕੈਪਟਨ ਸਾਹਿਬ ਇਸੇ ਸ਼ਹਿਰ ਵਿਖੇ ਇੱਕ ਵੱਡੀ ਰੈਲੀ ਨੂੰ ਸੰਬੋਧਨ ਕਰਦੇ ਹੋਏ ਕੁੱਝ ਵਾਅਦੇ ਕਰ ਗਏ ਸਨ। ਜਿੰਨ੍ਹਾਂ ਨੂੰ ਪੂਰਾ ਕਰਨ ਲਈ ਅਗਾਹਵਧੂ ਵਿਚਾਰਾ ਵੀ ਹੋਈਆ। ਇਸ ਸ਼ਾਨਦਾਰ ਪਾਰਟੀ ਦਾ ਅੰਤ ਰਾਤਰੀ ਦੇ ਸੁਆਦਿਸ਼ਟ ਖਾਣੇ ਦੀ ਦਾਅਵਤ ਨਾਲ ਹੋਇਆ।

### ਲੇਖਕਾਂ/ਪੱਤਰਕਾਰ ਵੀਰਾਂ ਨੂੰ ਬੇਨਤੀ

'ਦੇਸ਼ ਦੁਆਬਾ' ਵਿਚ ਆਪਣੀਆਂ ਰਚਨਾਵਾਂ ਅਤੇ ਖਬਰਾਂ ਭੇਜਣ ਵਾਲੇ ਲੇਖਕ ਅਤੇ ਪੱਤਰਕਾਰ ਭਰਾ ਆਪਣੀ ਲਿਖਤ ਸਾਨੂੰ ਸਿਰਫ ਈ-ਮੇਲ ਰਾਹੀਂ ਹੀ ਭੇਜਣ।
ਸਾਡਾ ਈ-ਮੇਲ
Deshdoaba@yahoo.com

ਜੇਕਰ ਕੋਈ ਰਚਨਾ ਛਪਣ ਤੋਂ ਰਹਿ ਜਾਂਦੀ ਹੈ ਤਾਂ ਸਾਨੂੰ ਯਾਦ ਕਰਵਾਇਆ ਜਾਵੇ ਤਾਂ ਜੋ ਅਗਲੇ ਅੰਕ ਵਿਚ ਅਸੀਂ ਉਸ ਰਚਨਾ ਨੂੰ ਪ੍ਰਕਾਸ਼ਿਤ ਕਰ ਸਕੀਏ। ਕਈ ਵਾਰ ਜਗ੍ਹਾ ਦੀ ਘਾਟ ਜਾਂ ਸਮੇਂ ਸਿਰ ਨਾ ਮਿਲਣ ਜਾਂ ਫਿਰ ਹੋਰ ਕਾਰਨਾਂ ਕਰਕੇ ਵੀ ਕੋਈ ਰਚਨਾ ਨਹੀਂ ਛਪਦੀ ਤਾਂ ਉਹ ਰਚਨਾ ਅਸੀਂ ਅਗਲੇਰੇ ਅੰਕਾਂ ਵਿਚ ਛਾਪਣ ਦੀ ਪੂਰੀ ਕੋਸ਼ਿਸ਼ ਕਰਾਂਗੇ।

-ਸੰਪਾਦਕ


**Matrimonial**

Looking for a well-educated boy green card or us citizen for a beautiful 24 years family oriented Ad-Dharmi girl 5fts 4 inches tall Bachelor of Arts international relations & Chinese from U C Davis. U S Citizen working for a good company serious interested may contact at 1-916-968-3094

**ਵਰ ਦੀ ਲੋੜ**

ਆਦਿਧਰਮੀ 28 ਸਾਲਾ ਅਮਰੀਕਨ ਗਰੀਨ ਕਾਰਡ ਹੋਲਡਰ ਲੜਕੀ ਲਈ ਲੜਕੇ ਦੀ ਜ਼ਰੂਰਤ ਹੈ। ਅਮਰੀਕਾ ਸਿਟੀਜਨ 35 ਸਾਲ ਵਿਧਵਾ ਲੜਕੀ ਲਈ ਲੜਕੇ ਦੀ ਜ਼ਰੂਰਤ ਹੈ। ਕਿਰਪਾ ਕਰਕੇ ਉਹ ਹੀ ਸੰਪਰਕ ਕਰਨ ਜੋ ਅਮਰੀਕਾ ਰਹਿੰਦੇ ਭਰਾ 30 ਸਾਲ ਨੂੰ ਸਿਟੀਜਨ ਲੜਕੀ ਦਾ ਰਿਸ਼ਤਾ ਕਰਵਾ ਸਕਣ। ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ।
469-954-6343 ਜਾਂ 469-954-6359

Looking for a well-educated, beautiful, professionally qualified and family oriented girl for a very handsome tall 5fts, 10 inches August 1985 boy belonging to a S.C. respectable family USA CITIZEN, MASTER OF SCIENCE IN AEROSPACE working as civil engineer at a USA Airforce. Serious interested may contact on phone NO. 1-209-817-5127 WITH LATEST PHOTO AND BIODATA.

# ਦੇਸ਼ ਦੇ ਧਰਮ ਨਿਰਪੱਖ ਖਾਸੇ ਦੀ ਰਾਖੀ ਲਈ ਸੰਘਰਸ਼ ਹੀ ਇੱਕੋ-ਇੱਕ ਰਾਹ : ਅਪੂਰਵਾਨੰਦ

**ਜਲੰਧਰ–** ਭਗਵੇਂਕਰਨ ਦੇ ਤਿੱਖੇ ਹਮਲੇ ਦੇ ਨਾਲ–ਨਾਲ ਚੱਲ ਰਹੇ ਅੰਧ ਰਾਸ਼ਟਰਵਾਦ ਦੇ ਦੌਰ ਵਿਚ ਹਾਲਾਤ ਜਿੱਥੇ ਪਹੁੰਚ ਗਏ ਹਨ, ਉੱਥੇ ਘਟ ਗਿਣਤੀਆਂ ਨੂੰ ਆਪਣੀ ਸ਼ਨਾਖਤ ਕਾਇਮ ਰੱਖਣ ਤੇ ਆਪਣੇ ਬੁਨਿਆਦੀ ਹੱਕਾਂ ਦੀ ਰਾਖੀ ਲਈ ਆਪਣੀ ਗੱਲ ਖੁਦ ਕਰਨ ਦੀ ਹਿੰਮਤ ਜੁਟਾਉਣੀ ਪਵੇਗੀ ਅਤੇ ਖੱਬੀਆਂ ਤੇ ਜਮਹੂਰੀ ਸ਼ਕਤੀਆਂ ਨੂੰ ਵੀ ਇਸ ਇਤਿਹਾਸਕ ਲੋੜਵੰਦੀ ਨੂੰ ਉਜਾਗਰ ਕਰਨ ਵਾਸਤੇ ਇਕਮੁੱਠ ਹੋ ਕੇ ਬੱਝਵੇਂ ਉਪਰਾਲੇ ਕਰਨੇ ਪੈਣਗੇ, ਜੇ ਅਜਿਹਾ ਨਾ ਹੋਇਆ ਤਾਂ ਦੇਸ਼ ਦਾ ਧਰਮ ਨਿਰਪੱਖ ਚਿਹਰਾ–ਮੋਹਰਾ ਬੁਰੀ ਤਰ੍ਹਾ ਵਿਗੜ ਜਾਵੇਗਾ। ਇਹ ਗੱਲ ਦੇਸ਼ ਭਗਤ ਯਾਦਗਾਰ ਕੰਪਲੈਕਸ 'ਚ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਵੱਲੋਂ ਮਹਾਨ ਕ੍ਰਾਂਤੀਕਾਰੀ ਵੀ.ਆਈ. ਲੈਨਿਨ ਦੇ ਜਨਮ ਦਿਨ ਮੌਕੇ 'ਧਰਮ ਨਿਰਪੱਖਤਾ, ਜਮਹੂਰੀਅਤ ਤੇ ਹਕੀਕੀ ਰਾਸ਼ਟਰਵਾਦ ਦੀ ਰਾਖੀ' ਦੇ ਅਨੁਵਾਨ ਹੇਠ ਕਰਵਾਏ ਗਏ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਦਿੱਲੀ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਦੇ ਪ੍ਰੋ: ਡਾ. ਅਪੂਰਵਾਨੰਦ ਝਾਅ ਨੇ ਕਹੀ।

ਆਰ.ਐਮ.ਪੀ.ਆਈ. ਦੇ ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਹਰਕੰਵਲ ਸਿੰਘ, ਸੂਬਾ ਸਕੱਤਰੇਤ ਦੇ ਮੈਂਬਰ ਸਾਥੀ ਕੁਲਵੰਤ ਸਿੰਘ ਸੰਧੂ ਅਤੇ ਡਾ. ਕਰਮਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਏ ਇਸ ਸੈਮੀਨਾਰ 'ਚ ਸਭ ਤੋਂ ਪਹਿਲਾਂ ਕਾਮਰੇਡ ਹਰਕੰਵਲ ਸਿੰਘ ਨੇ ਇਸ ਸੈਮੀਨਾਰ ਦੇ ਮਕਸਦ ਅਤੇ ਡਾ. ਅਪੂਰਵਾਨੰਦ ਝਾਅ ਬਾਰੇ ਜਾਣ–ਪਛਾਣ ਕਰਵਾਈ।

ਡਾ. ਝਾਅ ਨੇ ਕਿਹਾ ਕਿ ਸਾਡੇ ਦੇਸ਼ ਦੇ ਸੰਵਿਧਾਨ ਘਾੜਿਆਂ ਨੇ ਸੰਵਿਧਾਨ ਵਿਚ ਇਸ ਗੱਲ ਦਾ ਖਾਸ ਇੰਤਜ਼ਾਮ ਕੀਤਾ ਸੀ ਕਿ ਘੱਟ ਗਿਣਤੀ ਭਾਈਚਾਰੇ, ਭਾਵੇਂ ਉਹ ਧਾਰਮਿਕ ਹੋਵੇ ਜਾਂ ਭਾਸ਼ਾਈ, ਦੀ ਗਿਣਤੀ ਚਾਹੇ ਕਿੰਨੀ ਵੀ ਘੱਟ ਕਿਉਂ ਨਾ ਹੋਵੇ, ਉਹ ਖੁਦ ਨੂੰ ਕਿਸੇ ਦਬਾਅ ਹੇਠ ਮਹਿਸੂਸ ਨਾ ਕਰੇ, ਉਸ ਨੂੰ ਬਰਾਬਰੀ ਦੇ ਹੱਕ ਹੋਣ, ਉਹ ਆਪਣੇ ਰੀਤੀ–ਰਿਵਾਜ਼ਾਂ, ਰਹਿਣ–ਸਹਿਣ ਦੇ ਢੰਗ ਤਰੀਕਿਆਂ ਦੀ ਹਿਫਾਜ਼ਤ ਕਰ ਸਕਣ, ਪਰ ਇਹ ਗੱਲ ਬੜੇ ਦੁੱਖ ਨਾਲ ਕਹਿਣੀ ਪੈ ਰਹੀ ਹੈ ਕਿ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਦੇਸ਼ ਅੰਦਰ ਅਜਿਹੇ ਹਾਲਾਤ ਪੈਦਾ ਕਰ ਦਿੱਤੇ ਗਏ ਹਨ ਕਿ ਸੰਵਿਧਾਨ ਦੀਆਂ ਇਨ੍ਹਾਂ ਕਦਰਾਂ–ਕੀਮਤਾਂ ਦੀ ਹਿਫਾਜ਼ਤ ਦੀ ਗੱਲ ਪੂਰੀ ਸ਼ਿੱਦਤ ਨਾਲ ਮੁੜ ਤੋਂ ਕਰਨ ਦੀ ਸਖ਼ਤ ਜ਼ਰੂਰਤ ਆਣ ਖੜੀ ਹੋਈ ਹੈ।

ਉਨ੍ਹਾ ਕਿਹਾ ਕਿ ਇਨ੍ਹਾਂ ਕਦਰਾਂ–ਕੀਮਤਾਂ ਦੀ ਰਾਖੀ ਲਈ ਸੰਵਿਧਾਨ 'ਚ ਵਿਧਾਨ ਪਾਲਿਕਾ, ਕਾਰਜ ਪਾਲਿਕਾ ਤੇ ਨਿਆ ਪਾਲਿਕਾ ਦੀ ਬਰਾਬਰ ਦੀ ਜ਼ਿੰਮੇਵਾਰੀ ਤੈਅ ਕੀਤੀ ਗਈ ਹੈ, ਪਰ ਅਜਿਹਾ ਹੋ ਨਹੀਂ ਰਿਹਾ। ਇਨ੍ਹਾਂ ਕਦਰਾਂ–ਕੀਮਤਾਂ ਨੂੰ ਖੁੱਲ੍ਹੇਆਮ ਚੁਣੌਤੀ ਦਿੱਤੀ ਜਾ ਰਹੀ ਹੈ। ਇਹ ਚੁਣੌਤੀ ਦੋ ਤਰ੍ਹਾਂ ਨਾਲ ਹੈ। ਇਕ ਤਾਂ ਰਾਜਨੀਤਕ ਤੌਰ 'ਤੇ ਘੱਟ ਗਿਣਤੀਆਂ, ਖਾਸਕਰ ਮੁਸਲਿਮ ਭਾਈਚਾਰੇ ਨੂੰ ਇਹ ਮਹਿਸੂਸ ਕਰਵਾਇਆ ਜਾ ਰਿਹਾ ਹੈ ਕਿ ਉਨ੍ਹਾਂ ਦੀ ਹੁਣ ਇਸ ਦੇਸ਼ ਵਿਚ ਕੋਈ ਭੂਮਿਕਾ ਨਹੀਂ ਹੈ। ਸੰਸਦ ਚੋਣਾਂ 'ਚ ਤੇ ਬਾਅਦ ਵਿਚ ਯੂ.ਪੀ. ਦੀਆਂ ਚੋਣਾਂ ਵਿਚ ਇਹ ਗੱਲ ਸਪੱਸ਼ਟ ਰੂਪ 'ਚ ਸਾਹਮਣੇ ਆ ਗਈ ਹੈ ਕਿ ਘੱਟ ਗਿਣਤੀਆਂ ਦੀ ਆਬਾਦੀ ਕਿੰਨੀ ਵੀ ਕਿਉਂ ਨਾ ਹੋਵੇ, ਉਨ੍ਹਾਂ ਨੂੰ ਆਪਣੀ ਗੱਲ ਆਜ਼ਾਦੀ ਨਾਲ ਕਹਿਣ ਦੀ ਕੋਈ ਆਜ਼ਾਦੀ ਨਹੀਂ ਹੈ। ਉਨ੍ਹਾਂ ਨੂੰ ਇਹ ਸੰਦੇਸ਼ ਦੇ ਦਿੱਤਾ ਗਿਆ ਹੈ ਕਿ ਹੁਣ ਉਨ੍ਹਾਂ ਦਾ ਖਿਆਲ ਨਹੀਂ ਰੱਖਿਆ ਜਾਵੇਗਾ।

ਉਨ੍ਹਾਂ ਨੂੰ ਖੁੱਲ੍ਹੇਆਮ ਬੇਇੱਜ਼ਤ ਕੀਤਾ ਜਾ ਰਿਹਾ ਹੈ ਤੇ ਇਹ ਗੱਲ ਮਹਿਸੂਸ ਕਰਵਾਈ ਜਾ ਰਹੀ ਹੈ ਕਿ ਤੁਹਾਡੀਆਂ ਔਰਤਾਂ ਨੂੰ ਆਜ਼ਾਦੀ ਨਹੀਂ ਹੈ ਤੇ ਇਹ ਆਜ਼ਾਦੀ ਅਸੀਂ ਦੇਵਾਂਗੇ। ਡਾ. ਝਾਅ ਨੇ ਕਿਹਾ ਕਿ ਇਹ ਵੀ ਬੇਇੱਜ਼ਤ ਕਰਨ ਦਾ ਇਕ ਢੰਗ ਤਰੀਕਾ ਹੀ ਹੈ। ਦੂਸਰਾ ਤਰੀਕਾ ਹੈ ਗਊ ਰੱਖਿਆ ਦੇ ਨਾਂਅ 'ਤੇ ਜ਼ੁਲਮ ਦਾ।

ਉਨ੍ਹਾ ਕਿਹਾ ਕਿ ਜਿਸ ਤਰ੍ਹਾਂ ਪਾਕਿਸਤਾਨ 'ਚ ਈਸ਼ਨਿੰਦਾ ਦੇ ਕਾਨੂੰਨ ਹੇਠ ਬਿਨਾਂ ਕਿਸੇ ਸੁਣਵਾਈ ਦੇ ਸਖ਼ਤ ਤੋਂ ਸਖ਼ਤ ਸਜ਼ਾ ਬੜੀ ਤੇਜ਼ੀ ਨਾਲ ਦਿੱਤੀ ਜਾਂਦੀ ਹੈ, ਉਸੇ ਤਰ੍ਹਾਂ ਸਾਡੇ ਦੇਸ਼ ਵਿਚ ਵੀ ਗਊ ਰੱਖਿਆ ਦੇ ਨਾਂਅ 'ਤੇ ਸਿਰਫ਼ ਇਹ ਕਹਿ ਦੇਣਾ ਹੀ ਕਾਫੀ ਹੈ ਕਿ ਸੰਬੰਧਤ ਵਿਅਕਤੀ ਨੇ ਗਊ ਦੀ ਹੱਤਿਆ ਕੀਤੀ ਹੈ ਜਾਂ ਉਸ ਨੇ ਗਊ ਦਾ ਮਾਸ ਖਾਧਾ ਹੈ। ਕਮਾਲ ਦੀ ਗੱਲ ਇਹ ਹੈ ਕਿ ਪੁਲਸ ਵੀ ਮੂਕ ਦਰਸ਼ਕ ਬਣ ਕੇ ਦੇਖਦੀ ਰਹਿੰਦੀ ਹੈ। ਉਹ ਕਾਨੂੰਨ ਨੂੰ ਆਪਣੇ ਹੱਥ ਵਿਚ ਲੈਣ ਵਾਲਿਆਂ 'ਤੇ ਕਾਰਵਾਈ ਕਰਨ ਦੀ ਥਾਂ ਪੀੜਤ ਧਿਰ ਨੂੰ ਹੀ ਇਹੋ ਆਖਦੀ ਹੈ ਕਿ ਉਹ ਇਸ ਗੱਲ ਨੂੰ ਸਿੱਧ ਕਰੇ ਕਿ ਉਸਨੇ ਗਊ ਹੱਤਿਆ ਨਹੀਂ ਕੀਤੀ।



ਡਾ. ਝਾਅ ਨੇ ਕਿਹਾ ਕਿ ਸੰਘ ਦੀ ਅਗਵਾਈ ਹੇਠ ਚੱਲ ਰਹੀ ਅੰਧ ਰਾਸ਼ਟਰਵਾਦ ਦੀ ਇਸ ਹਨੇਰੀ 'ਚ ਹਾਲਾਤ ਇਥੋਂ ਤੱਕ ਪਹੁੰਚ ਗਏ ਹਨ ਕਿ ਮੁਸਲਮਾਨ ਭਾਈਚਾਰੇ ਨਾਲ ਖੜੇ ਹੋਣ ਦੀ ਕਿਸੇ ਵੀ ਪਾਰਟੀ 'ਚ ਹਿੰਮਤ ਨਹੀਂ ਹੈ। ਹਰ ਬੁਰਜਵਾ ਪਾਰਟੀ ਨੂੰ ਇਹੋ ਡਰ ਰਹਿੰਦਾ ਹੈ ਕਿ ਜੇ ਮੁਸਲਮਾਨਾਂ ਦੀ ਗੱਲ ਕੀਤੀ ਤਾਂ ਸਾਡੀਆਂ ਵੋਟਾਂ ਨੂੰ ਖੋਰਾ ਨਾ ਲੱਗ ਜਾਵੇ। ਉਨ੍ਹਾ ਇਹ ਗੱਲ ਖਾਸ ਤੌਰ 'ਤੇ ਨੋਟ ਕਰਵਾਈ ਕਿ ਅੰਧ ਰਾਸ਼ਟਰਵਾਦ ਦੇ ਇਸ ਦੌਰ ਵਿਚ ਹੋਰ ਘੱਟ ਗਿਣਤੀਆਂ; ਸਿੱਖ, ਬੁੱਧ, ਜੈਨ ਤੇ ਇਸਾਈ ਵੀ ਮੁਸਲਮਾਨਾਂ ਨਾਲ ਖੜੇ ਹੋਣ ਦੀ ਥਾਂ ਹਿੰਦੂ ਕੱਟੜਪੰਥੀਆਂ ਨਾਲ ਖੜੇ ਹੋਣ ਨੂੰ ਤਰਜੀਹ ਦਿੰਦੇ ਹਨ। ਉਨ੍ਹਾ ਕਿਹਾ ਕਿ ਸਿੱਖਾਂ ਦੇ ਮਾਮਲੇ ਵਿਚ ਇਹ ਗੱਲ ਹੋਰ ਵੀ ਤਕਲੀਫ਼ਦੇਹ ਹੈ, ਕਿਉਂਕਿ ਉਹ ਖੁਦ 1984 'ਚ ਇਸੇ ਤਰ੍ਹਾਂ ਦੇ ਜਬਰ ਦਾ ਸਾਹਮਣਾ ਕਰ ਚੁੱਕੇ ਹਨ। ਉਨ੍ਹਾ ਇਥੇ ਫਿਰ ਵਿਸ਼ੇਸ਼ ਤੌਰ 'ਤੇ ਜ਼ੋਰ ਦਿੱਤਾ ਕਿ 1984 'ਚ ਸਿੱਖ ਵਿਰੋਧੀ ਦੰਗਿਆਂ 'ਚ ਕੇਵਲ ਕਾਂਗਰਸ ਦੇ ਵਰਕਰ ਹੀ ਸ਼ਾਮਲ ਨਹੀਂ ਸਨ, ਉਨ੍ਹਾਂ 'ਚ ਆਰ.ਐਸ.ਐਸ. ਦੇ ਵਰਕਰ ਵੀ ਸਨ। ਡਾ. ਅਪੂਰਵਾਨੰਦ ਨੇ ਕਿਹਾ ਕਿ ਇਹ ਮੌਕਾ ਹੈ ਕਿ ਆਪਣੇ ਰਾਸ਼ਟਰੀ ਅੰਦੋਲਨ ਦੇ ਆਗੂਆਂ ਵੱਲੋਂ ਮਿੱਥੀਆਂ ਗਈਆਂ ਕਦਰਾਂ–ਕੀਮਤਾਂ ਨੂੰ ਮੁੜ ਤੋਂ ਯਾਦ ਕਰੀਏ ਅਤੇ ਦੇਸ਼ ਦੇ ਧਰਮ ਨਿਰਪੱਖ ਖਾਸੇ ਦੀ ਰਾਖੀ ਲਈ ਇਕਮੁੱਠ ਹੋ ਕੇ ਸਾਹਮਣੇ ਆਈਏ। ਘੱਟ ਗਿਣਤੀਆਂ, ਇਸ ਮੌਕੇ ਖਾਸਕਰ ਮੁਸਲਮ ਭਾਈਚਾਰੇ ਨੂੰ ਆਪਣੀ ਸ਼ਨਾਖਤ ਕਾਇਮ ਰੱਖਣ ਤੇ ਆਪਣੇ ਬੁਨਿਆਦੀ ਹੱਕਾਂ ਦੀ ਰਾਖੀ ਲਈ ਖੁਦ ਗੱਲ ਕਰਨ ਦੀ ਹਿੰਮਤ ਜੁਟਾਉਣੀ ਹੋਵੇਗੀ ਅਤੇ ਖੱਬੀਆਂ ਤੇ ਜਮਹੂਰੀ ਸ਼ਕਤੀਆਂ ਨੂੰ ਵੀ ਇਸ ਇਤਿਹਾਸਕ ਲੋੜਵੰਦੀ ਨੂੰ ਉਜਾਗਰ ਕਰਨ ਵਾਸਤੇ ਇਕਮੁੱਠ ਹੋ ਕੇ ਬੱਝਵੇਂ ਉਪਰਾਲੇ ਕਰਨੇ ਪੈਣਗੇ। ਉਨ੍ਹਾਂ ਕਿਹਾ ਕਿ ਤੂਫਾਨ ਦਾ ਟਾਕਰਾ ਕਰਨ ਦੇ ਦੋ ਹੀ ਤਰੀਕੇ ਹੁੰਦੇ ਹਨ।

ਪਹਿਲਾ ਇਹ ਕਿ ਅੱਖਾਂ ਮੀਟ ਕੇ, ਦਰਵਾਜ਼ੇ ਬੰਦ ਕਰਕੇ, ਸਿਰ ਝੁਕਾਅ ਕੇ ਖਤਰੇ ਨੂੰ ਟਾਲਿਆ ਜਾਵੇ ਅਤੇ ਦੂਸਰਾ ਇਹ ਕਿ ਇਸ ਖਤਰੇ ਦਾ ਮੁਕਾਬਲਾ ਕੀਤਾ ਜਾਵੇ ਅਤੇ ਜੇ ਇਹ ਮੁਕਾਬਲਾ ਨਾ ਕੀਤਾ ਗਿਆ ਤਾਂ ਇਹ ਖਤਰਾ ਸਾਡੀ ਰੋਜ਼ਾਨਾ ਜ਼ਿੰਦਗੀ ਦਾ ਇੱਕ ਹਿੱਸਾ ਬਣ ਜਾਵੇਗਾ। ਇਸ ਸੈਮੀਨਾਰ ਨੂੰ ਆਰ.ਐਮ.ਪੀ.ਆਈ. ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਰ.ਐਮ.ਪੀ.ਆਈ. ਵੱਲੋਂ ਇਹ ਸੈਮੀਨਾਰ ਕਰਵਾਉਣ ਦਾ ਮਕਸਦ ਦੇਸ਼ ਦੇ ਲੋਕਾਂ ਅੱਗੇ ਹਕੀਕੀ ਖਤਰੇ ਦੀ ਨਿਸ਼ਾਨਦੇਹੀ ਕਰਨਾ ਹੈ। ਇਸ ਮਕਸਦ ਲਈ ਆਰ.ਐਮ.ਪੀ.ਆਈ. ਜਿੱਥੇ ਹੋਰਨਾਂ ਖੱਬੀਆਂ ਪਾਰਟੀਆਂ ਨੂੰ ਨਾਲ ਲੈ ਕੇ ਚੱਲੇਗੀ, ਉਥੇ ਆਪਣੇ ਤੌਰ 'ਤੇ ਵੀ ਦੇਸ਼ ਨੂੰ ਦਰਪੇਸ਼ ਆਰਥਿਕ, ਫਿਰਕਾਪ੍ਰਸਤੀ ਤੇ ਅੰਧ ਰਾਸ਼ਟਰਵਾਦ ਦੇ ਖਤਰੇ ਖਿਲਾਫ਼ ਇਕੋ ਵੇਲੇ ਲੜਾਈ ਲੜੇਗੀ।

ਉਨ੍ਹਾਂ ਕਿਹਾ ਕਿ ਇਸ ਲੜਾਈ ਵਾਸਤੇ ਉਨ੍ਹਾਂ ਬਹੁਗਿਣਤੀ ਹਿੰਦੂਆਂ ਦੀ ਵੀ ਬਰਾਬਰ ਦੀ ਲੋੜ ਹੈ, ਜਿਹੜੇ ਅੰਧ ਰਾਸ਼ਟਰਵਾਦ ਅਤੇ ਫਿਰਕਾਪ੍ਰਸਤੀ ਦੇ ਖਿਲਾਫ਼ ਹਨ। ਇਸ ਸੰਦਰਭ ਵਿਚ ਉਨ੍ਹਾਂ ਇਹ ਗੱਲ ਜ਼ੋਰ ਦੇ ਕੇ ਕਹੀ ਕਿ ਪੰਜਾਬ 'ਚ ਵੱਖਵਾਦੀ ਖਾਲਿਸਤਾਨੀ ਦਹਿਸ਼ਤਗਰਦੀ ਖਿਲਾਫ਼ ਲੜਾਈ ਬਹੁਗਿਣਤੀ ਸਿੱਖ ਭਾਈਚਾਰੇ ਨੂੰ ਨਾਲ ਲਏ ਬਿਨਾਂ ਨਹੀਂ ਸੀ ਲੜੀ ਜਾ ਸਕਦੀ। ਸੈਮੀਨਾਰ ਮੌਕੇ ਸਟੇਜ ਸਕੱਤਰ ਦੇ ਫਰਜ਼ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਨਿਭਾਏ।

# ਅੰਬੇਡਕਰ ਮਿਸ਼ਨ ਸੁਸਾਇਟੀ ਬੈਡਫੋਰਡ ਵਲੋਂ ਡਾ: ਅੰਬੇਡਕਰ ਦਾ ਚਿਤਰ ਭੇਂਟ ਕੀਤਾ ਗਿਆ

**ਬੈਡਫੋਰਡ–** ਭਗਵਾਨ ਵਾਲਮੀਕ ਸਭਾ ਬੈਡਫੋਰਡ ਵਲੋਂ ਬਾਬਾ ਸਾਹਿਬ ਡਾ: ਬੀ ਆਰ ਅੰਬੇਡਕਰ ਜੀ ਦਾ 126ਵਾਂ ਜਨਮ ਉਤਸਵ 23 ਅਪ੍ਰੈਲ ਨੂੰ ਭਗਵਾਨ ਵਾਲਮੀਕ ਮੰਦਰ ਵਿਚ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਤੇ ਵੱਖ ਵੱਖ ਬੁਲਾਰਿਆਂ ਨੇ ਡਾ: ਅੰਬੇਡਕਰ ਦੇ ਜੀਵਨ ਉਪਰ ਚਾਨਣਾ ਪਾਇਆ ਅਤੇ ਉਸ ਵਲੋਂ ਸਮਾਜ ਪ੍ਰਤੀ ਕੀਤੇ ਕੰਮਾ ਦੀ ਸ਼ਲਾਘਾ ਕੀਤੀ। ਸਭਾ ਦੇ ਪ੍ਰਧਾਨ ਸ੍ਰੀ ਸੈਮ ਕਲਿਆਣ ਨੇ ਕਿਹਾ ਕਿ ਮੌਜੂਦਾ ਸਮੇਂ ਵਿਚ ਡਾ: ਅੰਬੇਡਕਰ ਦੇ ਰਸਤੇ ਤੇ ਚਲਣ ਦੀ ਸਖਤ ਲੋੜ ਹੈ। ਇਸ ਸ਼ੁਭ ਅਵਸਰ ਤੇ



ਅੰਬੇਡਕਰ ਮਿਸ਼ਨ ਸੁਸਾਇਟੀ ਬੈਡਫੋਰਡ ਵਲੋਂ ਸੁਸਾਇਟੀ ਦੇ ਉਪ ਪ੍ਰਧਾਨ, ਸ੍ਰੀ ਧਨਪਤ ਰਤੂ ਵਲੋਂ ਡ: ਅੰਬੇਡਕਰ ਦਾ ਚਿਤੱਰ ਭਗਵਾਨ ਵਾਲਮੀਕ ਸਭਾ ਨੂੰ ਭੇਂਟ ਕੀਤਾ ਗਿਆ। ਸ੍ਰੀ ਰੱਤੂ ਨੇ ਦਸਿਆ ਕਿ ਬਾਬਾ ਸਾਹਿਬ ਦੇ ਜਵਿਨ ਵਿਚ ਉਚ ਸਿਖਿਆ ਦਾ ਬਹੁਤ ਮਹੱਤਵ ਪੂਰਣ ਯੋਗਦਾਨ ਹੈ। ਇਹੀ ਕਾਰਣ ਸੀ ਕਿ ਉਹ ਸਮਾਜ ਵਾਸਤੇ ਕੁਝ ਕਰ ਸਕੇ। 'ਸ਼ਿਖਸ਼ਤ ਬਣੋ, ਸੰਗੰਠਤ ਹੋਵੋ ਅਤੇ ਸਘੰਰਸ਼ ਕਰੋ' ਦਾ ਮੰਤਰ ਜੋ ਬਾਬਾ ਸਾਹਿਬ ਨੇ ਸਾਨੂੰ ਦਿਤਾ ਹੈ ਇਸ ਉਪਟ ਅਮਲ ਕਰਨ ਦੀ ਲੋੜ ਹੈ ਤਾਂ ਹੀ ਅਸੀਂ ਆਪਣੇ ਅਧਿਕਾਰ ਪ੍ਰਾਪਤ ਕਰਨ ਦੇ ਯੋਗ ਹੋਵਾਂਗੇ।

# ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸਸੀ. ਬੀ. ਸੀ. ਇੰਪਲਾਇਜ਼ ਫੈੱਡਰੇਸ਼ਨ ਦੀ ਹੋਈ ਜ਼ਿਲ੍ਹਾ ਚੋਣ

**ਹੁਸ਼ਿਆਰਪੁਰ –** ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ. ਬੀ. ਸੀ. ਇੰਪਲਾਇਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਦੀ ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਦੀ ਚੋਣ ਸ਼੍ਰੀ ਗੁਰੂ ਰਵਿਦਾਸ ਮੰਦਰ ਕਮਾਲਪੁਰ ਵਿਖੇ ਕੀਤੀ ਗਈ ਜਿਸ ਵਿਚ ਸੂਬਾ ਚੇਅਰਮੈਨ ਸ. ਜਸਵੀਰ ਸਿੰਘ ਪਾਲ ਅਤੇ ਸੂਬਾ ਪ੍ਰਧਾਨ ਸ਼੍ਰੀ ਬਲਰਾਜ ਕੁਮਾਰ ਉਚੇਚੇ ਤੌਰ ਤੇ ਸ਼ਾਮਿਲ ਹੋਏ। ਹੁਸ਼ਿਆਰਪੁਰ ਦੇ ਸਾਰੇ ਸਿਖਿਆ ਬਲਾਕਾਂ ਦੇ ਪ੍ਰਧਾਨਾਂ ਨੇ ਸੰਬੋਧਨ ਕਰਦਿਆਂ ਆਖਿਆ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਂਦਿਆਂ ਫੈੱਡਰੇਸ਼ਨ ਨੂੰ ਹੋਰ ਤਰੱਕੀ ਦੇ ਰਾਹ ਤੇ ਤੋਰਨਗੇ।ਸੂਬਾ ਚੇਅਰਮੈਨ ਅਤੇ ਸੂਬਾ ਪ੍ਰਧਾਨ ਨੇ ਜ਼ਿਲ੍ਹੇ ਦੇ ਸਾਰੇ ਇਕੱਤਰ ਹੋਏ ਵਰਕਰਾਂ ਨੂੰ ਬਾਬਾ ਸਾਹਿਬ ਦੇ 126 ਵੇਂ ਜਨਮ ਦਿਨ ਦੀ ਵਧਾਈ ਦਿੰਦਿਆਂ ਆਖਿਆ ਕਿ ਸਾਡੀ ਫੈੱਡਰੇਸ਼ਨ ਇੱਕ ਸਮਾਜਿਕ ਕਾਰਜ ਕਰਤਾ ਵਜੋਂ ਕੰਮ ਕਰ ਰਹੀ ਹੈ।ਇਹ ਸਮਾਜ ਨਾਲ ਹੋ ਰਹੀ ਹਰ ਧੱਕੇਸ਼ਾਹੀ ਲਈ ਡੱਟ ਕੇ ਮੈਦਾਨ ਵਿਚ ਖੜਦੀ ਹੈ ਅਤੇ ਇਸ ਲਈ ਪਾਰਲੀਮੈਂਟ ਅਤੇ ਵਿਧਾਨ ਸਭਾ ਦਾ ਘੇਰਾਓ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੀ।ਬਾਬਾ ਸਾਹਿਬ ਦੇ ਦੱਸੇ ਹੋਏ ਮਿਸ਼ਨ ਤੇ ਚੱਲਣ ਲਈ ਫੈੱਡਰੇਸ਼ਨ ਪ੍ਰਤੀਬੱਧ ਹੈ।ਬਲਾਕ ਪੱਧਰ ਤੋਂ ਲੈ ਕੇ ਅੱਜ ਦੇ ਜ਼ਿਲ੍ਹਾ ਪੱਧਰ ਤੱਕ ਦੀ ਸਾਰੀ ਚੋਣ ਪ੍ਰਕਿਰਿਆ ਫੈੱਡਰੇਸ਼ਨ ਦੇ ਸੰਵਿਧਾਨ ਅਨੁਸਾਰ ਕੀਤੀ ਗਈ ਹੈ।ਅੱਜ ਸਾਨੂੰ ਸਾਰਿਆਂ ਨੂੰ ਸਮਾਜ ਦੇ ਬੇਹਤਰੀ ਲਈ ਹੋਰ ਸੰਘਰਸ਼ ਕਰਨ ਦੀ ਲੋੜ ਹੈ।




ਸ. ਕੁਲਵਿੰਦਰ ਸਿੰਘ ਬੋਦਲ ਨੇ ਪਿਛਲੀ ਟਰਮ ਦੀ ਕਰਗੁਜ਼ਾਰੀ ਦੱਸਦਿਆਂ ਪਹਿਲੀ ਸਾਰੀ ਜ਼ਿਲ੍ਹਾ ਕਮੇਟੀ ਭੰਗ ਕੀਤੀ। ਉਪਰੰਤ ਸਰਵ ਸੰਮਤੀ ਨਾਲ ਸ. ਕੁਲਵਿੰਦਰ ਸਿੰਘ ਬੋਦਲ ਨੂੰ ਪ੍ਰਧਾਨ, ਲੈਕ. ਬਲਦੇਵ ਸਿੰਘ ਧੁੱਗਾ ਨੂੰ ਸਿਨੀ. ਮੀਤ ਪ੍ਰਧਾਨ, ਡਾ. ਜਸਵੰਤ ਰਾਏ, ਲੈਕ. ਬਲਜੀਤ ਸਿੰਘ, ਰਾਮ ਲਾਲ ਭਗਤ, ਦਵਿੰਦਰ ਕਲਸੀਆ ਨੂੰ ਜਨਰਲ ਸਕੱਤਰ, ਜਸਵੀਰ ਸਿੰਘ ਨੂੰ ਕੈਸ਼ੀਅਰ, ਲੈਕ ਅਮਰਜੀਤ ਸਿੰਘ ਅਤੇ ਜਗਜੀਤ ਸਿੰਘ ਭੁੱਲਰ ਨੂੰ ਪ੍ਰੈੱਸ ਸਕੱਤਰ, ਡਾ. ਸੰਦੀਪ ਸਿੰਘ, ਜਤਿੰਦਰ ਕੁਮਾਰ, ਜਰਨੈਲ ਸਿੰਘ ਨੂੰ ਮੀਤ ਪ੍ਰਧਾਨ, ਜ਼ਿਲ੍ਹਾ ਸਰਪ੍ਰਸਤ ਪ੍ਰਿੰਸੀ. ਸ਼ਿਵ ਸਿੰਘ ਬੰਗੜ, ਜ਼ਿਲ੍ਹਾ ਚੇਅਰਮੈਨ ਪ੍ਰਿੰਸੀ. ਗੁਰਦਿਆਲ ਸਿੰਘ ਫੁੱਲ ਨੂੰ ਬਣਾਇਆ ਗਿਆ।ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਚਲਾਈ। ਇਸ ਮੌਕੇ ਜਰਨੈਲ ਸਿੰਘ ਸੀਕਰੀ, ਹੰਸ ਰਾਜ ਹੰਸ, ਬਲਵਿੰਦਰ ਸਿੰਘ, ਪ੍ਰਿੰਸੀ. ਜੈ ਸਿੰਘ ਹੀਰਾ, ਯੋਧਾ ਮੱਲ, ਬਲਵੀਰ ਕੁਮਾਰ, ਸ਼ਸ਼ੀ ਕੁਮਾਰ, ਲਖਵਿੰਦਰ ਰਾਮ, ਸੰਦੀਪ ਕੁਮਾਰ, ਲੈਕ. ਜਸਵੀਰ ਸੈਂਪਲੇ, ਬ੍ਰਹਮਜੀਤ ਸਿੰਘ, ਹੈੱਡ ਮਾਸਟਰ ਰਾਜ ਕੁਮਾਰ, ਗੁਰਮੀਤ ਸਿੰਘ, ਲੈਕ. ਰਮੇਸ਼ ਕੁਮਾਰ, ਪਿਆਰਾ ਲਾਲ, ਕਮਲ ਸਿੰਘ, ਜੈਲ ਸਿੰਘ, ਲਖਵੀਰ ਸਿੰਘ, ਕੁਲਵੰਤ ਸਿੰਘ, ਗੁਰਦਰਸ਼ਨ ਸਿੰਘ, ਹਰਪਾਲ ਸਿੰਘ, ਚਮਨ ਲਾਲ, ਜਸਵੀਰ ਸਿੰਘ, ਪ੍ਰਿਥੀਪਾਲ ਸਿੰਘ, ਸੁਰਜੀਤ ਪਾਲ, ਸੁਰੇਸ਼ ਕੁਮਾਰ, ਰਜਿੰਦਰ ਸਿੰਘ, ਰਾਮ ਸਿੰਘ, ਰੇਸ਼ਮ ਸਿੰਘ, ਬਲਵੀਰ ਚੰਦ, ਰੰਜਨ, ਹਰਪ੍ਰੀਤ ਸਿੰਘ ਆਦਿ ਆਹੁਦੇਦਾਰ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ,**
**ਜ਼ਿਲ੍ਹਾ ਜਨਰਲ ਸਕੱਤਰ**

# ਵਰਲਡ ਮਾਸਟਰਜ਼ ਖੇਡਾਂ ਨਿਊਜ਼ੀਲੈਂਡ ਗੁਰਿੰਦਰਪਾਲ ਸਿੰਘ ਸਹੋਤਾ ਨੇ ਡਿਸਕਸ ਥ੍ਰੋਅ 'ਚ ਸੋਨੇ ਤੇ ਹੈਮਰ ਥ੍ਰੋਅ 'ਚ ਚਾਂਦੀ ਦਾ ਤਮਗਾ ਜਿੱਤਿਆ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਵਿਚ 9ਵੀਆਂ 'ਵਰਲਡ ਮਾਸਟਰਜ਼ ਗੇਮਜ਼' 21 ਅਪ੍ਰੈਲ ਤੋਂ ਪ੍ਰਧਾਨ ਮੰਤਰੀ ਸ੍ਰੀ ਬਿਲ ਇੰਗਲਿਸ਼ ਦੇ ਉਦਘਾਟਨ ਤੋਂ ਬਾਅਦ ਜਾਰੀ ਹਨ। ਇਨ੍ਹਾਂ ਖੇਡਾਂ ਵਿਚ ਲਗਪਗ 185 ਖਿਡਾਰੀਆਂ ਨੇ ਆਪਣੀ ਰਜਿਸਟ੍ਰੇਸ਼ਨ ਕਰਵਾਈ ਹੋਈ ਹੈ। ਅੱਜ ਇਕ ਪੰਜਾਬੀ ਨੌਜਵਾਨ ਗੁਰਿੰਦਰਪਾਲ ਸਿੰਘ ਸਹੋਤਾ ਨੇ ਉਸ ਵੇਲੇ ਪੰਜਾਬੀਆਂ ਦਾ ਮਾਨ ਨਾਲ ਸਿਰ ਉਚਾ ਕਰ ਦਿੱਤਾ ਜਦੋਂ ਇਸ ਨੌਜਵਾਨ ਨੇ ਡਿਸਕਸ ਥ੍ਰੋਅ ਦੇ ਵਿਚ ਸੋਨੇ ਦਾ ਤਮਗਾ ਅਤੇ ਹੈਮਰ ਥ੍ਰੋਅ ਦੇ ਵਿਚ ਚਾਂਦੀ ਦਾ ਤਮਗਾ ਜਿੱਤ ਲਿਆ। ਇਹ ਨੌਜਵਾਨ ਮੰਡੀ ਗੋਬਿੰਦਗੜ੍ਹ ਤੋਂ ਵਿਸ਼ੇਸ਼ ਤੌਰ 'ਤੇ ਇਨ੍ਹਾਂ ਖੇਡਾਂ ਦੇ ਵਿਚ ਭਾਗ ਲੈਣ ਆਏ ਹਨ। ਮਾਸਟਰਜ਼ ਖੇਡਾਂ ਦੇ ਪ੍ਰਬੰਧ ਬਾਰੇ ਉਨ੍ਹਾਂ ਕਿਹਾ ਕਿ ਪ੍ਰਬੰਧ ਐਨੇ ਜਿਆਦਾ ਵਧੀਆ ਸਨ ਕਿ ਕਿਸੇ ਵੀ ਖਿਡਾਰੀ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਈ ਜਦ ਕਿ ਕੁੱਲ 25000 ਖਿਡਾਰੀਆਂ ਨੇ ਰਜਿਸਟ੍ਰੇਸ਼ਨ ਕਰਵਾਈ ਹੋਈ ਹੈ। ਸ. ਗੁਰਿੰਦਰਪਾਲ ਸਿੰਘ ਨੂੰ ਬਚਪਨ ਤੋਂ ਹੀ ਅਥਲੀਟ ਦੇ ਵਿਚ ਸ਼ੌਕ ਸੀ। 1998 ਦੀਆਂ ਪੰਜਾਬ ਸਕੂਲ ਖੇਡਾਂ ਦੇ ਹੈਮਰ ਥ੍ਰੋਅ ਦੇ ਵਿਚ ਚੈਂਪੀਅਨ ਬਣੇ ਤੇ ਗੋਲਡ ਮੈਡਲ ਮਿਲਿਆ। 2000 ਪੰਜਾਬ ਦੀਆਂ ਖੇਡਾਂ ਦੇ ਵਿਚ ਦੁਬਾਰਾ ਗੋਲਡ ਮੈਡਲ ਜਿੱਤਿਆ ਤੇ ਚੈਂਪੀਅਨ ਬਣੇ। 2001 ਦੇ ਵਿਚ ਹੈਮਰ ਥ੍ਰੋਅ ਪੰਜਾਬ ਯੂਨੀਵਰਸਿਟੀ ਦੇ ਹੋਏ ਮੁਕਾਬਿਲਆਂ ਵਿਚ ਚੈਂਪੀਅਨ ਬਣੇ ਅਤੇ ਗੋਲਡ ਮੈਡਲ ਮਿਲਿਆ। ਨੈਸ਼ਨਲ ਲੈਵਲ 'ਤੇ ਉਹ 58 ਮੀਟਰ ਹੈਮਰ ਥ੍ਰੋਅ ਕਰਕੇ ਗੋਲਡ ਮੈਡਲ ਜਿਤਿਆ ਤੇ ਕੁੱਲ 4 ਮੈਡਲ ਜਿੱਤੇ। ਚੰਡੀਗੜ੍ਹ ਐਥਲੈਟਿਕਸ ਟੀਮ ਦੇ ਉਹ ਕੈਪਟਨ ਵੀ ਰਹੇ ਹਨ। ਕੁਲ ਮਿਲਾ ਕੇ ਉਹ ਹੁਣ ਤੱਕ 50 ਤੋਂ ਜਿਆਦਾ ਵੱਖ–ਵੱਖ ਮੈਡਲ ਜਿੱਤ ਚੁੱਕੇ ਹਨ। ਵਿਸ਼ੇਸ਼ ਧੰਨਵਾਦ: ਉਨ੍ਹਾਂ ਨਿਊਜ਼ੀਲੈਂਡ ਵਸਦੇ ਪੰਜਾਬੀ ਭਾਈਚਾਰੇ ਦਾ ਖਾਸ ਕਰਕੇ ਧੰਨਵਾਦ ਕੀਤਾ ਜਿਨ੍ਹਾਂ ਨੇ ਬਹੁਤ ਮਾਨ ਸਨਮਾਨ ਕੀਤਾ। ਸ. ਤੀਰਥ ਸਿੰਘ ਅਟਵਾਲ ਅਤੇ ਗੁਰਿੰਦਰ ਕੁਮਾਰ ਗੋਗਾ ਹੋਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਨੇ ਉਨ੍ਹਾਂ ਨੂੰ ਹਰ ਤਰ੍ਹਾਂ ਨਾਲ ਸਹਾਇਤਾ ਕੀਤੀ, ਏਅਰਪੋਰਟ ਤੋਂ ਲੈ ਕੇ ਰਹਿਣ ਤੱਕ ਦਾ ਸਾਰਾ ਪ੍ਰਬੰਧ ਕੀਤਾ। ਅੱਜ ਮਾਲਵਾ ਕਲੱਬ ਵੱਲੋਂ ਕਰਵਾਏ ਗਏ ਟੂਰਨਾਮੈਂਟ ਦੇ ਵਿਚ ਗੁਰਿੰਦਰਪਾਲ ਸਿੰਘ ਹੋਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ।




ਵਧਾਈਆਂ: ਗੁਰਿੰਦਰਪਾਲ ਸਿੰਘ ਸਹੋਤਾ ਨੂੰ ਸੋਨੇ ਅਤੇ ਚਾਂਦਾ ਤਮਗਾ ਜਿੱਤਣ ਉਤੇ ਸ. ਤੀਰਥ ਸਿੰਘ ਅਟਵਾਲ ਅਤੇ ਗੁਰਿੰਦਰ ਕੁਮਾਰ ਗੋਗਾ ਹੋਰਾਂ ਨੇ ਸਮੁੱਚੇ ਪੰਜਾਬੀ ਭਾਈਚਾਰੇ ਵੱਲੋਂ ਵਧਾਈ ਦਿੱਤੀ ਹੈ ਤੇ ਕਿਹਾ ਕਿ ਮਾਸਟਰ ਖੇਡਾਂ ਦੇ ਵਿਚ ਹੁਣ ਪੰਜਾਬੀਆਂ ਦੀ ਜਿੱਤ ਦਾ ਨਾਂਅ ਹਮੇਸ਼ਾਂ ਬੋਲਦਾ ਰਹੇਗਾ।

## ਗ਼ਦਰ ਪਾਰਟੀ ਸਥਾਪਨਾ ਦਿਵਸ ਸਮਾਗਮ

# ਕਿਰਤੀ ਕਾਵਿ 'ਤੇ ਵਿਦਵਾਨਾਂ ਕੀਤੀ ਵਿਚਾਰ-ਚਰਚਾ- ਹਰਬੀਰ ਕੌਰ ਬੰਨੋਆਣਾ ਨੇ ਲਹਿਰਾਇਆ ਗ਼ਦਰੀ ਝੰਡਾ

**ਜਲੰਧਰ–** ਮੁਲਕ ਦੇ ਆਜ਼ਾਦੀ ਸੰਗਰਾਮ ਅੰਦਰ ਨਵੀਆਂ ਪੈੜਾਂ ਪਾ ਕੇ, ਵਿਚਾਰਧਾਰਕ, ਰਾਜਨੀਤਕ, ਸਮਾਜਕ ਅਤੇ ਸਾਹਿਤਕ ਖੇਤਰ ਅੰਦਰ ਇਨਕਲਾਬੀ ਇਤਿਹਾਸ ਸਿਰਜਣ ਵਾਲੀ ਗ਼ਦਰ ਪਾਰਟੀ ਦਾ 104ਵਾਂ ਸਥਾਪਨਾ ਦਿਹਾੜਾ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਦੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਮਨਾਇਆ ਗਿਆ।

ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਹਰ ਸਾਲ ਮਨਾਏ ਜਾਂਦੇ ਇਸ ਸਮਾਗਮ 'ਚ ਇਸ ਵਾਰ ਕਮੇਟੀ ਮੈਂਬਰ ਹਰਬੀਰ ਕੌਰ ਬੰਨੋਆਣਾ ਨੇ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ''ਸਾਮਰਾਜਵਾਦ-ਮੁਰਦਾਬਾਦ', 'ਇਨਕਲਾਬ ਜ਼ਿੰਦਾਬਾਦ', 'ਗ਼ਦਰੀ ਸੰਗਰਾਮੀਆਂ ਦਾ ਕਾਜ਼ ਅਧੂਰਾ- ਲਾ ਕੇ ਜ਼ਿੰਦੜੀਆਂ ਕਰਾਂਗੇ ਪੂਰਾ' ਨਾਅਰਿਆਂ ਦੀ ਗੂੰਜ 'ਚ ਹਾਜ਼ਰ ਲੋਕਾਂ ਨੇ ਗ਼ਦਰ ਪਾਰਟੀ ਦੇ ਉਦੇਸ਼ਾਂ ਦੀ ਪੂਰਤੀ ਲਈ ਲੋਕ-ਸੰਗਰਾਮ 'ਚ ਆਪਣਾ ਯੋਗਦਾਨ ਪਾਉਣ ਦਾ ਖੜ੍ਹੇ ਹੋ ਕੇ ਅਹਿਦ ਲਿਆ।

ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ, ਇਤਿਹਾਸ ਕਮੇਟੀ ਦੇ ਕਨਵੀਨਰ ਨੌਨਿਹਾਲ ਸਿੰਘ ਸ਼ਾਮਿਲ ਸਨ।

ਉਹਨਾਂ ਨਾਲ ਮੰਚ 'ਤੇ ਕਮੇਟੀ ਮੈਂਬਰ ਹਰਬੀਰ ਕੌਰ ਬੰਨੋਆਣਾ, ਮੁੱਖ ਵਕਤਾ ਕਮੇਟੀ ਮੈਂਬਰ ਹਰਵਿੰਦਰ ਭੰਡਾਲ ਅਤੇ ਮੰਚ ਸੰਚਾਲਕ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਹਾਜ਼ਰ ਸਨ।

ਗ਼ਦਰ ਲਹਿਰ ਦੇ ਬਾਨੀਆਂ, ਅਮਰ ਸ਼ਹੀਦਾਂ ਅਤੇ ਜ਼ਿੰਦਗੀ ਦੇ ਆਖਰੀ ਦਮ ਤੱਕ ਸਮਾਜਕ ਤਬਦੀਲੀ ਲਈ ਜੂਝਦੇ ਰਹੇ ਗ਼ਦਰੀ ਦੇਸ਼ ਭਗਤਾਂ ਨੂੰ ਇਸ ਦਿਹਾੜੇ ਤੇ ਨਤਮਸਤਕ ਹੁੰਦਿਆਂ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਨੇ ਕਿਹਾ ਕਿ ਸਮਾਂ ਬੀਤਣ ਨਾਲ ਗ਼ਦਰ ਪਾਰਟੀ ਦਾ ਇਤਿਹਾਸ ਬੀਤੇ ਸਮੇਂ ਦਾ ਇਤਿਹਾਸ ਨਹੀਂ ਬਣਿਆਂ ਸਗੋਂ ਇਸਦੀ ਪ੍ਰਸੰਗਕਤਾ ਹੋਰ ਵੀ ਉੱਘੜੀ ਅਤੇ ਸਾਰਥਕ ਹੋਈ ਹੈ। ਉਹਨਾਂ ਨੇ ਗ਼ਦਰ ਪਾਰਟੀ ਦੇ ਪ੍ਰੋਗਰਾਮ ਅਤੇ ਸਾਹਿਤ ਉਪਰ ਗੰਭੀਰ ਅਧਿਐਨ ਕਰਨ ਅਤੇ ਵਿਸ਼ੇਸ਼ ਕਰਕੇ ਨੌਜਵਾਨ ਵਰਗ ਵਿੱਚ ਇਸਨੂੰ ਲਿਜਾਣ ਉਪਰ ਜ਼ੋਰ ਦਿੱਤਾ।

ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨ ਵਾਲੇ ਹਰਬੀਰ ਕੌਰ ਬੰਨੋਆਣਾ ਨੇ ਸਮਾਗਮ 'ਚ ਬੋਲਦਿਆਂ ਕਿਹਾ ਕਿ 21 ਅਪ੍ਰੈਲ 1913 ਨੂੰ ਅਮਰੀਕਾ ਵਿੱਚ ਗਠਿਤ ਹੋਈ 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ' ਨਾਂਅ ਦੀ ਜੱਥੇਬੰਦੀ ਆਪਣੇ ਵੱਲੋਂ ਪ੍ਰਕਾਸ਼ਿਤ ਕੀਤੇ ਗਏ ਅਖ਼ਬਾਰ 'ਗ਼ਦਰ' ਦੀ ਹਰਮਨ ਪਿਆਰਤਾ ਕਾਰਨ 'ਗ਼ਦਰ ਪਾਰਟੀ' ਕਰਕੇ ਜਾਣੀ ਜਾਣ ਲੱਗੀ। ਉਹਨਾਂ ਕਿਹਾ ਕਿ ਗ਼ਦਰ ਪਾਰਟੀ ਦੇ ਵਿਚਾਰ ਅਤੇ ਅਮਲ, ਭਵਿੱਖ ਵਿੱਚ ਵੀ ਚਾਨਣ ਮੁਨਾਰਾ ਬਣੇ ਰਹਿਣਗੇ। ਉਹਨਾਂ ਨੇ ਗ਼ਦਰ ਲਹਿਰ ਵਿੱਚ ਔਰਤਾਂ ਵੱਲੋਂ ਪਾਏ ਵਿਸ਼ੇਸ਼ ਯੋਗਦਾਨ ਉਪਰ ਆਪਣੀ ਤਕਰੀਰ ਕੇਂਦਰਤ ਕੀਤੀ।

ਉਪਰੰਤ ਕਿਰਤੀ ਲਹਿਰ ਦੀਆਂ ਗੂੰਜਾਂ: ਕਿਰਤੀ ਕਾਵਿ ਲੋਕ ਅਰਪਣ ਕੀਤੀ ਗਈ। ਪੁਸਤਕ ਦੇ ਸੰਪਾਦਕ ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟੀ ਅਤੇ ਸਭਿਆਚਾਰਕ







ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪੁਸਤਕ ਬਾਰੇ ਸੰਖੇਪ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਜ਼ਾਦੀ ਜੱਦੋ ਜਹਿਦ ਅੰਦਰ ਗ਼ਦਰ ਪਾਰਟੀ ਦੀ ਅਗਲੀ ਕੜੀ ਕਿਰਤੀ ਲਹਿਰ ਦੌਰਾਨ 1926 ਤੋਂ 1940 ਦਰਮਿਆਨ ਰਚੀ ਗਈ ਕਵਿਤਾ ਦਾ ਵੱਡ-ਆਕਾਰੀ ਸੰਗ੍ਰਹਿ ਖੋਜ਼ਾਰਥੀਆਂ ਅਤੇ ਜੂਝ ਰਹੇ ਕਿਰਤੀ, ਕਿਸਾਨਾਂ, ਵਿਦਿਆਰਥੀਆਂ, ਨੌਜਵਾਨਾਂ ਲਈ ਭੁੱਲੇ ਵਿਸਰੇ, ਅਣਫੋਲੇ ਸਾਹਿਤ ਦਾ ਅਮੁੱਲਾ ਖਜ਼ਾਨਾ ਹੈ। ਉਹਨਾਂ ਦਾਅਵਾ ਕੀਤਾ ਕਿ ਸਾਡੇ ਸਮਿਆਂ ਅੰਦਰ ਮਘੇ-ਭਖ਼ੇ ਅਨੇਕਾਂ ਮੁੱਦਿਆਂ ਨੂੰ ਸਮਝਣ ਅਤੇ ਉਹਨਾਂ ਦਾ ਹੱਲ ਤਲਾਸ਼ਣ ਲਈ 'ਕਿਰਤੀ ਕਾਵਿ' ਨਵੇਂ ਰਾਹਾਂ ਵੱਲ ਸੰਵਾਦ ਛੇੜੇਗਾ।

ਕਿਰਤੀ ਕਾਵਿ 'ਚ ਕਵਿਤਾ ਦੀ ਵਿਸਥਾਰਤ ਜਾਣ-ਪਛਾਣ ਲਿਖਣ ਵਾਲੇ ਦੇਸ਼ ਭਗਤ ਯਾਦਾਗਰ ਕਮੇਟੀ ਦੇ ਟਰੱਸਟੀ ਹਰਵਿੰਦਰ ਭੰਡਾਲ ਨੇ ਇਸ ਮੌਕੇ ਇਸ ਵਿਸ਼ੇ ਉਪਰ ਕੇਂਦਰਤ ਪਰਚਾ ਪੜ੍ਹਿਆ। ਹਰਵਿੰਦਰ ਨੇ ਕਿਰਤੀ ਕਾਵਿ ਨੂੰ 'ਪ੍ਰਗਤੀਵਾਦੀ ਕਵਿਤਾ ਦੀ ਮਾਂ' ਦਾ ਦਰਜ਼ਾ ਦਿੱਤਾ। ਸਮਾਜਵਾਦੀ ਸੋਚ-ਦ੍ਰਿਸ਼ਟੀ ਦੇ ਮੁਹਾਂਦਰੇ ਤੋਂ ਪਹਿਲੀ ਵਾਰ ਕਿਰਤੀ ਕਾਵਿ ਨੂੰ ਗ਼ਦਰੀ ਗੂੰਜਾਂ ਦੇ ਅਗਲੇਰੇ ਰੂਪ ਵਜੋਂ ਗ੍ਰਹਿਣ ਕਰਨ ਦੀ ਸੈਨਤ ਕਰਦਿਆਂ ਹਰਵਿੰਦਰ ਭੰਡਾਲ ਨੇ ਸਾਹਿਤਕ ਮੁੱਲਾਂ ਅਤੇ ਵਿਸ਼ਿਆਂ 'ਚ ਸਮੋਏ ਤੱਤ ਨੂੰ ਉਭਾਰਿਆ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਡਾ. ਪਰਮਿੰਦਰ ਨੇ ਕਿਹਾ ਕਿ ਕਿਰਤ, ਕਿਰਤੀ, ਕਿਰਤੀ ਲਹਿਰ ਦੇ ਜਿਨ੍ਹਾਂ ਅਧੂਰੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸੰਗਰਾਮ ਜਾਰੀ ਹੈ ਉਸ ਅੰਦਰ ਕਿਰਤੀ ਕਾਵਿ ਇਕ ਕਾਰਗਰ ਹਥਿਆਰ ਹੈ, ਜਿਹੜਾ ਸਾਮਰਾਜਵਾਦ, ਜਾਗੀਰੂ-ਪੂੰਜੀਵਾਦੀ ਕਦਰਾਂ-ਕੀਮਤਾਂ, ਫ਼ਿਰਕਾਪ੍ਰਸਤੀ, ਅੰਨ੍ਹੇ ਰਾਸ਼ਟਰਵਾਦ, ਜਾਤ-ਪਾਤ ਦੀਆਂ ਡੂੰਘੀਆਂ ਜੜ੍ਹਾਂ ਵਗਾਹ ਮਾਰਨ ਦਾ ਰਾਹ ਦਰਸਾਵਾ ਹੈ।

ਕਮੇਟੀ ਮੈਂਬਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ,''ਅੰਨ੍ਹੀ ਦੌਲਤ ਪਾਪਾਂ ਨਾਲ ਕੱਠੀ ਹੁੰਦਾ ਹੈ' ਬਾਰੇ ਬਾਬਾ ਨਾਨਕ ਦਾ ਸੰਦੇਸ਼ ਅਤੇ ਅੰਨ੍ਹੀ ਲੁੱਟ ਦਾ ਨਾਂ ਪੂੰਜੀਵਾਦ ਹੈ' ਮਾਰਕਸ ਦਾ ਸੰਦੇਸ਼ ਵਿੱਚ ਕਿੰਨੀ ਇਕਸਾਰਤਾ ਹੈ, ਇਸਦੀ ਤੰਦ ਹੀ ਕਿਰਤੀ ਕਾਵਿ ਵਿੱਚ ਫੜੀ ਜਾ ਸਕਦੀ ਹੈ। ਪ੍ਰੋ. ਗੋਪਾਲ ਬੁੱਟਰ ਨੇ ਕਿਹਾ ਕਿ ਪਹਿਲੀ ਵਾਰ ਕਿਰਤੀ ਕਾਵਿ ਸੰਗ੍ਰਹਿ ਸਾਹਮਣੇ ਆਇਆ ਹੈ, ਹੁਣ ਗੱਲ ਇਸ ਤੋਂ ਅੱਗੇ ਤੋਰਨ ਦੀ ਲੋੜ ਹੈ ਤਾਂ ਜੋ ਥਾਂ-ਥਾਂ ਚਰਚਾਵਾਂ ਹੋਣ ਲੱਗਣ। ਦੇਸ ਰਾਜ ਕਾਲੀ ਨੇ ਕਿਹਾ ਕਿ ਕਿਰਤੀ ਲਹਿਰਾਂ ਨਾਲ ਜੁੜੇ ਸਾਹਿਤ ਦਾ ਮੁੱਲ ਪਰੰਪਰਾਗਤ ਅਕਾਦਮਿਕ ਜੁਮਰਿਆਂ ਨਾਲ ਨਹੀਂ ਨਾਪਿਆ ਤੋਲਿਆ ਜਾ ਸਕਦਾ ਇਸਦਾ ਆਪਣਾ ਹੀ ਵਿਲੱਖਣ ਮੁੱਲ ਹੁੰਦਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਸਾਬਕਾ ਖਜ਼ਾਨਚੀ ਸੀਤਲ ਸਿੰਘ ਸੰਘਾ ਨੇ ਕਿਹਾ ਕਿ ਕਿਰਤੀ ਕਵਿਤਾ ਸੁੱਤੀ ਕਲਾ ਜਗਾਉਂਦੀ ਹੈ, ਇਹ ਸਾਨੂੰ ਘਰ ਘਰ ਲਿਜਾਣੀ ਚਾਹੀਦੀ ਹੈ। ਸਮਾਗਮ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਦੋ ਮਤੇ ਪੇਸ਼ ਕੀਤੇ ਜੋ ਹੱਥ ਖੜ੍ਹੇ ਕਰਕੇ ਪ੍ਰਵਾਨ ਕੀਤੇ ਗਏ।

ਪਹਿਲੇ ਮਤੇ 'ਚ ਮੰਗ ਕੀਤੀ ਗਈ ਕਿ ਜੱਲ੍ਹਿਆਂਵਾਲਾ ਬਾਗ਼ ਦੀ ਇਤਿਹਾਸਕ ਪ੍ਰਮਾਣਿਕਤਾ ਬਰਕਰਾਰ ਰੱਖਦਿਆਂ ਗੋਲੀਆਂ ਦੇ ਨਿਸ਼ਾਨ, ਸ਼ਹੀਦੀ ਖੂਹ ਅਤੇ ਹਕੀਕੀ ਕੌਮੀ ਆਜ਼ਾਦੀ ਲਹਿਰ ਦੀ ਪ੍ਰਤੀਨਿਧਤਾ ਕਰਦੇ ਲਾਈਟ ਐਂਡ ਸਾਊਂਡ ਸਮਾਗਮ ਦੀ ਨਿਰੰਤਰਤਾ ਯਕੀਨੀ ਬਣਾਈ ਜਾਣੇ ਜੋ ਚਿਰਾਂ ਤੋਂ ਬੰਦ ਹੈ।

ਦੂਜੇ ਮਤੇ 'ਚ ਮੰਗ ਕੀਤੀ ਗਈ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀਆਂ ਉਪਰ ਲੱਦਿਆਂ ਫੀਸਾਂ 'ਚ ਵਾਧੇ ਦਾ ਬੋਝ ਰੱਦ ਕੀਤਾ ਜਾਏ। ਵਿਦਿਆਰਥੀਆਂ ਉਪਰ ਮੜ੍ਹੇ ਝੂਠੇ ਕੇਸ ਵਾਪਸ ਲਏ ਜਾਣ। ਵਿਦਿਆਰਥੀਆਂ ਉਪਰ ਅਣਮਨੁੱਖੀ ਕਹਿਰ ਢਾਹੁਣ ਦੇ ਮੁਜ਼ਰਿਮ ਯੂਨੀਵਰਸਿਟੀ ਪ੍ਰਸ਼ਾਸਨ, ਪੁਲਸ ਅਤੇ ਹਕੂਮਤੀ ਗਠਜੋੜ ਉਪਰ ਉਂਗਲ ਧਰਦਿਆਂ ਮਤੇ 'ਚ ਨਿਰਪੱਖ ਜਾਂਚ ਦੀ ਮੰਗ ਕੀਤੀ ਗਈ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਮੰਗ ਕੀਤੀ ਗਈ।

ਕਮੇਟੀ ਦੇ ਸਾਬਕਾ ਜਨਰਲ ਸਕੱਤਰ ਅਤੇ ਸੀਨੀਅਰ ਟਰੱਸਟੀ ਕਾਮਰੇਡ ਨੌਨਿਹਾਲ ਸਿੰਘ ਨੇ ਕਿਹਾ ਕਿ ਕਿਰਤੀ ਕਾਵਿ 1926 ਤੋਂ 1940 ਤੱਕ ਹੈ ਜੋ ਪ੍ਰਗਤੀਵਾਦੀ ਕਵਿਤਾ 'ਚ ਖਾਲੀਪਣ ਦਾ ਦੌਰ ਨਜ਼ਰੀ ਪੈਂਦਾ ਹੈ ਉਸ ਵੇਲੇ ਕਵੀ ਕੀ ਕਰ ਰਹੇ ਸਨ ਖੋਜ ਦਾ ਮਾਮਲਾ ਹੈ।

ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਨੇ ਕਿਹਾ ਕਿ ਕਿਰਤੀ ਕਾਵਿ ਅਜੋਕੀ ਅਤੇ ਅਗਲੀ ਪੀੜ੍ਹੀ ਲਈ ਤੋਹਫ਼ਾ ਹੈ ਜੋ ਸਾਨੂੰ ਮੁੱਠੀਆਂ ਭਰਕੇ ਵੰਡਣਾ ਚਾਹੀਦਾ ਹੈ।

ਸਮਾਗਮ 'ਚ ਕਨੇਡਾ ਤੋਂ ਬਲਦੇਵ ਸਿੰਘ ਸਹਿਦੇਵ ਪ੍ਰਧਾਨ ਪੰਜਾਬੀ ਸਭਿਆਚਾਰਕ ਮੰਚ ਟੋਰੰਟੋ, ਗ਼ਦਰੀ ਬਾਬਾ ਹਰਜਾਪ ਸਿੰਘ ਦੀ ਬੇਟੀ ਗੁਰਮੀਤ ਕੌਰ, ਇਕਬਾਲ ਸਿੰਘ ਧਾਮੀ, ਇੰਗਲੈਂਡ ਤੋਂ ਕਮੇਟੀ ਮੈਂਬਰ ਕੁਲਵੀਰ ਸਿੰਘ ਸੰਘੇੜਾ, ਲੇਖਕ ਮੋਹਣ ਸਿੰਘ ਕੁੱਕੜਪਿੰਡੀਆਂ, ਬਲਬੀਰ ਸਿੰਘ ਸੰਘੇੜਾ, ਕਮੇਟੀ ਦੇ ਖਜ਼ਾਨਚੀ ਡਾ. ਰਘਬੀਰ ਕੌਰ, ਕਮੇਟੀ ਮੈਂਬਰ ਪ੍ਰਗਟ ਜਾਮਾਰਾਏ, ਸੁਰਿੰਦਰ ਜਲਾਲਦੀਵਾਲ, ਰਣਜੀਤ ਸਿੰਘ ਔਲਖ, ਸੀਤਲ ਸਿੰਘ ਸੰਘਾ, ਮਨਜੀਤ ਸਿੰਘ, ਬਲਬੀਰ ਕੌਰ ਬੁੰਡਾਲਾ, ਚੈਨ ਸਿੰਘ ਚੈਨ ਦੀ ਬੇਟੀ ਸਵਿਤਾ ਤੋਂ ਇਲਾਵਾ ਵੱਖ-ਵੱਖ ਜੱਥੇਬੰਦੀਆਂ ਦੇ ਆਗੂ ਹਰਮੇਸ਼ ਮਾਲੜੀ, ਕਸ਼ਮੀਰ ਘੁੱਗਸ਼ੋਰ, ਡਾ. ਤੇਜਿੰਦਰ ਵਿਰਲੀ, ਬਲਦੇਵ ਨੂਰਪੁਰੀ, ਹਰਭਜਨ ਸਿੰਘ ਮਲਸੀਰਾਂ, ਲਵਿੰਦਰ, ਕੁਲਦੀਪ ਰਿਆੜ ਹਾਜ਼ਰ ਸਨ।

**ਜਾਰੀ ਕਰਤਾ: ਅਮੋਲਕ ਸਿੰਘ,**
**ਕਨਵੀਨਰ, ਸਭਿਆਚਾਰਕ ਵਿੰਗ**
**(94170 76735)**

# ਲਾਲ ਤੇ ਨੀਲੇ ਦੇ ਸੁਮੇਲ ਦਾ ਉਭਾਰ ਮਿਹਨਤਕਸ਼ ਵਰਗ ਲਈ ਸ਼ੁਭ ਸ਼ਗਨ: ਡਾ. ਕਰਮਜੀਤ ਸਿੰਘ

## ਹੁਕਮਰਾਨ ਡਾ. ਅੰਬੇਡਕਰ ਦਾ ਅਸਲ ਰੂਪ ਸਾਹਮਣੇ ਨਹੀਂ ਆਉਣ ਦੇਣਾ ਚਾਹੁੰਦੇ : ਪਾਸਲਾ













**ਜਲੰਧਰ–** ਦੇਸ਼ ਅੰਦਰ ਲਾਲ ਤੇ ਨੀਲੇ ਦਾ ਸੁਮੇਲ ਉਭਰ ਕੇ ਸਾਹਮਣ ਆ ਰਿਹਾ ਹੈ ਤੇ ਇਹ ਸੁਮੇਲ ਭਾਰਤ ਦੇ ਸਮੁੱਚੇ ਮਿਹਨਤਕਸ਼ ਵਰਗ ਲਈ ਇਕ ਸ਼ੁਭ ਸ਼ਗਨ ਹੈ। ਇਹ ਗੱਲ ਇੱਥੇ ਦਿਹਾਤੀ ਮਜ਼ਦੂਰ ਸਭਾ ਪੰਜਾਬ ਵੱਲੋਂ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ 'ਤੇ ਕਰਵਾਏ ਗਏ ਇਕ ਸਮੀਨਾਰ ਨੂੰ ਸੰਬੋਧਨ ਕਰਦਿਆਂ ਕੁਰੂਕਸ਼ੇਤਰਾ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਸੇਵਾ ਮੁਕਤ ਚੇਅਰਮੈਨ ਡਾ. ਕਰਮਜੀਤ ਸਿੰਘ ਨੇ ਕਹੀ।

ਦੇਸ਼ ਭਗਤ ਯਾਦਗਾਰ ਕੰਪਲੈਕਸ ਦੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿਚ 'ਸਮਕਾਲੀ ਦਲਿਤ ਸਰੋਕਾਰ, ਭਗਤੀ ਅੰਦੋਲਨ ਅਤੇ ਡਾ. ਬੀ. ਆਰ. ਅੰਬੇਡਕਰ' ਦੇ ਅਨੁਵਾਨ ਹੇਠ ਹੋਏ ਇਸ ਸੈਮੀਨਾਰ ਦੀ ਪ੍ਰਧਾਨਗੀ ਦਿਹਾਤੀ ਮਜ਼ਦੂਰ ਸਭਾ ਪੰਜਾਬ ਦੇ ਪ੍ਰਧਾਨ ਸਾਥੀ ਦਰਸ਼ਨ ਨਾਹਰ ਨੇ ਕੀਤੀ।

ਸੈਮੀਨਾਰ ਦੇ ਮੁੱਖ ਬੁਲਾਰੇ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਮਨੂੰ ਸਿਮਰਤੀ ਤੋਂ ਲੈ ਕੇ ਅੱਜ ਤੱਕ ਦਲਿਤਾਂ ਦਾ ਮੁੱਦਾ ਵੱਖ ਵੱਖ ਰੂਪ ਵਿਚ ਉਭਾਰ ਕੇ ਸਾਹਮਣੇ ਆਉਂਦਾ ਰਿਹਾ ਹੈ। ਡਾ. ਅੰਬੇਡਕਰ ਨੇ ਨਾ ਕੇਵਲ ਦਲਿਤ ਉਤਪੀੜਨ ਨੂੰ ਖੁਦ ਹੱਡੀਂ ਹੰਢਾਇਆ ਸਗੋਂ ਇਸ ਸਮੱਸਿਆ ਨੂੰ ਪ੍ਰਮੁੱਖਤਾ ਨਾਲ ਉਭਾਰਦਿਆਂ ਇਸ ਦੇ ਹੱਲ ਲਈ ਰਾਹ ਵੀ ਦੱਸਿਆ ਤੇ ਖੁਦ ਅਗਵਾਈ ਵੀ ਕੀਤੀ।

ਡਾ. ਕਰਮਜੀਤ ਸਿੰਘ ਨੇ ਇਸ ਗੱਲ 'ਤੇ ਵਿਸ਼ੇਸ਼ ਜ਼ੋਰ ਦਿੱਤਾ ਕਿ ਡਾ. ਅੰਬੇਡਕਰ ਨੂੰ ਕੇਵਲ ਦਲਿਤਾਂ ਤੱਕ ਸੀਮਤ ਕਰ ਦੇਣਾ ਵੀ ਉਨ੍ਹਾਂ ਨਾਲ ਧੱਕਾ ਹੈ। ਔਰਤਾਂ ਨਾਲ ਹੁੰਦੇ ਵਿਤਕਰੇ, ਸਮਾਜਿਕ ਜਬਰ ਤੇ ਹੋਰਨਾਂ ਗਰੀਬ, ਮਿਹਨਤਕਸ਼ ਵਰਗਾਂ ਲਈ ਡਾ. ਅੰਬੇਡਕਰ ਦੀ ਦੇਣ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਤੇਜ਼ੀ ਨਾਲ ਚੱਲੇ ਭਗਵੇਂਕਰਨ ਦੇ ਦੌਰ ਵਿਚ ਲਾਲ ਝੰਡੇ ਵਾਲੇ ਕਮਿਊਨਿਸਟਾਂ ਅਤੇ ਨੀਲੇ ਝੰਡੇ ਵਾਲੇ ਅੰਬੇਡਕਰਵਾਦੀਆਂ 'ਚ ਏਕਤਾ ਉਭਰ ਕੇ ਸਾਹਮਣੇ ਆਈ ਹੈ। ਇਹ ਸੁਮੇਲ ਦੇਸ਼ ਦੇ ਸਮੁੱਚੇ ਮਿਹਨਤਕਸ਼ ਵਰਗ ਲਈ ਇਕ ਸ਼ੁਭ ਸ਼ਗਨ ਹੈ। ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਵੀ ਅਛੂਤਾਂ ਦੇ ਮੁੱਦੇ 'ਤੇ ਬੜੀ ਪ੍ਰਮੁੱਖਤਾ ਤੇ ਤੀਬਰਤਾ ਨਾਲ ਆਪਣੇ ਵਿਚਾਰ ਪ੍ਰਗਟਾਏ ਸਨ ਜੋ ਅੱਜ ਵੀ ਪੂਰੀ ਤਰ੍ਹਾਂ ਪ੍ਰਸੰਗਿਕ ਹਨ। ਸ਼ਹੀਦ ਭਗਤ ਸਿੰਘ, ਮਾਰਕਸ ਅਤੇ ਡਾ. ਅੰਬੇਡਕਰ ਦੀ ਵਿਚਾਰਧਾਰਾ ਨੂੰ ਨਾਲੋ-ਨਾਲ ਲੈ ਕੇ ਦੇਸ਼ ਦਾ ਸਮਾਜਿਕ ਤੇ ਸਿਆਸੀ ਮੁਹਾਂਦਰਾ ਪੂਰੀ ਤਰ੍ਹਾਂ ਬਦਲਿਆ ਜਾ ਸਕਦਾ ਹੈ, ਇਹ ਗੱਲ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ। ਉਹਨਾਂ ਦਿਹਾਤੀ ਮਜ਼ਦੂਰ ਸਭਾ ਨੂੰ ਇਸ ਸੈਮੀਨਾਰ ਲਈ ਵਧਾਈ ਦਿੰਦਿਆਂ ਕਿਹਾ ਕਿ ਡਾ. ਅੰਬੇਡਕਰ ਨੂੰ ਸਮਰਪਿਤ ਖੱਬੇ-ਪੱਖੀ ਜਥੇਬੰਦੀ ਵੱਲੋਂ ਇਹ ਪਹਿਲਾ ਸੈਮੀਨਾਰ ਹੈ। ਸੈਮੀਨਾਰ ਨੂੰ ਸੰਬੋਧਨ ਕਰਦਿਆਂ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ. ਐਮ. ਪੀ. ਆਈ.) ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦਲਿਤਾਂ ਦਾ ਸਵਾਲ ਸਦੀਆਂ ਤੋਂ ਸਾਡੇ ਸਮਾਜ ਦੇ ਸਨਮੁਖ ਹੈ। ਇਸ ਵਰਗ ਦੀ ਦਸ਼ਾ ਸੁਧਾਰਨ ਲਈ ਵੱਖ-ਵੱਖ ਲਹਿਰਾਂ ਨੇ ਸਮੇਂ ਸਮੇਂ ਆਪਣਾ ਬਣਦਾ ਰੋਲ ਨਿਭਾਇਆ। ਇਸ ਸੇਧ ਵਿਚ ਡਾ. ਅੰਬੇਡਕਰ ਦੀ ਬਹੁਤ ਵੱਡੀ ਦੇਣ ਹੈ। ਉਨ੍ਹਾ ਕਿਹਾ ਕਿ ਇਸ ਮਹਾਨ ਦਾਰਸ਼ਨਿਕ ਦਾ ਜਨਮ ਦਿਹਾੜਾ ਅੱਜ ਹਾਕਮ ਜਮਾਤਾਂ ਵੀ ਮਨਾ ਰਹੀਆਂ ਹਨ ਪਰ ਉਹ ਡਾ. ਅੰਬੇਡਕਰ ਦੀ ਵਿਚਾਰਧਾਰਾ 'ਤੇ ਮਿੱਟੀ ਪਾ ਕੇ ਕੇਵਲ ਇਕ ਸ਼ਖਸੀਅਤ ਦੀ ਬੁੱਤ ਪੂਜਾ ਤੱਕ ਹੀ ਸੀਮਤ ਹਨ। ਉਹ ਨਹੀਂ ਚਾਹੁੰਦੀਆਂ ਕਿ ਡਾ. ਅੰਬੇਡਕਰ ਦਾ ਅਸਲ ਰੂਪ ਲੋਕਾਂ ਦੇ ਸਾਹਮਣੇ ਆਵੇ। ਇਹੀ ਕਾਰਨ ਹੈ ਕਿ ਰਾਖਵੇਂਕਰਨ ਦਾ ਅਹਿਮ ਮੁੱਦਾ ਨਿੱਜੀਕਰਨ ਦੀ ਹਨੇਰੀ ਨਾਲ ਹੀ ਖਤਮ ਹੋਣ ਤੱਕ ਚਲਾ ਗਿਆ। ਕਾਮਰੇਡ ਪਾਸਲਾ ਨੇ ਇਹ ਗੱਲ ਜ਼ੋਰ ਦੇ ਕੇ ਕਹੀ ਕਿ ਅੱਜ ਲਾਲ ਝੰਡੇ ਹੇਠ ਕੰਮ ਕਰਦੇ ਲੋਕਾਂ ਦਾ ਇਕ ਹਿੱਸਾ ਡਾ. ਅੰਬੇਡਕਰ ਦੀ ਵਿਚਾਰਧਾਰਾ ਤੋਂ ਵੀ ਪ੍ਰਭਾਵਿਤ ਹੈ ਤੇ ਇਸੇ ਤਰ੍ਹਾਂ ਨੀਲੇ ਝੰਡੇ ਹੇਠ ਕੰਮ ਕਰਦੇ ਅੰਬੇਡਕਰਵਾਦੀਆਂ ਦਾ ਇਕ ਹਿੱਸਾ ਵੀ ਮਾਰਕਸ ਦੇ ਵਿਚਾਰਾਂ ਦਾ ਪੂਰੀ ਤਰ੍ਹਾਂ ਕਾਇਲ ਹੈ। ਇਸ ਲਈ ਦੋਵਾਂ ਦਾਰਸ਼ਨਿਕਾਂ ਦੇ ਪੈਰੋਕਾਰਾਂ ਵਿਚਾਲੇ ਏਕਤਾ ਨਾਲ ਭਵਿੱਖ 'ਚ ਚੰਗੇ ਸਿੱਟੇ ਨਿਕਲਣ ਦੀ ਆਸ ਬੱਝੀ ਹੈ, ਜਿਸ ਵਾਸਤੇ ਆਰ. ਐਮ. ਪੀ. ਆਈ. ਪੂਰੀ ਤਨਦੇਹੀ ਨਾਲ ਆਪਣਾ ਰੋਲ ਨਿਭਾਏਗੀ। ਦਿਹਾਤੀ ਮਜ਼ਦੂਰ ਸਭਾ ਪੰਜਾਬ ਦੇ ਜਨਰਲ ਸਕੱਤਰ ਸਾਥੀ ਗੁਰਨਾਮ ਸਿੰਘ ਦਾਊਦ ਨੇ ਇਸ ਮੌਕੇ ਕਿਹਾ ਕਿ ਸਾਮਰਾਜੀ ਸੰਸਾਰੀਕਰਨ, ਉਦਾਰੀਕਰਨ ਤੇ ਨਿੱਜੀਕਰਨ ਦੇ ਦੌਰ ਦੇ ਨਾਲ ਭਗਵੇਂਕਰਨ ਦੇ ਤਿੱਖੇ ਹਮਲੇ ਨੇ ਸਾਡੇ ਅੱਗੇ ਇਕ ਵੱਡੀ ਚੁਣੌਤੀ ਪੇਸ਼ ਕੀਤੀ ਹੈ। ਦਲਿਤਾਂ 'ਤੇ ਜਬਰ ਦੀਆਂ ਘਟਨਾਵਾਂ 'ਚ ਹੋਰ ਵਾਧਾ ਹੋਇਆ ਹੈ।

ਇਸ ਹਮਲੇ ਦਾ ਟਾਕਰਾ ਡਾ. ਅੰਬੇਡਕਰ, ਸ਼ਹੀਦ ਭਗਤ ਸਿੰਘ ਤੇ ਮਾਰਕਸ ਦੇ ਵਿਚਾਰਾਂ ਤੋਂ ਅਗਵਾਈ ਲੈ ਕੇ ਹੀ ਕੀਤਾ ਜਾ ਸਕਦਾ ਹੈ। ਦਿਹਾਤੀ ਮਜ਼ਦੂਰ ਸਭਾ ਇਸ ਸੇਧ 'ਚ ਸਮਾਜ ਦੇ ਦੱਬੇ-ਲਤਾੜੇ ਮਿਹਨਤਕਸ਼ਾਂ ਨੂੰ ਇਕਮੁੱਠ ਕਰਕੇ ਸੰਘਰਸ਼ ਦੇ ਮੈਦਾਨ 'ਚ ਲਿਆਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੇਗੀ। ਇਸ ਮੌਕੇ ਦਿਹਾਤੀ ਮਜ਼ਦੂਰ ਸਭਾ ਦੇ ਸੀਨੀਅਰ ਆਗੂ ਸਾਥੀ ਲਾਲ ਚੰਦ ਕਟਾਰੂਚੱਕ, ਪਰਮਜੀਤ ਰੰਧਾਵਾ, ਅਮਰੀਕ ਸਿੰਘ ਦਾਊਦ ਤੇ ਚਮਨ ਲਾਲ ਦਰਾਜਕੇ ਵੀ ਸਟੇਜ 'ਤੇ ਹਾਜ਼ਰ ਸਨ। ਸੈਮੀਨਾਰ ਦੌਰਾਨ ਇਕ ਮਤਾ ਪਾਸ ਕਰਕੇ ਅਮਰੀਕਾ ਵੱਲੋਂ ਅਫਗਾਨਿਸਤਾਨ 'ਤੇ ਕੀਤੇ ਗਏ ਵਹਿਸ਼ੀਆਨਾ ਬੰਬ ਹਮਲੇ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ।

ਦੇਸ਼ ਦੁਆਬਾ

# ਡਾ. ਅੰਬੇਡਕਰ ਦੀ ਵਿਚਾਰਧਾਰਾ ਤੇ ਭਰਮਾਊ ਹਮਲੇ

ਭਾਰਤ ਰਤਨ ਡਾ. ਭੀਮਰਾਓ ਰਾਮਜੀ ਅੰਬੇਡਕਰ ਨੂੰ ਅੱਜ ਸਾਰੀ ਦੁਨੀਆਂ ਵਿਸ਼ਵ ਦੇ ਮਹਾਨ ਵਿਦਵਾਨਾਂ ਵਿਚੋਂ ਇਕ ਮੰਨ ਚੁੱਕੀ ਹੈ। ਡਾ. ਅੰਬੇਡਕਰ ਨੇ ਕਠਿਨ ਹਾਲਤਾਂ ਦੇ ਬਾਵਜੂਦ ਵੀ ਉਚੇਰੀ ਸਿੱਖਿਆ ਹਾਸਲ ਕੀਤੀ ਅਤੇ ਆਪਣਾ ਸਾਰਾ ਜੀਵਨ ਉਹਨਾਂ ਦੱਬੇ-ਕੁਚਲੇ ਲੋਕਾਂ ਦੇ ਕਲਿਆਣ ਲਈ ਲਗਾਇਆ, ਜਿਹੜੇ ਸਦੀਆਂ ਤੋਂ ਸਮਾਜਿਕ ਗੁਲਾਮੀ ਦਾ ਸ਼ਿਕਾਰ ਸਨ। ਡਾ. ਅੰਬੇਡਕਰ ਦੇ ਇਸ ਸੰਘਰਸ਼ ਨੂੰ ਅੱਜ ਸੰਯੁਕਤ ਰਾਸ਼ਟਰ ਸਮੇਤ ਸਾਰੀ ਦੁਨੀਆਂ ਨਤਮਸਤਕ ਹੋ ਰਹੀ ਹੈ। ਇਹ ਚੰਗੀ ਗੱਲ ਹੈ ਕਿ ਸੰਯੁਕਤ ਰਾਸ਼ਟਰ ਵਿਚ ਪਹਿਲੀ ਵਾਰ ਡਾ. ਅੰਬੇਡਕਰ ਦਾ ਜਨਮ ਦਿਨ ਮਨਾਇਆ ਗਿਆ ਅਤੇ ਇਸ ਮੌਕੇ ਜੋ ਸੰਕਲਪ ਲਿਆ ਗਿਆ, ਉਹ ਦੁਨੀਆਂ ਦੇ ਲਈ ਬਹੁਤ ਮਾਇਨੇ ਰੱਖਦਾ ਹੈ। ਭਾਰਤ ਦੁਨੀਆਂ ਦਾ ਆਬਾਦੀ ਪੱਖੋਂ ਦੂਜਾ ਵੱਡਾ ਮੁਲਕ ਹੈ। ਇਸ ਮੁਲਕ ਦੀ ਇਕ ਤਿਹਾਈ ਆਬਾਦੀ ਅੱਜ ਵੀ ਅਛੂਤ ਅਤੇ ਤ੍ਰਿਸਕਾਰ ਦਾ ਸ਼ਿਕਾਰ ਹੈ। ਡਾ. ਅੰਬੇਡਕਰ ਨੇ ਇਸ ਸਚਾਈ ਨੂੰ ਬਹੁਤ ਗਹਿਰਾਈ ਨਾਲ ਸਮਝਿਆ ਅਤੇ ਆਪਣਾ ਸਾਰਾ ਜੀਵਨ ਇਸ ਸਮਾਜ ਦੇ ਕਲਿਆਣ ਲਈ ਲਗਾ ਦਿੱਤਾ। ਉਹਨਾਂ ਨੂੰ ਇਸ ਸੰਘਰਸ਼ ਦਰਮਿਆਨ ਭਾਰਤੀ ਸੰਵਿਧਾਨ ਦਾ ਨਿਰਮਾਣ ਕਰਨ ਦਾ ਮੌਕਾ ਮਿਲਿਆ ਅਤੇ ਉਹਨਾਂ ਨੇ ਉਸ ਰਵਾਇਤੀ ਵਿਵਸਥਾ ਨੂੰ ਭਾਰਤੀ ਸੰਵਿਧਾਨ ਦੇ ਜ਼ਰੀਏ ਬੁਰੀ ਤਰ੍ਹਾਂ ਉਖਾੜ ਦਿੱਤਾ। ਸੰਵਿਧਾਨ ਦੀ ਰਚਨਾ ਕਰਦਿਆਂ ਡਾ. ਅੰਬੇਡਕਰ ਨੇ ਦੁਨੀਆਂ ਭਰ ਦੇ ਸੰਵਿਧਾਨਾਂ ਅਤੇ ਰਾਜ ਵਿਵਸਥਾ ਦਾ ਗਹਿਰਾਈ ਨਾਲ ਅਧਿਐਨ ਕਰਕੇ ਭਾਰਤ ਲਈ ਇਕ ਅਜਿਹਾ ਕਲਿਆਣਕਾਰੀ ਸੰਵਿਧਾਨ ਤਿਆਰ ਕੀਤਾ, ਜਿਸ ਵਿਚ ਹਰੇਕ ਨਾਗਰਿਕ ਨੂੰ ਬਰਾਬਰ ਦਾ ਅਧਿਕਾਰ ਮਿਲਿਆ। ਡਾ. ਅੰਬੇਡਕਰ ਨੇ ਕਲਮ ਦੀ ਤਾਕਤ ਨਾਲ ਲੜਾਈ ਲੜੀ। ਅਜਿਹੀ ਲੜਾਈ ਹੋਰ ਵੀ ਕਈ ਮੁਲਕਾਂ ਵਿਚ ਲੜੀ ਗਈ ਹੈ। ਅਮਰੀਕਾ ਵਿਚ ਪ੍ਰੈਜ਼ੀਡੈਂਟ ਇਬਰਾਹਮ ਲਿੰਕਨ ਨੇ ਵੀ ਅਜਿਹੀ ਹੀ ਕਿਸਮ ਦੀ ਲੜਾਈ ਲੜੀ ਅਤੇ ਉਹ ਇਤਿਹਾਸ ਪੁਰਸ਼ ਬਣ ਗਏ। ਅਫਰੀਕਾ ਵਿਚ ਨੈਲਸਨ ਮੰਡੇਲਾ ਨੇ ਅਜਿਹੀ ਹੀ ਲੜਾਈ ਲੜੀ, ਉਹ ਵੀ ਇਤਿਹਾਸ ਪੁਰਸ਼ ਬਣੇ। ਪਰ ਭਾਰਤ ਵਿਚ ਰਵਾਇਤੀ ਹਿੰਦੂਤਵੀ ਸਿਸਟਮ ਨੇ ਡਾ. ਅੰਬੇਡਕਰ ਦੇ ਵਿਚਾਰਾਂ ਨੂੰ ਦਬਾਉਣ ਲਈ ਤਰ੍ਹਾਂ-ਤਰ੍ਹਾਂ ਦੇ ਹੱਥਕੰਡੇ ਵਰਤੇ। ਅੱਜ ਵੀ ਅਜਿਹਾ ਹੀ ਕੁਝ ਹੋ ਰਿਹਾ ਹੈ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਡਾ. ਅੰਬੇਡਕਰ ਦੀ ਵਿਚਾਰਧਾਰਾ ਨੂੰ ਕਿਤਾਬਾਂ ਤੋਂ ਬਾਹਰ ਕੱਢ ਲਿਆਏ। ਉਹਨਾਂ ਨੇ ਇਕ ਅਜਿਹੀ ਲਹਿਰ ਚਲਾਈ, ਜਿਸ ਨੇ ਭਾਰਤ ਦੀ ਰਾਜਨੀਤੀ ਹੀ ਨਹੀਂ, ਬਲਕਿ ਵਿਸ਼ਵ ਪੱਧਰ ਤੇ ਡਾ. ਅੰਬੇਡਕਰ ਦੀ ਵਿਚਾਰਧਾਰਾ ਨੂੰ ਸਥਾਪਤ ਕਰ ਦਿੱਤਾ। ਉਹਨਾਂ ਦੇ ਚਲੇ ਜਾਣ ਤੋਂ ਬਾਅਦ ਅੱਜ ਫਿਰ ਇਹ ਲਹਿਰ ਗੁੰਮਰਾਹਕੁੰਨ ਰਾਹ ਤੇ ਤੁਰ ਪਈ ਹੈ। ਭਾਰਤ ਵਿਚ ਦਲਿਤ ਵਰਗ ਇਕ ਵੱਡਾ ਵੋਟ ਬੈਂਕ ਹੈ। ਇਸ ਵੋਟ ਬੈਂਕ ਨੂੰ ਹਥਿਆਉਣ ਦੇ ਲਈ ਹੁਣ ਸਾਰੀਆਂ ਸਿਆਸੀ ਪਾਰਟੀਆਂ ਵਾਹ ਲਗਾ ਰਹੀਆਂ ਹਨ। ਕਿਸੇ ਵੇਲੇ ਕਾਂਗਰਸ ਇਸ ਵਰਗ ਨੂੰ ਭਰਮਾਅ ਲੈਂਦੀ ਸੀ। ਬਸਪਾ ਦਾ ਉਦੈ ਹੋਣ ਤੋਂ ਬਾਅਦ ਕਾਂਗਰਸ ਦੇ ਹੱਥੋਂ ਦਲਿਤ ਵੋਟ ਨਿਕਲ ਗਈ ਅਤੇ ਇਹ ਪਾਰਟੀ ਰਸਾਤਲ ਵੱਲ ਤੁਰ ਪਏ। ਸਾਹਿਬ ਕਾਂਸ਼ੀ ਰਾਮ ਦੇ ਅਕਾਲ ਚਲਾਣੇ ਤੋਂ ਬਾਅਦ ਇਸ ਲਹਿਰ ਨੂੰ ਅੱਗੇ ਵਧਾਉਣ ਵਾਲਾ ਪ੍ਰਬੱਲ ਲੀਡਰ ਨਹੀਂ ਮਿਲਿਆ ਤਾਂ ਇਕ ਵਾਰ ਫਿਰ ਇਸ ਦਲਿਤ ਵੋਟ ਨੂੰ ਹਥਿਆਉਣ ਲਈ ਸਾਰੀਆਂ ਪਾਰਟੀਆਂ ਤਰਲੋਮੱਛੀ ਹੋ ਰਹੀਆਂ ਹਨ। ਇੱਥੋਂ ਤੱਕ ਕਿ ਡਾ. ਅੰਬੇਦਕਰ ਦੀ ਵਿਦਵਤਾ ਨੂੰ ਦਰਕਿਨਾਰ ਕਰਕੇ ਉਹਨਾਂ ਨੂੰ ਇਕ ਦੇਵਤਾ ਵਜੋਂ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਕੱਲ੍ਹ ਨੂੰ ਉਹਨਾਂ ਦੇ ਨਾਂ ਤੇ ਮੰਦਰ ਜਾਂ ਧਾਰਮਿਕ ਸਥਾਨ ਵੀ ਬਣਨੇ ਆਰੰਭ ਹੋ ਜਾਣਗੇ ਅਤੇ ਫਿਰ ਪੂਜਾ ਵੀ ਆਰੰਭ ਹੋ ਜਾਵੇਗੀ। ਜੇਕਰ ਅਜਿਹਾ ਹੋਇਆ ਤਾਂ ਡਾ. ਅੰਬੇਡਕਰ, ਜੋ ਵਿਅਕਤੀਗਤ ਤੌਰ ਤੇ ਬੁੱਤ ਪੂਜਾ ਦੇ ਕੱਟੜ ਵਿਰੋਧੀ ਸਨ, ਨੂੰ ਵੀ ਬੁੱਤਪ੍ਰਸਤੀ ਦਾ ਸ਼ਿਕਾਰ ਬਣਾ ਕੇ ਉਹਨਾਂ ਦੇ ਮਿਸ਼ਨ ਨੂੰ ਢਾਅ ਲਾਈ ਜਾ ਸਕਦੀ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-30

## ਗੁਰਬਾਣੀ ਦੇ ਚਾਨਣ ਵਿੱਚ "ਹੰਕਾਰ" ਦੀ ਵਿਆਖਿਆ



ਅਵਤਾਰ ਸਿੰਘ ਮਿਸ਼ਨਰੀ
510-432-5827

ਹੰਕਾਰ, ਅਹੰਕਾਰ, ਹਉਮੈ, ਮਾਨ, ਗੁਮਾਨ, ਅਭਿਮਾਨ, ਗਰਬ, ਅਹੰ, ਅਹੰਮੇਉ, ਅਹੰਬੁਧ ਅਤੇ ਖ਼ੁਦੀ ਅਹੰਕਾਰ ਦੇ ਸਮਾਨਾਰਥਕ ਹਨ। ਹੰਕਾਰ ਇਕ ਅਜਿਹਾ ਔਗੁਣ ਹੈ ਜੋ ਸਾਰਿਆਂ ਨੂੰ ਗੰਭੀਰ ਖ਼ਤਰੇ ਵਿਚ ਪਾ ਸਕਦਾ ਹੈ। ਇਕ ਹੰਕਾਰੀ ਮਨੁੱਖ ਨਾਜਾਇਜ਼ ਖੁੱਲ੍ਹ ਲੈ ਕੇ ਉਹ ਕੰਮ ਕਰਦਾ ਹੈ ਜੋ ਉਸ ਦੇ ਅਧਿਕਾਰ ਵਿੱਚ ਨਹੀਂ ਹੁੰਦਾ, ਇਸ ਦੇ ਨਤੀਜੇ ਬੁਰੇ ਨਿਕਲਦੇ ਹਨ। ਵਿਰਲਿਆਂ ਨੂੰ ਛੱਡ ਕੇ, ਮੰਨੇ ਗਏ ਵੱਡੇ ਵੱਡੇ ਦੇਵੀ ਦੇਵਤੇ, ਰਿਸ਼ੀ ਮੁਨੀ, ਰਾਜੇ, ਮਹਾਂਰਾਜੇ ਵੀ ਇਸ ਹੰਕਾਰ ਦੀ ਮਾਰ ਤੋਂ ਬਚ ਨਹੀਂ ਸੱਕੇ। ਇਸ ਕਰਕੇ ਵੱਡੇ-ਵੱਡੇ ਸਾਮਰਾਜ ਮਿੱਟੀ ਵਿੱਚ ਮਿਲ ਗਏ-ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥(੨੭੯)

ਸੰਸਾਰ ਦਾ ਹਰ ਕੰਮ ਕੁਦਰਤ ਦੇ ਨਿਯਮਾਂ ਤੇ ਤਰੀਕਿਆਂ ਨਾਲ ਹੀ ਹੁੰਦਾ ਹੈ ਪਰ ਹੰਕਾਰ ਵਿੱਚ ਡੁੱਬੇ ਲੋਕ ਅਜਿਹਾ ਮੰਨਦੇ ਹਨ ਕਿ ਸਭ ਕੁਝ ਉਹੀ ਕਰ ਰਹੇ ਹਨ। ਜੇ ਇੱਕ ਬੈਲ ਗੱਡੀ ਥੱਲੇ ਤੁਰਿਆ ਜਾਂਦਾ ਕੁੱਤਾ ਜਾਂ ਕੋਈ ਜਾਨਵਰ ਇਹ ਸੋਚੇ ਕਿ ਬੈਲ ਗੱਡੀ ਮੈਂ ਹੀ ਖਿੱਚ ਜਾਂ ਚਲਾ ਰਿਹਾ ਹਾਂ ਤਾਂ ਇਹ ਉਸ ਦਾ ਵੱਡਾ ਭੁਲੇਖਾ ਅਤੇ ਹੰਕਾਰ ਹੈ। ਇਵੇਂ ਹੀ ਹੰਕਾਰੀ ਸੋਚਦਾ ਹੈ ਕਿ ਇਹ ਸਭ ਮੈਂ ਕਰ ਰਿਹਾ ਹਾਂ ਪਰ ਜਿਉਂ ਹੀ ਇਨਸਾਨ ਇਹ ਭੇਦ ਜਾਣ ਲੈਂਦਾ ਹੈ, ਉਸ ਦਾ ਹੰਕਾਰ ਟੁੱਟ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਖੇ ਅਹੰਕਾਰ ਬਾਰੇ ਹੋਰ ਵੀ ਦਰਸਾਇਆ ਹੈ ਕਿ-ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ॥ ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸ੍ਤੀਰਨਹ॥ ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ॥ ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ॥ ਬੈਦ੍ਯ੍ਯੰ ਪਾਰਬ੍ਰਹਮ ਪਰਮੇਸ੍ਵਰ ਆਰਾਧਿ ਨਾਨਕ ਹਰਿ ਹਰਿ ਹਰੇ॥ ੪੯॥ (੧੩੫੮) ਭਾਵ ਹੇ ਪਾਪੀ ਅਹੰਕਾਰ! ਤੂੰ ਜੀਵਾਂ ਦੇ ਜਨਮ ਮਰਨ ਦਾ ਮੂਲ ਕਾਰਨ ਹੈਂ। ਸੰਸਾਰਕ ਮਾਇਆ ਰਾਹੀਂ ਤੂੰ ਮਿੱਤ੍ਰਾਂ ਛੱਡ, ਵੈਰੀ ਦ੍ਰਿੜ ਕਰਾਈ ਜਾਂਦਾ ਹੈਂ। ਤੇਰੇ ਵੱਸ ਵਿੱਚ ਹੋ ਕੇ ਜੀਵ ਜਨਮ ਮਰਨ ਦੇ ਗੇੜ ਵਿੱਚ ਪੈ ਕੇ ਅਨੇਕਾਂ ਦੁਖ ਸੁਖ ਭੋਗਦੇ ਹਨ। ਭਟਕਣਾ ਵਿੱਚ ਪੈ ਕੇ, ਮਾਨੋ, ਡਰਾਉਣੇ ਜੰਗਲ ਵਿਚੋਂ ਦੀ ਲੰਘਦੇ, ਭਿਆਨਕ ਰੋਗਾਂ ਵਿੱਚ ਫਸ ਜਾਂਦੇ ਹਨ। ਹੇ ਨਾਨਕ! ਉਸ ਪ੍ਰਭੂ ਵੈਦ ਨੂੰ ਹਰ ਵੇਲੇ ਸਿਮਰ ਜੋ ਤੈਨੂੰ ਇਸ ਰੋਗ ਤੋਂ ਬਚਾ ਸਕਦਾ ਹੈ। ਮਨੁਖ ਵਿੱਚ ਸਭ ਤੋਂ ਵੱਧ ਮਾਨਸਿਕ ਰੋਗ ਹਉਮੈ ਹੈ। ਗੁਰੂ ਗ੍ਰੰਥ ਸਾਹਿਬ ਵਿਖੇ ਇਸ ਨੂੰ ਦੀਰਘ ਰੋਗ ਦਰਸਾਇਆ ਗਿਆ ਹੈ ਪਰ ਨਾਲ ਹੀ ਇਸ ਦਾ ਇਲਾਜ ਵੀ ਦੱਸਿਆ ਹੈ-ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਇ॥੨॥(੪੬੬) ਬਾਕੀ ਜੀਵਾਂ ਵਿੱਚ ਇੱਕ ਇੱਕ ਰੋਗ ਭਾਰੂ ਹੈ ਜਿਵੇਂ ਕਿ ਕਾਮ ਦਾ ਹਾਥੀ, ਜੀਭ ਦਾ ਮੱਛੀ, ਕੰਨ ਦਾ ਮ੍ਰਿਗ ਅਤੇ ਦ੍ਰਿਸ਼ਟੀ ਦਾ ਰੋਗ ਪਤੰਗੇ ਨੂੰ ਪਰ ਮਨੁੱਖ ਪੰਜਾਂ ਵਿੱਚ ਗ੍ਰਸਤ ਹੈ-ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥ ਪੰਚ ਦੋਖ ਅਸਾਧ ਜਾ ਮਹਿ ਤਾਂ ਕੀ ਕੇਤਕ ਆਸ॥੧॥(੪੮੬) ਉਪ੍ਰੋਕਤ ਗੁਰਬਾਣੀ ਪੰਕਤੀ ਵਿੱਚ ਦਰਸਾਇਆ ਗਿਆ ਹੈ ਕਿ ਇਨ੍ਹਾਂ ਜੀਵਾਂ ਵਿੱਚ ਇੱਕ ਇੱਕ ਦੋਖ ਹੋਣ ਕਰਕੇ ਬਿਨਾਸ ਹੋ ਰਹੇ ਹਨ। ਜਿਸ ਮਨੁਖ ਵਿੱਚ ਨਾ ਸਾਧੇ ਜਾ ਸਕਣ ਵਾਲੇ ਪੰਜੇ ਦੋਖ ਹਨ ਉਸ ਦੇ ਬਚਣ ਦੀ ਕਿਥੋਂ ਤੱਕ ਆਸ ਕੀਤੀ ਜਾ ਸਕਦੀ ਹੈ। ਹੰਕਾਰ ਰੱਬ ਨੂੰ ਨਹੀਂ ਭਾਂਉਂਦਾ-ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥(੧੦੮੯) ਹੰਕਾਰੀ ਸਦਾ ਮਾਰ ਖਾਂਦੇ ਹਨ-ਹੰਕਾਰਿਆ ਸੋ ਮਾਰਿਆ (ਕਹਾਵਤ)

ਗੁਰਸਿਖ ਸਵੈਮਾਨੀ ਹੁੰਦਾ ਹੈ ਨਾ ਕਿ ਅਭਿਮਾਨੀ ਅਤੇ ਉਹ ਹਰ ਵੇਲੇ ਸਵੈਮਾਣਤਾ ਨਾਲ ਇਹ ਹੀ ਅਰਦਾਸ ਕਰਦਾ ਹੈ-ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥ ਰਹਾਉ॥ (੬੪੧) ਗੁਰਸਿੱਖ ਨੇ ਹੰਕਾਰ ਨੂੰ ਸਵੈਮਾਨ ਵਿੱਚ ਬਦਲਣਾ ਹੈ। ਹੰਕਾਰ ਵਿਨਾਸ਼ਕਾਰੀ ਹੋਣ ਕਰਕੇ ਬਹੁਤੇ ਵਿਦਵਾਨ ਤੇ ਧਰਮ ਗ੍ਰੰਥ ਹੰਕਾਰ ਨੂੰ ਬੁਰਾ ਮੰਨਦੇ ਹਨ। ਇਸ ਲਈ ਸਾਨੂੰ ਆਪਣੀ ਕਿਸੇ ਵੀ ਚੰਗੀ ਗੱਲ 'ਤੇ ਹੰਕਾਰ ਕਰਨਾ ਅਤੇ ਆਪ ਨੂੰ ਦੂਜੇ ਤੋਂ ਉੱਚਾ ਨਹੀਂ ਸਮਝਣਾ ਚਾਹੀਦਾ। ਦੇਖੋ! ਜੇ ਕੁਦਰਤ ਨੇ ਸਾਡੇ ਅੰਦਰ ਹੰਕਾਰ ਪੈਦਾ ਕੀਤੈ ਤਾਂ ਉਸਦੀ ਕੋਈ ਨਾ ਕੋਈ ਲੋੜ ਜ਼ਰੂਰ ਹੈ। ਜਿਵੇਂ ਬਾਕੀ ਕਾਂਮ, ਕ੍ਰੋਧ, ਲੋਭ ਅਤੇ ਮੋਹ ਵੀ ਆਤਮਿਕ ਤੇ ਆਰਥਕ ਵਿਕਾਸ ਲਈ ਸਹਾਈ ਹੁੰਦੇ ਨੇ, ਉਸੇ ਤਰ੍ਹਾਂ ਹੰਕਾਰ ਵੀ ਆਪਣੇ ਆਤਮਿਕ ਤੇ ਆਰਥਕ ਵਿਕਾਸ ਲਈ ਸਹਾਈ ਹੋ ਸਕਦਾ ਹੈ। ਹੁਣ ਜੇ ਆਪਾਂ ਹੰਕਾਰ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਕਿ ਅਸਲ ਵਿੱਚ ਇਹ ਹੈ ਕੀ, ਤਾਂ ਡੂੰਘੀ ਵਿਚਾਰ ਤੋਂ ਪਤਾ ਚਲੇਗਾ ਕਿ ਹੰਕਾਰ ਸਿਰਫ ਹਉਮੈ ਬਿਰਤੀ ਹੈ। ਜਦੋਂ ਮਨੁੱਖ ਇਹ ਸਮਝਦਾ ਹੈ ਕਿ ਮੈਂ ਬਹੁਤ ਸਿਆਣਾ, ਤਾਕਤਵਰ, ਦਿਮਾਗੀ, ਕਾਰੋਬਾਰੀ, ਚੰਗਾ ਅਧਿਆਪਕ ਅਤੇ ਵਿਗਿਆਨੀ ਆਦਿਕ ਹਾਂ, ਉਸ ਵੇਲੇ ਮੈਂ-ਮੇਰੀ ਹਉਮੈ-ਹੰਕਾਰ ਦੀ ਭਾਵਨਾ ਭਾਰੂ ਹੁੰਦੀ ਹੈ। ਹੰਕਾਰੀ ਮਨੁੱਖ ਜੀਂਦਾ ਮੁਰਦਾ ਹੈ-ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥ ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥(੨੫੩) ਅਜਿਹਾ ਹੰਕਾਰ ਖਤਰਨਾਕ ਹੋ ਸਕਦਾ ਹੈ ਜੋ ਕਿਸੇ ਨਾਲ ਸਿੱਧੇ ਮੂੰਹ ਗਲ ਹੀ ਨਾ ਕਰਨ-ਸੁਣਨ ਦੇਵੇ ਅਤੇ ਆਪਣੇ ਮੂੰਹੋਂ ਕੁੱਝ ਐਸਾ ਬੋਲੇ ਜੋ ਦੂਜਿਆਂ ਨੂੰ ਦੁੱਖ ਦੇਵੇ। ਮਤਲਵ ਜਦ ਆਪਣੇ ਆਪ 'ਤੇ ਇੰਨ੍ਹਾਂ ਜ਼ਿਆਦਾ ਗੁਮਾਨ ਹੋ ਜਾਵੇ ਕਿ ਲੋਕਾਂ ਨੂੰ ਨਖਿੱਧ ਜਾਣੇ ਤਾਂ ਹੰਕਾਰ ਆਪਣੇ ਭਵਿੱਖ ਲਈ ਬਹੁਤ ਹੀ ਹਾਨੀਕਾਰਕ ਸਾਬਤ ਹੋ ਸਕਦਾ ਹੈ। ਜੇ ਅਸੀਂ ਆਪਣੇ ਆਪ ਨੂੰ ਜ਼ਿਆਦਾ ਹੀ ਸਿਆਣੇ ਸਮਝਦੇ ਦੂਜਿਆਂ ਦੀ ਗਲ ਹੀ ਨਹੀਂ ਸੁਣਾਗੇ ਤਾਂ ਫਿਰ ਆਪਣੇ ਜੀਵਨ ਵਿੱਚ ਤਰੱਕੀ ਕਿਵੇਂ ਕਰ ਸਕਾਂਗੇ? ਜਦੋਂ ਅਸੀਂ ਕਿਸੇ ਦੀ ਗਲ ਨੂੰ ਨਖਿੱਧ ਅਣਗੌਲਿਆ ਕਰਾਂਗੇ, ਤਾਂ ਦੂਸਰੇ ਨੂੰ ਸਾਡੇ 'ਤੇ ਗੁੱਸਾ ਆਵੇਗਾ। ਅਜਿਹੇ ਹੰਕਾਰੀ ਵਤੀਰੇ ਕਾਰਨ ਕਈ ਰਿਸ਼ਤੇ ਨਾਤੇ ਟੁੱਟਣਗੇ ਅਤੇ ਅਸੀਂ ਜੀਵਨ ਵਿੱਚ ਅੱਗੇ ਤਰੱਕੀ ਨਹੀਂ ਕਰ ਸਕਾਂਗੇ। ਜੇ ਮਨੁੱਖ ਹੰਕਾਰ 'ਤੇ ਕਾਬੂ ਪਾ ਲਵੇ ਤਾਂ ਇਸ ਦੇ ਫਾਇਦੇ ਬਹੁਤ ਹਨ। ਸਵੈਮਾਣਤਾ ਸਾਨੂੰ ਉੱਦਮ ਦਾ ਬਲ ਬਖਸ਼ਦੀ ਹੈ ਜਿਸ ਨਾਲ ਅਸੀਂ ਔਖੇ ਤੋਂ ਔਖਾ ਕੰਮ ਵੀ ਸਹਿਜ ਸੁਭਾਅ ਕਰ ਜਾਂਦੇ ਹਾਂ। ਆਪਣੇ ਅੰਦਰ ਸ਼ੁੱਧ ਅਹੰਕਾਰ ਸਵੈਮਾਨ ਪੈਦਾ ਕਰਕੇ ਚੰਗੇ ਕੰਮ ਕਰੀਏ ਤਾਂ ਅਜਿਹੇ ਹੰਕਾਰ ਵਿੱਚ ਕੋਈ ਨੁਕਸਾਨ ਨਹੀਂ ਹੁੰਦਾ। ਇਸ ਤਰ੍ਹਾਂ ਜ਼ਿੰਦਗੀ ਵਿੱਚ ਕਈ ਮੌਕਿਆਂ 'ਤੇ ਅਸੀਂ ਹੰਕਾਰ ਨੂੰ ਸਵੈਮਾਨਤਾ ਵਿੱਚ ਬਦਲ ਕੇ ਚੰਗੇ ਕੰਮ ਕਰ ਸਕਦੇ ਹਾਂ, ਜਿੰਨ੍ਹਾਂ ਦਾ ਸਮਾਜ ਨੂੰ ਵੀ ਲਾਭ ਹੁੰਦਾ ਹੈ। ਹੰਕਾਰ ਨੂੰ ਮਾਰਨ ਦਾ ਮਤਲਵ ਕਿ ਆਪਣਾ ਆਤਮ ਬਲ ਵਧਾ, ਵਿਕਾਰਾਂ 'ਤੇ ਕਾਬੂ ਪਾ ਉਨ੍ਹਾਂ ਦੀ ਤਾਕਤ ਦੀ ਯੋਗ ਵਰਤੋਂ ਕਰ ਸਮਾਜ ਭਲੇ ਲਈ ਵਰਤੀਏ। ਜਰਾ ਸੋਚੋ! ਅਸੀਂ ਵਿਕਾਰ ਨਹੀਂ ਹਾਂ, ਵਿਕਾਰਾਂ ਦੀ ਸ਼ਕਤੀ ਕੁਦਰਤ ਨੇ ਸਾਡੇ ਲਈ ਬਣਾਈ ਹੈ ਤਾਂ ਜੋ ਅਸੀਂ ਉਸ ਸ਼ਕਤੀ ਨੂੰ ਵਰਤ ਸਕੀਏ। ਜਦ ਤੱਕ ਅਸੀਂ ਆਪਣੀ ਅੰਦਰਲੀ ਸਵੈਮਾਨ ਵਾਲੀ ਸ਼ਕਤੀ ਨੂੰ ਨਹੀਂ ਪਛਾਣਦੇ ਅਤੇ ਇਸ ਦੀ ਯੋਗ ਵਰਤੋਂ ਠੀਕ ਤਰ੍ਹਾਂ ਨਹੀਂ ਕਰਦੇ ਤਦ ਅਸੀਂ ਵਿਕਾਰਾਂ ਅਧੀਨ ਹੋ ਪੁੱਠੇ ਕੰਮ ਕਰਦੇ ਹਾਂ। ਜੇਕਰ ਪੰਜਾਂ ਵਿਕਾਰਾਂ ਦੀ ਸਹੀ ਵਰਤੋਂ ਕਰੀਏ ਤਾਂ ਸਵੈਮਾਨਤਾ ਨਾਲ ਆਪਣੇ ਅਤੇ ਕਈ ਹੋਰਾਂ ਦੇ ਕਾਜ ਸਵਾਰ ਸਕਦੇ ਹਾਂ।

ਸਾਡਾ ਸਰੀਰ ਇੱਕ ਰਥ ਅਤੇ ਪੰਜ ਕਾਂਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਇਸ ਦੇ ਘੋੜੇ ਹਨ। ਇਨ੍ਹਾਂ ਨੂੰ ਕਾਬੂ ਕਰਨ ਲਈ ਘਰ ਬਾਰ ਛੱਡ ਕੇ ਜੰਗਲੀਂ ਜਾਣ ਦੀ ਲੋੜ ਨਹੀਂ। ਗੁਰ ਫੁਰਮਾਨ ਹੈ-ਦੇਸੁ ਛੋਡਿ ਪਰਦੇਸਹਿ ਧਾਇਆ॥ ਪੰਚ ਚੰਡਾਲ ਨਾਲੇ ਲੈ ਆਇਆ॥(੧੩੪੮) ਧਿਆਨ ਦਿਉ! ਜੇ ਘੋੜੇ ਹੀ ਮਾਰ ਦਿੱਤੇ ਜਾਣ ਤਾਂ ਰਥ ਕਿਵੇਂ ਚੱਲੇਗਾ? ਜੇ ਮਾਰਨ ਦੀ ਬਜਾਏ ਅਥਰੇ ਘੋੜਿਆਂ ਨੂੰ ਲਗਾਂਮ ਪਾ ਲਈ ਜਾਏ ਤਾਂ ਕੰਟਰੋਲ ਵਿੱਚ ਵਧੀਆ ਕੰਮ ਕਰਦੇ ਹਨ। ਗੁਰੂ ਸ਼ਬਦ ਦੀ ਲੁਗਾਂਮ ਅਤੇ ਸੰਜਮ ਦਾ ਅੰਕੁਰ ਲਗਾ ਲਿਆ ਜਾਵੇ ਤਾਂ ਜਿੰਦਗੀ ਦੇ ਸਫਰ ਵਿੱਚ, ਸਰੀਰ ਰੂਪੀ ਰਥ ਵਧੀਆ ਚੱਲ ਸਕਦਾ ਹੈ। ਸਿੱਖ ਨੇ ਕਾਮ ਨੂੰ ਪ੍ਰਵਾਰਕ ਵਾਧੇ, ਕ੍ਰੋਧ ਨੂੰ ਅਣਖ, ਲੋਭ ਨੂੰ ਲੋਕ ਭਲਾਈ ਵਾਲੀ ਤਰੱਕੀ, ਮੋਹ ਨੂੰ ਮਨੁੱਖਤਾ ਦੇ ਪ੍ਰੇਮ ਅਤੇ ਅਹੰਕਾਰ ਨੂੰ ਸਵੈਮਾਣਤਾ ਵਿੱਚ ਬਦਲ ਕੇ, ਸੰਸਾਰਕ ਵਾਧਾ, ਪਿਆਰ, ਅਣਖ, ਨਿਮਰਤਾ, ਆਪਣੀ ਤੇ ਦੂਜਿਆਂ ਦੀ ਤਰੱਕੀ, ਮੋਹ ਤੋਂ ਉੱਪਰ ਉੱਠ ਸਮੁੱਚੀ ਮਨੁੱਖਤਾ ਨਾਲ ਪ੍ਰੇਮ ਕਰਕੇ, ਆਪਣੀ ਅਤੇ ਦੁਨੀਆਂ ਦੀ ਭਲਿਆਈ ਕਰਦੇ ਆਪਣਾ ਮਨੁੱਖਾ ਜੀਵਨ ਸਫਲ ਕਰਨਾ ਹੈ। ਸੋ ਪੰਜ ਵਿਸ਼ੇ ਗੁਰੂ ਸ਼ਬਦ ਦੀ ਲੁਗਾਂਮ ਅਤੇ ਕਰਤੇ ਦੀ ਮਿਹਰ ਦੇ ਚਾਬਕਾਂ ਨਾਲ ਹੀ ਕਾਬੂ ਰੱਖੇ ਜਾ ਸਕਦੇ ਹਨ। ਇਹ ਸੀ ਪੰਜਾਂ ਵਿਸ਼ਿਆਂ ਦੀ ਲੜੀਵਾਰ ਵਿਸਥਾਰਥ ਵਿਆਖਿਆ।

## ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਪਿੰਡ ਹੇਰਾਂ



ਤਸਵਿੰਦਰ ਸਿੰਘ ਬੜੈਚ
91-98763-22677

ਜਿਲ੍ਹਾ ਲੁਧਿਆਣਾ ਦੀ ਤਹਿਸੀਲ ਰਾਏਕੋਟ ਦੇ ਪਿੰਡ ਹੇਰਾਂ ਨੂੰ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਅਤੇ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਚਰਨ ਕੰਵਲਾਂ ਦੀ ਚਰਨ ਛੋਹ ਪ੍ਰਾਪਤ ਹੈ। ਹੇਰਾਂ ਪਿੰਡ ਮਾਲਵੇ ਦੇ ਪੁਰਾਤਨ ਪਿੰਡਾਂ 'ਚੋਂ ਇਕ ਹੈ ਇਸ ਦੀ ਹੋਂਦ ਤ੍ਰੇਤਾ ਯੁੱਗ ਨਾਲ ਜੁੜਨ ਦੇ ਸੰਕੇਤ ਵੀ ਮਿਲਦੇ ਹਨ। ਇਸ ਪਿੰਡ ਦਾ ਇਤਿਹਾਸਕ ਪੱਖ ਇਹ ਹੈ ਕਿ ਚੌਥੇ ਪਾਤਸਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਇਲਾਕੇ 'ਚ ਸਿੱਖੀ ਦੇ ਪ੍ਰਚਾਰ ਪਸਾਰ ਲਈ ਇਸ ਪਿੰਡ ਦੇ ਭਾਈ ਹਮੀਰਾ ਜੀ ਨੂੰ ਸੇਵਾ ਸੌਂਪੀ ਸੀ ਅਤੇ ਜਦੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ 1688 ਬਿਕਰਮੀ ਨੂੰ ਭਾਈ ਦੀ ਡਰੋਲੀ ਤੋਂ ਚੱਲ ਕੇ ਮੱਦੋਕੇ, ਲੋਪੋਂ, ਸਿੱਧਵਾਂ ਆਦਿ ਪਿੰਡਾਂ ਤੋਂ ਹੁੰਦੇ ਹੋਏ ਸੁਧਾਰ ਪੁੰਜੇ ਸਨ ਤਾਂ ਉਨ੍ਹਾਂ ਇਥੇ 6 ਮਹੀਨੇ ਦੇ ਲਗਭਗ ਡੇਰਾ ਲਾਇਆ। ਉਸ ਸਮੇਂ ਹੀ ਗੁਰੂ ਸਾਹਿਬ ਪਿੰਡ ਹੇਰਾਂ ਵਿਖੇ ਵੀ ਪਧਾਰੇ ਸਨ। ਇਹ



ਕਥਾ ਵੀ ਪ੍ਰਚਲਿਤ ਹੈ ਕਿ ਗੁਰੂ ਸਾਹਿਬ ਨੇ ਆਪਣੇ ਸਿੱਖ ਪਹਿਲਾ ਭਾਈ ਹਮੀਰੇ ਦਾ ਪਤਾ ਮੰਗਵਾਉਣ ਅਤੇ ਪਿੰਡ ਹੇਰਾਂ ਤੋਂ ਦੁੱਧ ਲਿਆਉਣ ਲਈ ਭੇਜੇ ਸਨ। ਜਿਨ੍ਹਾਂ ਨੂੰ ਪਿੰਡ ਦੇ ਕੁੱਝ ਵਿਅਕਤੀਆਂ ਨੇ ਮਖੌਲ ਕਰਦਿਆਂ ਭਾਈ ਹਮੀਰੇ ਪਾਸ ਮੱਝਾਂ ਦਾ ਬੰਦਾ ਹੋਣ ਦੀ ਗੱਲ ਆਖੀ ਜਦੋਂ ਕਿ ਭਾਈ ਹਮੀਰੇ ਪਾਸ ਉਸ ਸਮੇਂ ਸਿਰਫ ਔਸਰ ਮੱਝ ਸੀ ਪ੍ਰੰਤੂ ਉਸਨੇ ਗੁਰੂ ਸਾਹਿਬ ਦੇ ਹੁਕਮ ਨੂੰ ਸਿਰ ਮੱਥੇ ਮੰਨਦਿਆਂ ਸਿੱਖਾਂ ਨੂੰ ਦੁੱਧ ਚੋਅ ਲੈਣ ਦੀ ਬੇਨਤੀ ਕੀਤੀ, ਗੁਰੂ ਸਾਹਿਬ ਦੀ ਅਪਾਰ ਕ੍ਰਿਪਾ ਸਦਕਾ ਉਸ ਔਸਰ ਮੱਝ ਨੇ ਬਾਲਟੀ ਭਰ ਦੁੱਧ ਦਿੱਤਾ। ਭਾਈ ਹਮੀਰੇ ਦੀ ਪਤਨੀ ਦੀ ਪੁੱਤਰ ਪ੍ਰਾਪਤੀ ਦੀ ਇੱਛਾ ਨੂੰ ਗੁਰੂ ਸਾਹਿਬ ਨੇ ਪਾਲੇ ਪੋਸੇ ਪੁੱਤਰ ਪ੍ਰਾਪਤੀ ਦੇ ਵਰਦਾਨ ਨਾਲ ਪੂਰਨ ਕੀਤਾ। ਭਾਈ ਹਮੀਰੇ ਨੂੰ ਮਹੰਤ ਕ੍ਰਿਪਾਲ ਦਾਸ ਦੇ ਰੂਪ 'ਚ ਪੁੱਤਰ ਮਿਲਿਆ। ਇਸੇ ਮਹੰਤ ਕ੍ਰਿਪਾਲ ਦਾਸ ਨੇ ਭੰਗਾਣੀ ਦੇ ਯੁੱਧ 'ਚ ਪਹਾੜੀ ਰਾਜਿਆਂ ਅਤੇ ਮੁਗਲ ਫੌਜਾਂ ਦੇ ਜਰਨੈਲ ਹਯਾਤ ਖਾਨ ਦਾ ਸਿਰ ਜੰਗ ਦੇ ਮੈਦਾਨ 'ਚ ਆਪਣੇ ਕੁਤਕੇ ਨਾਲ ਵੇਹ ਦਿੱਤਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਮਹੰਤ ਕ੍ਰਿਪਾਲ ਦਾਸ ਨੂੰ ਆਪਣੀ ਹੱਥੀ ਦਸਤਾਰ ਬਖਸਿਸ ਵਜੋਂ ਦਿੱਤੀ। ਇਸ ਜੰਗ ਤੋਂ ਬਾਅਦ ਮਹੰਤ ਕ੍ਰਿਪਾਲ ਦਾਸ ਹੇਰਾਂ ਪਿੰਡ 'ਚ ਆਪਣੇ ਡੇਰੇ ਵਾਪਸ ਆ ਗਿਆ ਸੀ। ਮਾਛੀਵਾੜੇ ਦੇ ਜੰਗਲਾਂ ਤੋਂ ਗੁਰੂ ਜੀ ਉੱਚ ਦੇ ਪੀਰ ਬਣਕੇ ਕਟਾਣਾ, ਆਲਮਗੀਰ, ਮੋਹੀ ਆਦਿ ਪਿੰਡਾਂ ਹੁੰਦੇ ਹੋਏ ਹੇਰਾਂ ਵਿਖੇ ਪੁੱਜੇ ਸਨ। ਇਸ ਨਗਰ ਤੋਂ ਹੀ ਉਨ੍ਹਾਂ ਮੁਗਲ ਭਰਾਵਾਂ ਗਨੀ ਖਾਂ ਤੇ ਨਬੀ ਖਾਂ ਨੂੰ ਜਿਹੜੇ ਮਾਛੀਵਾੜੇ ਤੋਂ ਗੁਰੂ ਜੀ ਨੂੰ ਪਲੰਘ ਤੇ ਬਿਠਾ ਕੇ ਲਿਆਏ ਸਨ ਨੂੰ ਸੋਨੇ ਦੇ ਕੰਗਣ ਤੇ ਹੁਕਮਨਾਮਾ ਦੇ ਕੇ ਵਾਪਸ ਮੋੜਿਆ ਸੀ। ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਯਾਦ 'ਚ ਇਸ ਅਸਥਾਨ 'ਤੇ ਗੁਰਦੁਆਰਾ ਪਾਤਸਾਹੀ ਛੇਵੀਂ ਦੀ ਇਮਾਰਤ ਦਾ ਨਿਰਮਾਣ 1970 ਨੂੰ ਕੀਤਾ ਗਿਆ ਸੀ। ਗੁਰਦੁਆਰੇ ਦੇ ਨਵੇਂ ਦਰਬਾਰ ਹਾਲ ਦੀ ਕਾਰ ਸੇਵਾ ਸੰਤ ਬਾਬਾ ਹਰਬੰਸ ਸਿੰਘ ਜੀ ਦਿੱਲੀ ਵਾਲਿਆ ਦੀ ਅਗਵਾਈ 'ਚ ਸੰਤ ਬਾਬਾ ਜਗੀਰ ਸਿੰਘ ਪਿਹੋਵੇ ਵਾਲਿਆ ਦੀ ਦੇਖ ਰੇਖ ਹੇਠ ਸੰਗਤਾਂ ਵੱਲੋਂ ਕੀਤੀ ਗਈ ਅਤੇ ਗੁਰਦੁਆਰਾ ਸਾਹਿਬ ਦੀ ਦਿੱਖ ਨੂੰ ਹੋਰ ਸੁੰਦਰ ਬਣਾਇਆ। ਇਸ ਪਵਿੱਤਰ ਅਸਥਾਨ ਨੂੰ ਗੁਰੂ ਸਾਹਿਬ ਵੱਲੋਂ ਮੁਰਾਦਾਂ ਪੂਰੀਆਂ ਹੋਣ ਦਾ ਵਰ ਹੈ। ਹਰ ਰੋਜ ਦੂਰ-ਦਰਾਜ ਤੋਂ ਹਜਾਰਾਂ ਸੰਗਤਾਂ ਇਸ ਗੁਰਦੁਆਰੇ ਵਿਚ ਮੱਥਾ ਟੇਕਣ ਆਉਂਦੀਆਂ ਹਨ।

ਸੰਗਤਾਂ ਗੁਰਦੁਆਰਾ ਸਾਹਿਬ ਵਿਚ ਪ੍ਰਵੇਸ ਕਰ ਰੂਹਾਨੀਅਤ ਦਾ ਅਨੰਦ ਮਾਣਦੀਆਂ, ਮਾਨਸਿਕ ਤ੍ਰਿਪਤੀ ਪ੍ਰਾਪਤ ਕਰਦੀਆਂ ਹੋਈਆਂ ਗੌਰਵਮਈ, ਇਤਿਹਾਸਕ ਵਿਰਸੇ ਤੋਂ ਜਾਣੂੰ ਹੁੰਦੀਆਂ ਹਨ। ਇਸ ਗੁਰਦੁਆਰਾ ਸਾਹਿਬ ਵਿਚ ਗੁਰਪੁਰਬ ਤੇ ਹੋਰ ਅਹਿਮ ਦਿਹਾੜੇ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਏ ਜਾਂਦੇ ਹਨ। ਇਸ ਗੁਰੂ-ਘਰ ਦੀ ਇਮਾਰਤ ਬਹੁਤ ਹੀ ਖ਼ੂਬਸੂਰਤ ਹੈ ਜੋ ਕਾਫੀ ਦੂਰ ਤੋਂ ਹੀ ਨਜ਼ਰ ਆਉਂਦੀ ਹੈ। ਇਸ ਗੁਰੂ-ਘਰ ਦੀ ਇਕ ਪ੍ਰਬੰਧਕ ਕਮੇਟੀ ਹੈ, ਜੋ ਬੜੇ ਸੁਚੱਜੇ ਢੰਗ ਨਾਲ ਗੁਰੂ-ਘਰ ਦਾ ਪ੍ਰਬੰਧ ਚਲਾ ਰਹੀ ਹੈ। ਗੁਰਦੁਆਰਾ ਪਾਤਸਾਹੀ ਛੇਵੀਂ ਪਿੰਡ ਹੇਰਾਂ ਆਪਣੇ ਇਤਿਹਾਸ ਤੇ ਪ੍ਰੰਪਰਾ ਨੂੰ ਸਮੋਈ ਬੈਠਾ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਨਿਊਯਾਰਕ ਦੀ 30 ਵੀਂ ਸਿੱਖ ਡੇ ਪਰੇਡ ਨੇ ਪੂਰੇ ਮਨਹਾਟਨ ਸ਼ਹਿਰ ਨੂੰ ਕੇਸਰੀ ਰੰਗ 'ਚ ਰੰਗਿਆ





**ਨਿਊਯਾਰਕ ( ਰਾਜ ਗੋਗਨਾਂ)–** ਹਰ ਸਾਲ ਦੀ ਤਰਾਂ ਇਸ ਸਾਲ ਵੀ ਨਿਊਯਾਰਕ ਦੇ ਮੈਨਹਾਟਨ ਵਿਖੇ ਸਿੱਖਾਂ ਦੀ ਸਭ ਤੋ ਪੁਰਾਣੀ ਜੱਥੇਬੰਦੀ ਸਿੱਖ ਕਲਚਰਲ ਸੋਸਾਇਟੀ ਰਿਚਮੰਡ ਹਿੱਲ ਨਿਊਯਾਰਕ ਸਮੂਹ ਸਿੱਖ ਸੰਗਤ,ਜੱਥੇਬੰਦੀਆਂ ਕਮੇਟੀਆਂ,ਸੁਸ-ਾਇਟੀਆਂ ਅਤੇ ਸਭਾਵਾਂ ਦੇ ਸਾਂਝੇ ਸਹਿਯੋਗ ਨਾਲ ਕੱਢੀ ਗਈ। 30ਵੀਂ ਪਰੇਡ ਰੂਪੀ ਨਗਰ ਕੀਰਤਨ ਪੂਰੇ ਅਮਰੀਕਾ ਦੇ ਰਾਜਾਂ ਤੋ ਸ਼ਾਮਿਲ ਹੋਈਆਂ 60 ਹਜਾਰ ਦੇ ਕਰੀਬ ਸੰਗਤਾਂ ਖਾਲਸਾਈ ਰੰਗ 'ਚ ਰੰਗਿਆਂ ਸਿੱਖਾਂ ਦਾ ਵਿਸ਼ਾਲ ਠਾਠਾ ਮਾਰਦੇ ਇੱਕਠ ਨੇ ਮਨਹਾਟਨ ਸ਼ਹਿਰ ਨੂੰ ਕੇਸਰੀ ਰੰਗ 'ਚ ਰੰਗ ਦਿੱਤਾ।

ਇਸ ਸਿੱਖ ਡੇ ਪਰੇਡ ਨੂੰ ਵਿਸਾਖੀ ਖਾਲਸਾ ਦਿਵਸ ਦੇ ਨਾਂ ਨਾਲ ਯਾਦ ਕਰਦਿਆਂ ਇਹ ਸਿੱਖ ਡੇ ਪਰੇਡ 30ਵੇਂ ਸਾਲ ਵਿਚ ਪ੍ਰਵੇਸ਼ ਕਰ ਗਈ।

ਪਰੇਡ ਦੀ ਸ਼ੁਰੂਆਤ ਹਜਾਰਾਂ ਸੰਗਤਾਂ ਦੀ ਹਾਜਰੀ 'ਚ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਗੁਰੂ ਘਰ ਦੇ ਮੁੱਖ ਹੈੱਡਗ੍ਰੰਥੀ ਭਾਈ ਭੁਪਿੰਦਰ ਸਿੰਘ ਨੇ ਸ਼ੁਰੂਆਤੀ ਅਰਦਾਸ ਕਰਕੇ ਕੀਤੀ ਅਤੇ ਇਹ ਪਰੇਡ ਨਿਊਯਾਰਕ ਦੇ ਭਾਈ ਭੁਪਿੰਦਰ ਸਿੰਘ ਨੇ ਅਰਦਾਸ ਕਰਕੇ ਕੀਤੀ ਅਤੇ ਇਹ ਪਰੇਡ ਨਿਊਯਾਂਰਕ ਦੇ ਮੈਡੀਸਨ ਐਵੀਨਿਊ ਦੀ 37 ਵੀਂ ਸਟਰੀਟ ਤੋ ਸ਼ੁਰੂ ਹੋਈ ਅਤੇ ਜਿਸ ਦੀ ਸਮਾਪਤੀ 23 ਸਟਰੀਟ ਤੇ ਸ਼ਾਮ 5 ਵਜੇ ਹੋਈ ਪਰੇਡ 'ਚ ਹਾਜਰ ਸੰਗਤਾਂ ਕੇਸਰੀ ਦਸਤਾਰਾਂ ਅਤੇ ਬੀਬੀਆਂ ਕੇਸਰੀ ਦੁਪੱਟੇ 'ਚ ਨਜਰ ਆ ਰਹੇ ਸਨ।

ਇਸ ਪਰੇਡ ਨਗਰ ਕੀਰਤਨ 'ਚ ਅੱਗੇ ਪੰਜ ਪਿਆਰੇ ਅਤੇ ਗੁਰੂ ਮਹਾਰਾਜ ਦੀ ਪਵਿੱਤਰ ਬੀੜ ਦਾ ਫਲੋਟ ਸੀ ਅਤੇ ਸੰਗਤਾਂ ਲਈ ਫਰੀ ਲੰਗਰ ਦਾ ਪ੍ਰਬੰਧ ਸੀ।

ਇਸ ਤੋ ਇਲਾਵਾ ਸਿੱਖ ਨੌਜਵਾਨਾਂ ਵੱਲੋ ਗੱਤਕੇ ਦੇ ਜੌਹਰ ਵੀ ਦਿਖਾਏ ਗਏ ਅਤੇ ਹੋਰ ਧਾਰਮਿਕ ਝਾਕੀਆਂ ਤੋ ਇਲਾਵਾ ਸ਼੍ਰੀ ਹਰਮਿੰਦਰ ਸਾਹਿਬ ਜੀ ਦੀ ਝਾਕੀ ਵਾਲੇ ਫਲੋਟ ਦਾ ਅਲੌਕਿਕ ਨਜਾਰਾ ਸੀ।

ਸਮਾਪਤੀ ਤੇ ਸਿੱਖ ਕਲਚਰਲ ਸੁਸਾਇਟੀ ਗੁਰੂ ਘਰ ਦੇ ਸੇਵਾਦਾਰ ਕੁਲਦੀਪ ਸਿੰਘ ਢਿੱਲੋ,ਸਾਬਕਾ ਪ੍ਰਧਾਨ ਗੁਰ-ਦੇਵ ਸਿੰਘ ਕੰਗ,ਭੁਪਿੰਦਰ ਸਿੰਘ ਅਟਵਾਲ ਅਤੇ ਇੰਡੀਆਨਾਂ ਸੂਬੇ ਤੋ ਉਚੇਚੇ ਤੌਰ ਤੇ ਪੁੱਜੇ ਸਿੱਖਜ ਪੈਕ ਅਮਰੀਕਾ ਦੇ ਚੇਅਰਮੈਨ ਗੁਰਿੰਦਰ ਸਿੰਘ ਖਾਲਸਾ ਵੱਲੋ ਇਸ ਸਿੱਖ ਡੇ ਪਰੇਡ 'ਚ ਪੁੱਜੀਆਂ ਸਿੱਖ ਸੰਗਤਾਂ ਦਾ ਦਿਲੋ ਧੰਨਵਾਦ ਕੀਤਾ ਅਤੇ 'ਜੀ ਆਇਆ ਨੂੰ' ਕਿਹਾ ਰਾਜਨੀਤਿਕ ਪਾਰਟੀਆਂ ਦੀ ਲੱਗੀ ਹੋਏਾਂ ਸਟੇਜ ਤੋ ਬੁਲਾਰਿਆਂ ਨੇ ਆਪਣੇ ਵੱਖ ਵੱਖ ਵਿਚਾਰਾਂ ਰਾਹੀ 1984 ਸਿੱਖਾਂ ਦੇ ਇਸ ਘੱਲੂਘਾਰੇ 'ਚ ਨਿਰਦੋਸ਼ ਹੀ ਮਾਰੇ ਗਏ ਉਸ ਵੇਲੇ ਦੀ ਮੌਜੂਦਾ ਸਰਕਾਰ ਵੱਲੋ ਕੀਤੇ ਗਏ ਨਸਲਕੁਸ਼ੀ ਜੁਰਮਾਂ ਸਬੰਧੀ ਸੰਬੋਧਨ ਕੀਤਾ ਅਤੇ ਖਾਲਿਸਤਾਨੀ ਪੱਖੀ ਨਾਹਰੇ ਵੀ ਲਾਏ।

# ਭਾਰਤ ਰਤਨ ਡਾ.ਅੰਬੇਡਕਰ ਦੇ ਬੁੱਤ ਦੀ ਭਾਜਪਾ ਪ੍ਰਧਾਨ ਪੰਜਾਬ ਵਿਜੈ ਸਾਂਪਲਾ ਵੱਲੋਂ ਘੁੰਡ ਚੁਕਾਈ








**ਘੱਲ ਕਲਾਂ–** ਭਾਰਤੀ ਸੰਵਿਧਾਨ ਨਿਰਮਾਤਾ, ਨਾਰੀ ਮੁਕਤੀ ਦਾਤਾ, ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ, ਸ਼ਾਂਤੀ ਦੇ ਪੁੰਜ ਮਹਾਤਮਾ ਗੌਤਮ ਬੁੱਧ ਅਤੇ ਪਾਕਿਸਤਾਨ ਦੇ ਮਹਾਨ ਸ਼ਾਇਰ, ਲੋਕ ਕਵੀ ਬਾਬਾ ਨਜ਼ਮੀ ਦੇ ਬੁੱਤਾਂ ਦੀ ਘੁੰਡ ਚੁਕਾਈ ਮਹਾਨ ਦੇਸ਼ ਭਗਤ ਯਾਦਗਾਰ ਹਾਲ ਘੱਲ ਕਲਾਂ ਵਿਖੇ ਕੇਂਦਰੀ ਮੰਤਰੀ, ਪ੍ਰਧਾਨ ਭਾਜਪਾ ਪੰਜਾਬ ਸ੍ਰੀ ਵਿਜੈ ਸਾਂਪਲਾ, ਸੰਤ ਜਗਜੀਤ ਸਿੰਘ ਲੋਪੋ ਅਤੇ ਮੀਤ ਪ੍ਰਧਾਨ ਭਾਜਪਾ ਪੰਜਾਬ ਹਰਜੀਤ ਸਿੰਘ ਗਰੇਵਾਲ ਨੇ ਆਪਣੇ ਕਰ-ਕਮਲਾਂ ਨਾਲ ਕੀਤੀ।

ਵਰਣਨਯੋਗ ਹੈ ਕਿ ਇਹ ਬੁੱਤ ਅੰਤਰ ਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਆਰਟਿਸਟ ਮਨਜੀਤ ਸਿੰਘ ਘੱਲ ਕਲਾਂ ਨੇ ਬਣਾਏ ਹਨ।

ਇਸ ਸਾਦੇ ਜਿਹੇ ਸਮਾਗਮ ਨੂੰ ਸੰਬੋਧਨ ਕਰਦਿਆਂ ਭਾਜਪਾ ਪ੍ਰਧਾਨ ਪੰਜਾਬ ਵਿਜੈ ਸਾਂਪਲਾ ਨੇ ਕਿਹਾ ਕਿ ਮਨਜੀਤ ਸਿੰਘ ਆਰਟਿਸਟ ਨੂੰ ਵਧਾਈ ਦਿੰਦੇ ਹਾਂ ਕਿ ਇਹਨਾਂ ਨੇ ਪੰਜਾਬੀ ਸਭਿਆਚਾਰ ਨੂੰ ਸੰਭਾਲ ਕੇ ਰੱਖਿਆ ਹੈ ਤੇ ਹਰ ਵਰਗ ਨਾਲ ਸਬੰਧਤ ਬੁੱਤ ਬਣਾਏ ਹੋਏ ਹਨ। ਇਸ ਪਿੰਡ ਵਿਚ ਆ ਕੇ ਮੈਨੂੰ ਬੇਹੱਦ ਖੁਸ਼ੀ ਹੋਇ. ਹੈ ਤੇ ਮੈਂ ਇਹਨਾਂ ਦੇ ਮਾਪਿਆਂ ਨੂੰ ਤਹਿ ਦਿਲੋਂ ਵਧਾਈ ਦਿੰਦਾ ਹਾਂ, ਜਿਹਨਾਂ ਨੇ ਇਹ ਹੀਰਾ ਪੈਦਾ ਕੀਤਾ ਹੈ। ਕਿਸਾਨਾਂ ਸਿਰ ਚੜ੍ਹੇ ਕਰਜ਼ੇ ਅਤੇ ਐਸ. ਵਾਈ. ਐਲ. ਦੇ ਮੁੱਦੇ ਸਬੰਧੀ ਉਹ ਹੱਸ ਕੇ ਟਾਲ ਗਏ।

ਸੰਤ ਜਗਜੀਤ ਸਿੰਘ ਲੋਪੋ ਵਾਲਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੈਨੂੰ ਇੱਥੇ ਆ ਕੇ ਕਲਾਕ੍ਰਿਤਾਂ ਦੇਖ ਕੇ ਬੇਹੱਦ ਖ਼ੁਸ਼ੀ ਹੋਈ ਹੈ। ਉਹਨਾਂ ਆਰਟਿਸਟ ਮਨਜੀਤ ਸਿੰਘ ਵੱਲੋਂ ਕਲਾ ਦੇ ਖੇਤਰ ਵਿਚ ਪਾਏ ਗਏ ਯੋਗਦਾਨ ਦੀ ਭਰਪੂਰ ਪ੍ਰਸੰਸਾ ਕੀਤੀ। ਇਸ ਮੌਕੇ ਸਰਕਾਰੀ ਮਿਡਲ ਸਕੂਲ ਕਬਰਵੱਛਾ ਅਤੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਦੀਆਂ ਲੜਕੀਆਂ ਨੇ ਕਲਾਕ੍ਰਿਤਾਂ ਵੇਖ ਕੇ ਆਪਣੇ ਗਿਆਨ ਵਿਚ ਵਾਧਾ ਕੀਤਾ।

ਇਸ ਸਮਾਗਮ ਮੌਕੇ ਜ਼ਿਲ੍ਹਾ ਪ੍ਰਧਾਨ ਜਸਵੰਤ ਸਿੰਘ ਛਾਪਾ ਸਰਬੱਤ ਦਾ ਭਲਾ ਜ਼ਿਲ੍ਹਾ ਲੁਧਿਆਣਾ, ਤਰਸੇਮ ਸਿੰਘ ਰੱਤੀਆਂ, ਮਾਸਟਰ ਹਜ਼ੂਰਾ ਸਿੰਘ, ਦਰਸ਼ਨ ਸਿੰਘ ਸਕਾਈਲਾਰਕ, ਸਰਪੰਚ ਬਲਜੀਤ ਸਿੰਘ, ਸਾਬਕਾ ਸਰਪੰਚ ਲਾਲ ਸਿੰਘ, ਸਰਪੰਚ ਅੰਗਰੇਜ਼ ਸਿੰਘ ਦੌਲਤਪੁਰਾ, ਤਰਲੋਚਨ ਸਿੰਘ ਭਾਜਪਾ ਆਗੂ, ਸਾਬਕਾ ਸਰਪੰਚ ਬਲਦੇਵ ਸਿੰਘ, ਮਾਸਟਰ ਕੇਵਲ ਸਿੰਘ, ਮਾਸਟਰ ਅੰਮ੍ਰਿਤਪਾਲ ਸਿੰਘ, ਪਿੰਡ ਦੇ ਪਤਵੰਤੇ ਅਤੇ ਬਾਹਰੋਂ ਆਏ ਪਿੰਡਾਂ ਦੇ ਲੋਕ ਹਾਜ਼ਰ ਸਨ।

**–ਡਾ. ਬਲਰਾਜ ਸਿੰਘ ਘੱਲ ਕਲਾਂ**
(98150-65177

# ਦਿੱਲੀ ਨਗਰ ਨਿਗਮ ਚੋਣਾਂ ਵਿਚ ਵੀ ਮੋਹਰੀ ਰਹੀ ਭਾਜਪਾ

ਨਵੀਂ ਦਿੱਲੀ- ਦਿੱਲੀ ਨਗਰ ਨਿਗਮ ਦੀਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਆਪਣੇ ਵਿਰੋਧੀਆਂ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੂੰ ਪਛਾੜ ਦਿੱਤਾ ਹੈ। ਖਬਰ ਲਿਖ ਜਾਣ ਤੱਕ ਭਾਜਪਾ ਦੀ 71 ਵਾਰਡਾਂ ਤੇ ਬੜਤ ਸੀ, ਜਦਕਿ ਕਾਂਗਰਸ 16 ਅਤੇ ਆਮ ਆਦਮੀ ਪਾਰਟੀ 14 ਵਾਰਡਾਂ ਤੇ ਹੀ ਅੱਗੇ ਚੱਲ ਰਹੀ ਸੀ।



ਭਾਜਪਾ ਨੇ ਇਸਨੂੰ ਵਿਕਾਸ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਦੀ ਜਿੱਤ ਕਰਾਰ ਦਿੱਤਾ ਹੈ, ਜਦਕਿ ਆਮ ਆਦਮੀ ਪਾਰਟੀ ਦਾ ਕਹਿਣਾ ਹੈ ਕਿ ਭਾਜਪਾ ਨੇ ਈਵੀ. ਐਮ. ਮਸ਼ੀਨਾਂ ਵਿਚ ਗੜਬੜੀ ਕੀਤੀ ਹੈ। ਕਾਂਗਰਸ ਦੀ ਹਾਰ ਤੋਂ ਬਾਅਦ ਦਿੱਲੀ ਦੇ ਪਾਰਟੀ ਸੂਬਾ ਪ੍ਰਧਾਨ ਅਜੈ ਮਾਕਨ ਨੇ ਅਸਤੀਫਾ ਦੇ ਦਿੱਤਾ ਹੈ।

# ਖ਼ਾਲਸਾ ਯੂਨੀਵਰਸਿਟੀ ਦਾ ਭੋਗ ਪਾਉਣ ਲਈ ਆਰਡੀਨੈਂਸ ਰਾਜਪਾਲ ਨੂੰ ਭੇਜਿਆ

**ਚੰਡੀਗੜ੍ਹ–** ਕੈਪਟਨ ਸਰਕਾਰ ਨੇ ਅੰਮ੍ਰਿਤਸਰ ਦੀ ਖਾਲਸਾ ਯੂਨੀਵਰਸਿਟੀ ਦਾ ਭੋਗ ਪਾਉਣ ਲਈ ਆਰਡੀਨੈਂਸ ਪ੍ਰਵਾਨਗੀ ਵਾਸਤੇ ਰਾਜਪਾਲ ਨੂੰ ਭੇਜ ਦਿੱਤਾ ਹੈ। ਰਾਜਪਾਲ ਵੱਲੋਂ ਹਰੀ ਝੰਡੀ ਮਿਲਦਿਆਂ ਹੀ ਸੂਬੇ ਦੇ ਸਭ ਤੋਂ ਪੁਰਾਣੇ ਵਿਰਾਸਤੀ ਕਾਲਜ ਦਾ ਦਰਜਾ ਬਹਾਲ ਹੋ ਜਾਵੇਗਾ।

ਵਰਨਣਯੋਗ ਹੈ ਕਿ ਕਾਂਗਰਸ ਨੇ ਪਿਛਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਵਿਰਾਸਤੀ ਖਾਲਸਾ ਕਾਲਜ ਨੂੰ ਯੂਨੀਵਰਸਿਟੀ ਵਿੱਚ ਤਬਦੀਲ ਕਰਨ ਦੇ ਫੈਸਲੇ ਦਾ ਸਖ਼ਤ ਵਿਰੋਧ ਕਰਦਿਆਂ ਐਲਾਨ ਕੀਤਾ ਸੀ ਕਿ ਪਾਰਟੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਕਾਲਜ ਦਾ ਰੁਤਬਾ ਬਹਾਲ ਕੀਤਾ ਜਾਵੇਗਾ ਅਤੇ ਕਾਲਜ ਨੂੰ ਸਾਰੀ ਜ਼ਮੀਨ ਮੋੜੀ ਜਾਵੇਗੀ। ਅੰਮ੍ਰਿਤਸਰ ਦੇ ਲੋਕਾਂ ਤੇ ਖਾਸ ਕਰ ਕੇ ਖਾਲਸਾ ਕਾਲਜ ਨਾਲ ਜੁੜੀਆਂ ਸ਼ਖ਼ਸੀ-ਅਤਾਂ ਨੇ ਵੀ ਕਾਲਜ ਨੂੰ ਯੂਨੀਵਰਸਿਟੀ ਵਿੱਚ ਬਦਲਣ ਦਾ ਵਿਰੋਧ ਕਰਦਿਆਂ ਅੰਦੋਲਨ ਕੀਤਾ ਸੀ। ਉਨ੍ਹਾਂ ਦਾ ਤਰਕ ਸੀ ਕਿ ਕਾਲਜ ਦੀ ਕੰਧ ਦੇ ਦੂਜੇ ਪਾਸੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਹੈ ਅਤੇ ਇਸ ਲਈ ਨਾਲ ਹੀ ਇਕ ਹੋਰ ਯੂਨੀਵਰਸਿਟੀ ਬਣਾਉਣ ਦੀ ਕੋਈ ਤੁਕ ਨਹੀਂ ਹੈ। ਜੇ ਪ੍ਰਬੰਧਕ ਯੂਨੀਵਰਸਿਟੀ ਬਣਾਉਣਾ ਚਾਹੁੰਦੇ ਹਨ ਤਾਂ ਉਹ ਜਲੰਧਰ ਵਿੱਚ ਬਣਾ ਲੈਣ ਕਿਉਂਕਿ ਉਥੇ ਵੀ ਕਾਲਜ ਦੇ ਨਾਂ ’ਤੇ ਦੋ ਸੌ ਏਕੜ ਤੋਂ ਵੱਧ ਜ਼ਮੀਨ ਹੈ।

ਕਾਂਗਰਸ ਆਗੂ ਲਾਲੀ ਮਜੀਠੀਆ ਨੇ ਇਸ ਮਾਮਲੇ ਨੂੰ ਵੱਡੇ ਪੱਧਰ ’ਤੇ ਉਠਾਇਆ ਅਤੇ ਉਨ੍ਹਾਂ ਪਿਛਲੇ ਦਿਨੀਂ ਚੰਡੀਗੜ੍ਹ ਵਿੱਚ ਪ੍ਰੈਸ ਕਾਨਫਰੰਸ ਕਰ ਕੇ ਯੂਨੀਵਰਸਿਟੀ ਨੂੰ ਕਾਲਜ ਵਿੱਚ ਬਦਲਣ ਦੀ ਮੰਗ ਕੀਤੀ। ਉਨ੍ਹਾਂ ਸਾਬਕਾ ਮਾਲ ਮੰਤਰੀ ਬਿਕਰਮ ਮਜੀਠੀਆ ਵਿਰੁੱਧ ਦੋਸ਼ ਲਾਇਆ ਸੀ ਕਿ ਉਨ੍ਹਾਂ ਖਾਲਸਾ ਕਾਲਜ ਦੀ ਜ਼ਮੀਨ ’ਤੇ ਕਥਿਤ ਤੌਰ ਉਤੇ ਕਬਜ਼ਾ ਕਰਨ ਦੇ ਮੰਤਵ ਲਈ ਸਾਰੀ ਕਾਰਵਾਈ ਕੀਤੀ ਹੈ। ਕੈਪਟਨ ਸਰਕਾਰ ਨੇ ਆਪਣੀ ਵਜ਼ਾਰਤ ਦੀ ਦੂਜੀ ਮੀਟਿੰਗ ਵਿੱਚ ਖਾਲਸਾ ਯੂਨੀਵਰਸਿਟੀ ਨੂੰ ਖ਼ਤਮ ਕਰਨ ਦੇ ਫੈਸਲੇ ’ਤੇ ਮੋਹਰ ਲਾਈ ਸੀ ਅਤੇ ਉਚੇਰੀ ਸਿੱਖਿਆ ਵਿਭਾਗ ਨੂੰ ਇਸ ਸਬੰਧੀ ਕਾਰਵਾਈ ਦੀ ਹਦਾਇਤ ਕੀਤੀ ਸੀ। ਇਕ ਸੀਨੀਅਰ ਅਧਿਕਾਰੀ ਨੇ ਆਰਡੀਨੈਂਸ ਜਾਰੀ ਕਰਨ ਲਈ ਰਾਜਪਾਲ ਨੂੰ ਭੇਜਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਹ ਕੰਮ ਜਲਦੀ ਹੋ ਜਾਵੇਗਾ। ਇਕ ਹੋਰ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਆਰਡੀਨੈਂਸ ਜਾਰੀ ਹੋਣ ਵਿੱਚ ਕੁਝ ਸਮਾਂ ਲੱਗ ਸਕਦਾ ਹੈ। ਰਾਜਪਾਲ ਕਾਨੂੰਨੀ ਮਸ਼ੀਰ ਕੋਲੋਂ ਸਲਾਹ ਵੀ ਮੰਗ ਸਕਦੇ ਹਨ।

ਦੂਜੇ ਪਾਸੇ ਖਾਲਸਾ ਯੂਨੀਵਰਸਿਟੀ ਦੇ ਪ੍ਰਬੰਧਕਾਂ ਨੇ ਆਰਡੀਨੈਂਸ ਨੂੰ ਅਦਾਲਤ ਵਿੱਚ ਚੁਣੌਤੀ ਦੇਣ ਦਾ ਐਲਾਨ ਕੀਤਾ ਹੋਇਆ ਹੈ ਅਤੇ ਇਹ ਵੀ ਸੰਭਵ ਹੈ ਕਿ ਮਾਮਲਾ ਅਦਾਲਤੀ ਚੱਕਰ ਵਿੱਚ ਫਸ ਸਕਦਾ ਹੈ।

# ਪਹਿਲੀ ਮਈ ਦੀ ਰਾਤ: ਨਾਟਕਾਂ ਅਤੇ ਗੀਤਾਂ ਭਰੀ ਰਾਤ

**ਜਲੰਧਰ–** ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਵੱਲੋਂ ਬੀਤੇ 35 ਸਾਲ ਤੋਂ ਕੌਮਾਂਤਰੀ ਮਜ਼ਦੂਰ ਦਿਹਾੜੇ ਮੌਕੇ ਮਨਾਈ ਜਾਂਦੀ ਨਾਟਕਾਂ ਅਤੇ ਗੀਤਾਂ ਭਰੀ ਰਾਤ ਇਸ ਵਾਰ ਰੂਸੀ ਸਮਾਜਵਾਦੀ ਇਨਾਬ ਦੀ 100ਵੀਂ ਵਰ੍ਹੇਗੰਢ (1917-2017) ਨੂੰ ਸਮਰਪਿਤ ਕੀਤੀ ਜਾ ਰਹੀ ਹੈ।

ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ’ਚ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ’ਚ ਸਮਾਗਮ ਦੀ ਰੂਪ ਰੇਖਾ ਨੂੰ ਅੰਤਿਮ ਛੋਹਾਂ ਦਿੱਤੀਆਂ ਗਈਆਂ।

ਪੰਜਾਬੀ ਭਵਨ ਲੁਧਿਆਣਾ ਵਿਖੇ ਪਹਿਲੀ ਮਈ ਸਾਰੀ ਰਾਤ ਹੋਣ ਵਾਲੇ ਨਾਟਕ ਅਤੇ ਗੀਤ ਸੰਗੀਤ ਮੇਲੇ ’ਚ 'ਸਿਰੋਪਾ’ (ਸੰਗੀਤਾ ਗੁਪਤਾ), 'ਅੱਗ ਦਾ ਸਫ਼ਾ’ (ਹਰਕੇਸ਼ ਚੌਧਰੀ), ਕਾਵਿ ਨਾਟ ਡਾ. ਜਗਤਾਰ ਦੀਆਂ ਕਵਿਤਾਵਾਂ ’ਤੇ ਅਧਾਰਤ (ਕਰਾਂਤੀਪਾਲ), ਜ਼ਿੰਦਗੀ ਜ਼ਿੰਦਾਬਾਦ (ਮਾ. ਕੁਲਜੀਤ ਵੇਰਕਾ), ਏਕ ਬੇਚਾਰਾ ਬਚਪਨ (ਮਨਦੀਪ ਸਿੰਘ) ਨਾਟਕ ਖੇਡੇ ਜਾਣਗੇ। ਚੇਤਨਾ ਕਲਾ ਕੇਂਦਰ ਬਰਨਾਲਾ (ਹਰਵਿੰਦਰ ਦੀਵਾਨਾ) ਐਕਸ਼ਨ ਗੀਤ ਹੋਏਗਾ।

ਲੋਕ ਸੰਗੀਤ ਮੰਡਲੀ ਭਦੌੜ, ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ, ਸੰਗੀਤ ਮੰਡਲੀ ਲੋਹੀਆਂ, ਆਵਾਮ ਰੰਗ ਮੰਚ ਪਟਿਆਲਾ ਗੀਤ-ਸੰਗੀਤ ਪੇਸ਼ ਕਰਨਗੇ।

ਇਸ ਰਾਤ ਨਾਮਵਰ ਲੇਖਕ ਬਲਦੇਵ ਸੜਕਨਾਮਾ ਦਾ ਸਨਮਾਨ ਕੀਤਾ ਜਾਏਗਾ।

ਪਲਸ ਮੰਚ ਨੇ ਸਮੂਹ ਸੰਸਥਾਵਾਂ ਅਤੇ ਪਰਿਵਾਰਾਂ ਨੂੰ ਨਾਟਕ ਅਤੇ ਗੀਤ-ਸੰਗੀਤ ਮੇਲੇ ’ਚ ਸ਼ਿਰਕਤ ਕਰਨ ਦੀ ਅਪੀਲ ਕੀਤੀ ਹੈ।

**– ਅਮੋਲਕ ਸਿੰਘ** (91-94170 76735)

# ਨਿੱਤ ਘੱਟ ਰਹੀਆਂ ਨੌਕਰੀਆਂ ਬੇਰੁਜ਼ਗਾਰਾਂ ਲਈ ਖਤਰੇ ਦੀ ਘੰਟੀ

## ਮਰਦਮਸ਼ੁਮਾਰੀ ਮੁਤਾਬਕ 2001 ਵਿੱਚ ਬੇਰੁਜ਼ਗਾਰ ਭਾਰਤ ਵਿੱਚ ਬੇਰੁਜ਼ਗਾਰੀ ਦੀ ਦਰ 6.8 ਫੀਸਦੀ ਸੀ ਜੋ 2011 ਵਿਚ ਵਧਕੇ 9.6 ਫੀਸਦੀ ਹੋ ਗਈ ਹੈ। ਨਿਰਮਾਣ ਨਾਲ ਜੁੜੇ ਕਈ ਖੇਤਰ ਆਪਸ 'ਚ ਮਿਲਕੇ ਸਲਾਨਾ ਦਸ ਲੱਖ ਰੁਜ਼ਗਾਰ ਪੈਦਾ ਕਰ ਰਹੇ ਸਨ। ਕਿਰਤ ਸੁਧਾਰਾਂ ਦੇ ਨਾ ਹੋਣ ਕਾਰਨ ਪਿਛਲੇ ਕੁਝ ਸਾਲਾਂ ਦੌਰਾਨ ਮਜ਼ਦੂਰਾਂ ਦੀ ਸਥਿਤੀ ਖਰਾਬ ਹੁੰਦੀ ਗਈ ਹੈ ਅਤੇ ਰੁਜ਼ਗਾਰ ਘੱਟਦੇ ਗਏ ਹਨ। ਇਹ ਸਿਲਸਿਲਾ ਯੂ.ਪੀ.ਏ. ਸਰਕਾਰ ਦੇ ਆਖ਼ਰੀ ਸਾਲਾਂ 'ਚ ਸ਼ੁਰੂ ਹੋ ਗਿਆ ਸੀ ਜੋ ਮੌਜੂਦਾ ਸਰਕਾਰ 'ਚ ਜਾਰੀ ਹੈ।



ਗੁਰਮੀਤ ਸਿੰਘ ਪਲਾਹੀ
91-98158-02070

ਨੌਕਰੀਆਂ ਲਈ ਭਾਰਤੀ ਬਜ਼ਾਰ ਖਾਲੀ ਹੈ। ਹਰ ਮਹੀਨੇ ਲੱਖਾਂ ਭਾਰਤੀ ਲੋਕ ਬੇਰੁਜ਼ਗਾਰਾਂ ਦੀ ਉਸ ਜਮਾਤ ਵਿੱਚ ਭਰਤੀ ਹੋ ਰਹੇ ਹਨ,ਜਿਹੜੀ ਪੜ੍ਹਿਆਂ, ਲਿਖਿਆਂ, ਡਿਗਰੀ ਧਾਰਕਾਂ ਦੀ ਜਮਾਤ ਹੈ, ਜਿਹਨਾਂ ਕੋਲ ਰੁਜ਼ਗਾਰ ਪ੍ਰਾਪਤ ਕਰਨ ਦੀ ਯੋਗਤਾ ਹੈ, ਪਰ ਉਸ ਪੈਮਾਨੇ 'ਤੇ ਉਹਨਾਂ ਲਈ ਨੌਕਰੀ ਨਹੀਂ, ਜਿਸ ਦੇ ਉਹ ਹੱਕਦਾਰ ਹਨ।

ਫਰਵਰੀ 2017 ਦੇ ਅੰਕੜਿਆਂ ਮੁਤਾਬਕ ਭਾਰਤ ਦੇ ਉਦਯੋਗਿਕ ਉਤਪਾਦਨ (ਆਈ ਆਈ ਪੀ) ਦੀ ਵਿਕਾਸ ਦੀ ਦਰ 1.2 ਫੀਸਦੀ ਉਤੇ ਅਟਕੀ ਹੋਈ ਹੈ ਅਤੇ ਮੁੜ-ਨਿਰਮਾਣ ਅਤੇ ਨਿਰਮਾਣ ਖੇਤਰ ਦੀ ਵਿਕਾਸ ਦਰ 2 ਫੀਸਦੀ ਤੋਂ ਅੱਗੇ ਨਹੀਂ ਵੱਧ ਰਹੀ, ਸਿੱਟਾ ਬੇਰੁਜ਼ਗਾਰੀ 'ਚ ਲਗਾਤਰ ਵਾਧਾ ਹੋ ਰਿਹਾ ਹੈ। ਫਿਰ ਵੀ ਭਾਰਤ ਨੂੰ ਵਿਸ਼ਵ ਮੰਦੀ ਦੇ ਦੌਰ ਵਿਚ ਚਮਕਦੀ ਅਰਥ ਵਿਵਸਥਾ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ। ਮੋਦੀ ਸਰਕਾਰ ਨੇ ਆਪਣੇ ਕਾਰਜ ਕਾਲ ਦਾ ਅੱਧ ਪੁਗਾ ਲਿਆ ਹੈ। ਚੋਣਾਂ ਜਿੱਤਣ ਉਪਰੰਤ ਮੌਜੂਦਾ ਸਰਕਾਰ ਨੇ ਬਹੁਤ ਹੀ ਜ਼ੋਰ-ਸ਼ੋਰ ਨਾਲ ਮੇਕ ਇਨ-ਇੰਡੀਆ, ਸਕਿੱਲ ਇੰਡੀਆ, ਸਟਾਰਟ-ਅੱਪ-ਇੰਡੀਆ ਜਿਹੀਆਂ ਯੋਜਨਾਵਾਂ ਲਿਆਕੇ ਪਹਿਲ ਕੀਤੀ। ਪਰ ਰੁਜ਼ਗਾਰ ਸਿਰਜਣ ਦਾ ਕੰਮ ਸਰਕਾਰ ਸਾਹਮਣੇ ਹੁਣ ਵੀ ਵੱਡੀ ਚਣੌਤੀ ਦੇ ਰੂਪ 'ਚ ਖੜਾ ਹੈ। ਵਿਸ਼ਵ ਪ੍ਰਸਿੱਧ ਮੰਨੀ ਜਾ ਰਹੀ ਮਨਰੇਗਾ (ਮਹਾਤਮਾ ਗਾਂਧੀ ਰਾਸ਼ਟਰੀ ਗ੍ਰਾਮੀਣ ਰੋਜ਼ਗਾਰ ਗਰੰਟੀ ਐਕਟ) ਨਾਲ ਜੁੜੇ ਰੁਜ਼ਗਾਰ 'ਚ ਕੋਈ ਖਾਸ ਵਾਧਾ ਨਹੀਂ ਹੋਇਆ। ਕਾਰਨ ਇਹ ਵੀ ਹੈ ਕਿ ਸਰਕਾਰ ਵਲੋਂ ਇਸ ਯੋਜਨਾ ਨੂੰ ਮਜ਼ਬੂਰਨ ਹੀ ਅਪਨਾਇਆ ਗਿਆ ਹੈ ਅਤੇ ਇੱਕ ਰਿਪੋਰਟ ਮੁਤਾਬਕ ਸਾਲ 2016-17 ਦੇ ਮਜ਼ਦੂਰਾਂ ਵਲੋਂ ਕੀਤੇ ਕੰਮ ਦੇ ਦੇਸ਼ ਵਿਆਪੀ 9124 ਕਰੋੜ ਰੁਪਏ ਬਕਾਇਆ ਦੇਣ ਵਾਲੇ ਹਨ। ਜੋ ਸਰਕਾਰ ਦੀ ਰੁਜ਼ਗਾਰ ਪ੍ਰਤੀ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ।

ਸਿੱਖਿਆ ਦੇ ਖੇਤਰ ਵਿੱਚ ਕੀਤੀਆਂ ਗਈਆਂ ਪਹਿਲ-ਕਦਮੀਆਂ ਅਤੇ ਸਿੱਖਿਆ ਪ੍ਰਾਪਤੀ ਲਈ ਦਿਤੇ ਜਾ ਰਹੇ ਕਰਜ਼ੇ ਨਾਲ ਵੀ ਰੁਜ਼ਗਾਰ ਦੀ ਸਿਰਜਣਾ ਨਹੀਂ ਵੇਖੀ ਜਾ ਰਹੀ। ਬੇਰੁਜ਼ਗਾਰਾਂ ਦੀ ਹਾਲਤ ਇਹ ਬਣ ਚੁੱਕੀ ਹੈ ਕਿ ਸਰਕਾਰੀ ਖੇਤਰ ਦੀ ਚੌਥੀ ਸ਼੍ਰੇਣੀ ਦੀ ਭਰਤੀ ਲਈ ਪੀ.ਐਚ.ਡੀ., ਇੰਜੀਨੀਰਿੰਗ ਜਿਹੇ ਡਿਗਰੀ ਧਾਰਕ ਆਵੇਦਨ ਕਰ ਰਹੇ ਹਨ। ਸਾਲ 2011 ਦੀ ਮਰਦਮ ਸ਼ੁਮਾਰੀ ਅਨੁਸਾਰ ਕੁਲ 116 ਕਰੋੜ ਭਾਰਤੀਆਂ ਵਿੱਚੋਂ 32 ਕਰੋੜ ਅਨਪੜ੍ਹ ਅਤੇ 84 ਕਰੋੜ ਪੜ੍ਹੇ ਲਿਖੇ ਸਨ। ਜਿਨ੍ਹਾਂ ਵਿੱਚ 7 ਕਰੋੜ 20 ਲੱਖ ਟੈਕਨੀਕਲ ਸਰਟੀਫੀਕੇਟ, ਡਿਪਲੋਮਾ, ਧਾਰਕ ਅਤੇ 2 ਕਰੋੜ 80 ਲੱਖ ਗਰੇਜੂਏਟ, ਪੋਸਟ ਗਰੇਜੂਏਟ ਅਤੇ ਟੈਕਨੀਕਲ ਡਿਗਰੀ ਧਾਰਕ ਬੇਰੁਜ਼ਗਾਰ ਸਨ। ਜਿਹਨਾਂ ਦੀ ਗਿਣਤੀ 'ਚ ਸਾਲੋ-ਸਾਲ ਵਾਧਾ ਹੁੰਦਾ ਜਾ ਰਿਹਾ ਹੈ। ਮਰਦਮਸ਼ੁਮਾਰੀ ਮੁਤਾਬਕ 2001 ਵਿੱਚ ਬੇਰੁਜ਼ਗਾਰ ਭਾਰਤ ਵਿੱਚ ਬੇਰੁਜ਼ਗਾਰੀ ਦੀ ਦਰ 6.8 ਫੀਸਦੀ ਸੀ ਜੋ 2011 ਵਿਚ ਵਧਕੇ 9.6 ਫੀਸਦੀ ਹੋ ਗਈ ਹੈ। ਨਿਰਮਾਣ ਨਾਲ ਜੁੜੇ ਕਈ ਖੇਤਰ ਆਪਸ 'ਚ ਮਿਲਕੇ ਸਲਾਨਾ ਦਸ ਲੱਖ ਰੁਜ਼ਗਾਰ ਪੈਦਾ ਕਰ ਰਹੇ ਸਨ। ਕਿਰਤ ਸੁਧਾਰਾਂ ਦੇ ਨਾ ਹੋਣ ਕਾਰਨ ਪਿਛਲੇ ਕੁਝ ਸਾਲਾਂ ਦੌਰਾਨ ਮਜ਼ਦੂਰਾਂ ਦੀ ਸਥਿਤੀ ਖਰਾਬ ਹੁੰਦੀ ਗਈ ਹੈ ਅਤੇ ਰੁਜ਼ਗਾਰ ਘੱਟਦੇ ਗਏ ਹਨ। ਇਹ ਸਿਲਸਿਲਾ ਯੂ.ਪੀ.ਏ. ਸਰਕਾਰ ਦੇ ਆਖ਼ਰੀ ਸਾਲਾਂ 'ਚ ਸ਼ੁਰੂ ਹੋ ਗਿਆ ਸੀ ਜੋ ਮੌਜੂਦਾ ਸਰਕਾਰ 'ਚ ਜਾਰੀ ਹੈ। ਮੋਦੀ ਸਰਕਾਰ ਨੇ ਆਪਣੇ ਕਾਰਜਕਾਲ 'ਚ ਕਾਲੇ ਧਨ ਦੇ ਖਿਲਾਫ ਮੁਹਿੰਮ ਚਲਾਉਣ ਦਾ ਦਾਅਵਾ ਕੀਤਾ ਹੈ, ਨੋਟਬੰਦੀ ਉਨ੍ਹਾਂ 'ਚੋਂ ਇੱਕ ਹੈ, ਕਰ ਚੋਰਾਂ ਨੂੰ ਨਕੇਲ ਪਾਉਣ ਦੀ ਗੱਲ ਕੀਤੀ ਜਾ ਰਹੀ ਹੈ, ਸਰਪੱਲਸ ਬਿਜਲੀ ਪੈਦਾ ਕਰਨ ਅਤੇ ਦੇਸ਼ ਦੀ ਸੁਰੱਖਿਆ ਨੂੰ ਵੱਡੇ ਪੱਧਰ 'ਤੇ ਨਿਜੱਠਣ ਲਈ ਚੁੱਕੇ ਕਦਮਾਂ ਦੀਆਂ ਟਾਹਰਾਂ ਮਾਰੀਆਂ ਜਾ ਰਹੀਆਂ ਹਨ। ਜੀ.ਡੀ.ਪੀ. ਦੇ ਵਿਕਾਸ ਦੀ ਦਰ ਸੱਤ ਫੀਸਦੀ ਤੋਂ ਉਪਰ ਹੈ। ਸ਼ੇਅਰ ਬਜਾਰ ਵੀ ਉਛਾਲ ਮਾਰ ਰਿਹਾ ਹੈ। ਪਰ ਪਿਛਲੇ ਸਤ ਸਾਲਾਂ ਵਿੱਚ ਰੁਜ਼ਗਾਰ ਸਿਰਜਣ ਦਾ ਦ੍ਰਿਸ਼ ਕਾਫੀ ਮਾਯੂਸ ਕਰਨ ਵਾਲਾ ਹੈ।





ਬੇਸ਼ਕ ਵਿਸ਼ਵ ਅਰਥ ਵਿਵਸਥਾ ਕਮਜ਼ੋਰ ਹੋ ਰਹੀ ਹੈ।ਇਸ ਦਾ ਬੁਰਾ ਅਸਰ ਭਾਰਤ ਵਿਚ ਵੀ ਪਿਆ ਹੈ, ਕਿਉਂਕਿ ਨਿਰਮਾਣ ਅਤੇ ਉਤਪਾਦਨ ਖੇਤਰਾਂ ਨਾਲ ਜੁੜੇ ਬਹੁਤ ਸਾਰੇ ਰੁਜ਼ਗਾਰ ਵੱਖਰੇ-ਵੱਖਰੇ ਪੱਧਰ 'ਤੇ ਮੂਲ-ਜੋੜ (ਵੈਲਿਯੂ ਅਡੀਸ਼ਨ) ਨਾਲ ਜੁੜੇ ਹੁੰਦੇ ਹਨ। ਬਜ਼ਾਰ ਵਿਚ ਜਾਣ ਤੋਂ ਪਹਿਲਾਂ ਉਤਪਾਦਨ ਅਤੇ ਨਿਰਮਾਣ ਦਾ ਪੂਰਾ ਚੱਕਰ ਹੈ, ਤਦੇ ਕੋਈ ਚੀਜ ਤਿਆਰ ਹੁੰਦੀ ਹੈ।ਹੇਠਲੇ ਪੱਧਰ ਵਿੱਚ ਰੁਜ਼ਗਾਰ ਘੱਟ ਹੋਣ ਦੇ ਪਿਛੇ ਅਨਿਸਚਿਤਤਾ ਅਤੇ ਲਚੀਲੇਪਨ ਦੀ ਕਮੀ ਵੀ ਕਾਰਨ ਹੈ। ਉਦਾਹਰਨ ਦੇ ਤੌਰ ਤੇ ਨੋਕੀਆ ਇੰਡੀਆ ਨੇ ਨਵੰਬਰ 2014 'ਚ ਚਨੇਈ ਸਥਿਤ ਆਪਣੀ ਹੈਂਡਸੈਟ ਫੈਕਟਰੀ ਬੰਦ ਕਰ ਦਿੱਤੀ, ਜਿਸ ਵਿੱਚ ਕੰਮ ਕਰਦੇ 8000 ਕਾਮੇ ਬੇਰੁਜ਼ਗਾਰ ਹੋ ਗਏ। ਇਸਦੇ ਪਿਛੇ ਕਾਰਨ ਸਿਰਫ ਇਹ ਹੀ ਨਹੀਂ ਸੀ ਕਿ ਉਨ੍ਹਾਂ ਦਾ ਭਾਰਤ ਸਰਕਾਰ ਨਾਲ ਟਕਰਾਅ ਸੀ, ਸਗੋਂ ਇਹ ਤੱਥ ਵੀ ਜੁੜਿਆ ਹੋਇਆ ਸੀ ਕਿ ਕੰਪਨੀ ਨੂੰ ਘੱਟ ਲਾਗਤ ਉਤੇ ਚੀਨ ਅਤੇ ਵੀਅਤਨਾਮ ਵਿਚ ਹੈਂਡਸੈਟ ਦੇ ਉਤਪਾਦਨ ਦੀ ਸੁਵਿਧਾ ਮਿਲ ਰਹੀ ਸੀ। ਇਸ ਤੋਂ ਇਲਾਵਾ ਕਈ ਕੰਪਨੀਆਂ ਨੇ ਭਾਰਤ 'ਚੋਂ ਜਾਣ ਦਾ ਪਿਛਲੇ ਸਮੇਂ ਵਿੱਚ ਫੈਸਲਾ ਲਿਆ ਜਿਸ ਵਿੱਚ ਗੋਲਡਮੈਨ ਸੈਸ਼, ਨੋਮੁਰਾ ਅਤੇ ਜੇਬੀ ਮੋਰਗਨ ਏਸੈਟ ਮੈਨਜਮੈਂਟ ਜਿਹੀਆਂ ਵਿਸ਼ਵ ਪ੍ਰਸਿੱਧੀ ਪ੍ਰਾਪਤ ਵਿੱਤੀ ਸੁਵਿਧਾਵਾਂ ਨਾਲ ਜੁੜੀਆਂ ਕੰਪਨੀਆਂ ਸ਼ਾਮਲ ਹਨ।

ਮੋਦੀ ਜੀ ਨੇ ਸਟਾਰਟ-ਅਪ ਸ਼ੁਰੂ ਕੀਤੀ। ਇਸ ਵਿੱਚ ਪੈਦਾ ਹੋਇਆ ਰੁਜ਼ਗਾਰ ਉਤਸ਼ਾਹਜਨਕ ਨਹੀਂ ਰਿਹਾ। ਅਨੇਕਾਂ ਸਟਾਰਟ ਜਾਂ ਤਾਂ ਬੰਦ ਹੋ ਚੁੱਕੀਆਂ ਹਨ ਜਾਂ ਫਿਰ ਉਹ ਕਿਸੇ ਦੂਜੀ ਕੰਪਨੀ 'ਚ ਖਪਤ ਹੋ ਗਈਆਂ, ਜਿਸ ਨਾਲ ਬਹੁਤ ਸਾਰੇ ਰੁਜ਼ਗਾਰ ਹਮੇਸ਼ਾ ਲਈ ਖਤਮ ਹੋ ਗਏ। ਉਦਮੀ ਬਨਣਾ ਸਚਮੁੱਚ ਵੱਡੀ ਖਿੱਚ ਹੈ, ਪਰ ਇਸ ਨਾਲ ਜੁੜੇ ਜੋਖ਼ਿਮ ਵੀ ਘੱਟ ਨਹੀਂ ਹਨ, ਇਸੇ ਲਈ ਇਨ੍ਹਾਂ ਉਦਮਾਂ ਨਾਲ ਜੁੜੇ ਲੋਕਾਂ ਦੀਆਂ ਨੌਕਰੀਆਂ ਵੀ ਜੋਖ਼ਿਮ ਨਾਲ ਜੁੜ ਜਾਂਦੀਆਂ ਹਨ।

ਮਈ 2014 'ਚ ਲੋਕ ਸਭਾ ਚੋਣਾਂ ਵਿਚ ਭਾਜਪਾ ਨੇ ਪਿਛਲੀ ਸਰਕਾਰ ਦੇ ਰੁਜ਼ਗਾਰ ਪੈਦਾ ਨਾ ਕਰ ਪਾਉਣ ਦੀ ਨਾਕਾਮੀ ਨੂੰ ਵੱਡਾ ਮੁੱਦਾ ਬਣਾਇਆ ਸੀ ਅਤੇ ਜ਼ੋਰ ਦੇਕੇ ਕਿਹਾ ਸੀ ਕਿ ਐਨ.ਡੀ.ਏ. ਸਰਕਾਰ ਨੇ ਆਪਣੇ ਪੂਰੇ ਕਾਰਜ਼ ਕਾਲ 'ਚ 10 ਲੱਖ ਨੌਕਰੀਆਂ ਹੀ ਪੈਦਾ ਕੀਤੀਆਂ ਜਦਕਿ ਯੂ.ਪੀ.ਏ. ਸਰਕਾਰ ਸਲਾਨਾ 10 ਲੱਖ ਨੌਕਰੀਆਂ ਪੈਦਾ ਕਰੇਗੀ! ਉਸ ਵਲੋਂ ਪਾਰਟੀ ਦਾ ਫੋਕਸ ਦੇਸ਼ ਦੀ ਅਬਾਦੀ ਦੇ 65% ਹਿੱਸੇਦਾਰੀ ਕਰਨ ਵਾਲੇ 35 ਸਾਲ ਤੱਕ ਦੇ ਯੁਵਕਾਂ ਨਾਲ ਸਬੰਧਤ ਸੀ, ਪਰ ਹਕੀਕਤ 'ਚ ਵੱਖਰਾ ਹੀ ਨਜ਼ਰ ਆ ਰਿਹਾ ਹੈ। ਸਰਕਾਰ ਡਿਜੀਟਾਈਜੇਸ਼ਨ ਉਤੇ ਬਹੁਤ ਜ਼ੋਰ ਦੇ ਰਹੀ ਹੈ, ਪਰ ਡਿਜੀਟਾਈਜੇਸ਼ਨ ਅਤੇ ਆਈ.ਟੀ. ਖੇਤਰ ਦੇ ਕਾਰਨ ਰੁਜ਼ਗਾਰ ਨੂੰ ਕਾਬੂ ਕਰਨ 'ਚ ਸਰਕਾਰ ਨਾਕਾਮ ਹੋ ਰਹੀ ਹੈ। ਯੁਵਕਾਂ ਲਈ ਰੁਜ਼ਗਾਰ ਪੈਦਾ ਕਰਨ ਲਈ ਬਣਾਈਆਂ ਸਕਿੱਲ ਇੰਡੀਆ ਵਰਗੀਆਂ ਯੋਜਨਾਵਾਂ ਵੀ ਰੁਜ਼ਗਾਰ ਮੁਹੱਈਆ ਕਰਨ 'ਚ ਹੁਣ ਤੱਕ ਕੋਈ ਸਾਰਥਿਕ ਰੋਲ ਨਹੀਂ ਅਦਾ ਕਰ ਸਕੀਆਂ।

ਯੂਨਾਈਟਿਡ ਨੇਸ਼ਨਜ਼ ਇੰਟਰਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ 2017 ਦੀ ਰਿਪੋਰਟ ਅਨੁਸਾਰ ਪਿਛਲੇ ਸਾਲ 17 ਕਰੋੜ 70 ਲੱਖ ਲੋਕ ਬੇਰੁਜ਼ਗਾਰ ਸਨ ਜੋ 2017-18 ਵਿਚ 18 ਕਰੋੜ ਹੋ ਜਾਣਗੇ ਅਤੇ ਭਾਰਤ ਵਿਚ ਨੌਕਰੀਆਂ ਦੀ ਕਮੀ ਰਹੇਗੀ, 2017-18 ਵਿਚ ਨਵੀਆਂ ਨੌਕਰੀਆਂ 'ਚ ਵਾਧਾ ਨਹੀਂ ਹੋਵੇਗਾ, ਹਾਲਾਂਕਿ ਬੇਰੁਜ਼ਗਾਰੀ ਵਿਚ ਵਾਧੇ ਦੀ ਦਰ 3.4% ਹੀ ਰਹੇਗੀ। ਇਹੋ ਜਿਹੀ ਹਾਲਤ ਵਿੱਚ ਪੜ੍ਹੇ ਲਿਖੇ ਨੌਜਵਾਨ, ਘੱਟ ਪੜ੍ਹੇ ਲਿਖੇ ਨੌਜਵਾਨਾਂ, ਅਤੇ ਮਜ਼ਦੂਰਾਂ, ਲਈ ਨੌਕਰੀਆਂ ਪੈਦਾ ਕਰਨ ਲਈ ਸਰਕਾਰ ਵਲੋਂ ਵਿਸ਼ੇਸ਼ ਯਤਨਾਂ ਦੀ ਲੋੜ ਹੈ। ਇਹ ਤਦੇ ਸੰਭਵ ਹੈ ਜੇਕਰ ਸਰਕਾਰ ਕਾਰਪੋਰੇਟ ਜਗਤ ਦੇ ਹਿੱਤਾਂ ਲਈ ਨਿੱਤ ਬਣਾਈਆਂ ਜਾ ਰਹੀਆਂ ਯੋਜਨਾਵਾਂ ਤੋਂ ਕਿਨਾਰਾਕਸ਼ੀ ਕਰੇ, ਅਤੇ ਇਹੋ ਜਿਹੀਆਂ ਪਾਲਿਸੀਆਂ ਲਿਆਵੇ ਜੋ ਰੁਜ਼ਗਾਰ ਸਿਰਜਨ ਵਿਚ ਸਹਾਈ ਹੋ ਸਕਣ। ਅਸਲ ਵਿੱਚ ਚੰਗੀਆਂ ਪਾਲਿਸੀਆਂ ਹੀ ਦੇਸ਼ 'ਚੋਂ ਵਿੱਤੀ ਖੜੋਤ ਖਤਮ ਕਰਨ 'ਚ ਸਹਾਈ ਹੋ ਸਕਦੀਆਂ ਹਨ।




(ਸਾਹਿਬ ਕਾਂਸ਼ੀਰਾਮ ਜੀ ਦੀ ਕਿਤਾਬ ਚਮਚਾ ਯੁੱਗ ਵਿਚ ਅਜਿਹੇ ਚਮਚਿਆਂ ਦਾ ਖਾਸ ਤੌਰ 'ਤੇ ਜਿਕਰ ਕੀਤਾ ਗਿਆ ਹੈ, ਜਿਹੜੇ ਵਿਰੋਧੀਆਂ ਦੇ ਹੱਥਾਂ ਵਿਚ ਖੇਡਦੇ ਹਨ) ਬਹੁਜਨ ਸਮਾਜ ਪਾਰਟੀ ਦੇ ਵਰਕਰ ਅਜਿਹੇ ਪਾਰਟੀ ਵਿਰੋਧੀ ਚਮਚਿਆਂ ਤੋਂ ਸਚੇਤ ਰਹਿਣ।

# ਨਵੋਦਿਆ ਕੋਚਿੰਗ ਸੈਂਟਰ ਬਰੇਟਾ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ

**ਬਰੇਟਾ (ਦੀਪ)-** ਕੁਝ ਮਹੀਨੇ ਪਹਿਲਾਂ ਸਿੱਖਿਆ ਵਿਭਾਗ (ਪੰਜਾਬ) ਵੱਲੋਂ ਵਜੀਫ਼ੇ ਸੰਬੰਧੀ (ਨੈਸ਼ਨਲ ਪੱਧਰ) ਦਾ ਟੈਸਟ ਲਿਆ ਗਿਆ ਸੀ। ਜਿਸ ਦਾ ਬੀਤੇ ਦਿਨੀ ਨਤੀਜਾ ਘੋਸ਼ਿਤ ਕੀਤਾ ਗਿਆ। ਇਸ ਪ੍ਰਤੀਯੋਗਤਾ ਵਿੱਚ ਮਾਨਸਾ ਜਿਲ੍ਹੇ ਦੇ ਸਾਰੇ ਸਰਕ-ਾਰੀ ਸਕੂਲਾਂ ਦੇ ਬੱਚਿਆਂ ਨੇ ਭਾਗ ਲਿਆ। ਜਿਨ੍ਹਾਂ ਵਿੱਚੋਂ ਇਸ ਸਿੱਖਿਆ ਸੰਸਥਾਂ ਦੇ ਤਿੰਨ ਵਿਦਿਆਰਥੀਆਂ ਨੇ ਸ਼ਾਨਦਾਰ ਸਫਲਤਾ ਹਾਸਿਲ ਕਰਕੇ ਪੂਰੇ ਜਿਲ੍ਹੇ ਵਿੱਚ ਇਸ ਸੰਸਥਾਂ ਦੇ ਅਧਿਆਪਕਾ ਅਤੇ ਸੰਸਥਾਂ ਦਾ ਜਿਲ੍ਹੇ ਵਿੱਚ ਨਾਮ ਉੱਚਾ ਕੀਤਾ। ਵਿਦਿਆਰਥਣ ਜਸ਼ਨਦੀਪ ਕੌਰ ਨੇ ਜਿਲ੍ਹੇ ਵਿੱਚੋਂ ਤੀਜਾ ਸਥਾਨ ਹਾਸਿਲ ਕੀਤਾ ਅਤੇ ਵਿਦਿਆਰਥਣ ਮਨਪ੍ਰੀਤ ਕੌਰ ਤੇ ਅਮਨਦੀਪ ਕੌਰ ਨੇ ਵੀ ਸਥਾਨ ਹਾਸਿਲ ਕੀਤਾ। ਜਿਸ ਖੁਸੀ ਵਿੱਚ ਗੁਰੂਦੁਆਰਾ ਪ੍ਰਬੰਧਕ ਕਮੇਟੀ (ਬਹਾਦਰਪੁਰ) ਵੱਲੋਂ ਵਿਦਿਆਰਥੀਆਂ ਅਤੇ ਈ.ਟੀ.ਟੀ ਅਧਿਆਪਕ ਹਿਮਾਸ਼ੂ



(ਬਰੇਟਾ) ਦਾ ਵਿਸ਼ੇਸ ਸਨਮਾਨ ਕੀਤਾ ਗਿਆ। ਦੱਸਣਯੋਗ ਗੱਲ ਇਹ ਹੈ ਕਿ ਨਵੋਦਿਆ ਕੋਚਿੰਗ ਸੈਂਟਰ ਇਲਾਕੇ ਦੇ ਗਰੀਬ ਅਤੇ ਹੋਣਹਾਰ ਬੱਚਿਆਂ ਲਈ ਇੱਕ ਚਾਨਣ ਮੁਨਾਰਾ ਸਾਬਿਤ ਹੋਇਆ ਹੈ ਕਿਉਂਕਿ ਇਸ ਸੰਸਥਾਂ ਦੇ ਹੁਣ ਤੱਕ 13 ਬੱਚਿਆਂ ਨੇ ਇਸ ਟੈਸਟ ਨੂੰ ਪਾਸ ਕਰਕੇ ਆਪਣੀ ਵੱਖਰੀ ਪਹਿਚਾਣ ਬਣਾਈ ਹੈ। ਇਹ ਸੰਸਥਾਂ ਮਾਨਯੋਗ ਏ.ਡੀ.ਸੀ. (ਜ) ਸੰਯਮ ਅੱਗਰਵਾਲ ਜੀ ਦੀ ਸੁਚੱਜੀ ਅਤੇ ਯੋਗ ਅਗਵਾਈ ਸਦਕਾ ਹੀ ਅੱਗੇ ਵੱਧ ਰਹੀ ਹੈ। ਇਹਨਾਂ ਅਧਿਆਪਕਾ ਵੱਲੋਂ ਗਰੀਬ ਬੱਚਿਆਂ ਨੂੰ ਸਿੱਖਿਆ ਦੇ ਖੇਤਰ ਵਿੱਚ ਦਿੱਤੇ ਆਪਣੇ ਵਿਸ਼ੇਸ ਯੋਗਦਾਨ ਸਦਕਾ ਕੈਬਨਿਟ ਮੰਤਰੀ ਅਤੇ ਜਿਲ੍ਹਾ ਪ੍ਰਸ਼ਾਸਨ ਵੱਲੋਂ ਵੀ ਵਿਸ਼ੇਸ ਸਨਮਾਣ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮਾਜਸੇਵੀ ਮਨਿੰਦਰ ਕੁਮਾਰ, ਤਰੁਣ ਸਿੰਗਲਾ, ਸੁਨੀਲ ਸਿੰਗਲਾ, ਛਿੰਦਾ ਸਿੰਘ, ਹੈੱਡ ਗ੍ਰੰਥੀ ਬਾਬਾ ਧਰਮ ਸਿੰਘ, ਬਾਬਾ ਕਾਲਾ ਸਿੰਘ, ਗੁਰਮੇਲ ਸਿੰਘ, ਲਾਭ ਸਿੰਘ, ਮੱਖਣ ਸਿੰਘ ਅਤੇ ਹਰਭਜਨ ਸਿੰਘ ਹਾਜ਼ਰ ਸਨ।

# 101 ਸਾਲਾ ਬੇਬੇ ਮਨ ਕੌਰ ਨੇ ਗੋਲਡਨ ਉਮਰ 'ਚ ਗੋਲਡ ਤਮਗਾ ਜਿੱਤਿਆ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਦੇ ਵਿਚ 9ਵੀਂਆਂ 'ਵਰਲਡ ਮਾਸਟਰਜ਼ ਗੇਮਜ਼' 21 ਅਪ੍ਰੈਲ ਤੋਂ ਜਾਰੀ ਹਨ। ਅੱਜ ਸਵੇਰੇ 100 ਮੀਟਰ ਦੌੜ ਦੇ ਹੋਏ ਮੁਕਾਬਲਿਆਂ ਵਿਚ 100 ਸਾਲ ਉਮਰ ਦੇ ਵਰਗ ਵਿਚ ਪੰਜਾਬੀ ਬੇਬੇ ਮਨ ਕੌਰ ਨੇ ਸੋਨ ਤਮਗਾ ਜਿੱਤ ਕੇ ਜਿੱਥੇ ਖੇਡ ਮੈਦਾਨ ਦੇ ਲਾਲ ਰੰਗ ਰੇ-ਸਿੰਗਟ ਟਰੈਕ ਵਿਚ ਤਿੰਨ ਰੰਗਾ ਭਾਰਤੀ ਝੰਡਾ ਲਹਿਰਾ ਨੱਚ ਕੇ ਖੁਸ਼ੀ ਪ੍ਰਗਟ ਕੀਤੀ ਉਥੇ ਇਹ ਵੀ ਦਰਸਾ ਦਿੱਤਾ ਕਿ ਗੋਲਡਨ ਉਮਰ ਦੇ ਵਿਚ ਵੀ ਅੰਤਰਰਾਸ਼ਟਰੀ ਫੱਦਰ ਉਤੇ ਗੋਲਡ ਮੈਡਲ ਜਿੱਤਿਆ ਜਾ ਸਕਦਾ ਹੈ। ਬੇਬੇ ਇਨ੍ਹਾਂ ਵਰਲਡ ਮਾਸਟਰਜ਼ ਗੇਮਾਂ ਦੇ ਵਿਚ ਸਭ ਤੋਂ ਜਿਆਦਾ ਉਮਰ ਦੀ ਅਥਲੀਟ ਹੈ ਅਤੇ ਸਾਰਾ



ਨੈਸ਼ਨਲ ਮੀਡੀਆ ਉਨ੍ਹਾਂ ਦੀ ਕਵਰੇਜ ਵਾਸਤੇ ਉਤਸ਼ਾਹ ਭਰਿਆ ਰਿਹਾ। ਬੇਬੇ ਜੀ ਨੂੰ ਜੋ ਖਿਡਾਰੀ ਨੰਬਰ ਦਿੱਤਾ ਗਿਆ ਸੀ, ਉਸਦਾ ਨੰਬਰ 10001 ਸੀ ਜਿਸਦਾ ਮਤਲਬ ਸੀ ਕਿ 100 ਸਾਲ ਦੀ ਉਮਰ ਵਰਗ ਵਿਚ ਪਹਿਲਾ ਅਥਲੀਟ। ਇਸ ਗੋਲਡ ਮੈਡਲ ਜਿੱਤਣ ਦੇ ਬਾਅਦ ਮਾਤਾ ਜੀ ਦੇ ਸੋਨ ਤਮਗਿਆਂ ਦੀ ਗਿਣਤੀ 20 ਤੋਂ ਵੱਧ ਗਈ ਹੈ। ਬੇਬੇ ਮਨ ਕੌਰ ਭਾਰਤ ਦੀ ਇਕੋ-ਇਕ ਗੋਲਡਨ ਗਰਲ ਹੈ ਜਿਸ ਦੇ ਕੋਲ 8 ਵਰਲਡ ਰਿਕਾਰਡ ਹਨ। ਵੈਨਕੂਵਰ ਵਿਖੇ ਬੇਬੇ ਨਾਲ ਪਿਛਲੇ ਸਾਲ 4 ਗੋਲਡ ਮੈਡਲ ਜਿੱਤੇ ਸਨ। ਇਸ ਵੇਲੇ ਤੱਕ ਮਾਤਾ ਨੇ 25 ਗੋਲਡ ਮੈਡਲਾਂ ਸਮੇਤ ਕੁੱਲ 70 ਮੈਡਲ ਜਿੱਤੇ ਹੋਏ ਹਨ।

# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Trans-mission, Body and Paint Work We Sell Used Cars at a Good Price**



Free Estimates
Free Towing

**510- 733- 2222**

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh



# Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ!
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

**IRP Plates for 48 States- Same day Plates**

**TRUCKING SERVICES:**

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

**PERSONAL CAR SERVICES: (Approved by CA DMV )**

ਕਾਰਾਂ ਦੀ ਤੁਰੰਤ ਟ੍ਰਾਂਸਫਰ ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ, ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV ਕਰਵਾਉਣ ਲਈ ਲਈ ਵੀ ਸੰਪਰਕ ਕਰੋ

**INSURANCE SERVICES:**
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

**ਹੋਰ ਸੇਵਾਵਾਂ**

ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ * ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

**OTHER SERVICES:**

Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services, Once a week Attorney at your service.

ਕਿਸੇ ਵੀ ਜਾਣਕਾਰੀ ਲਈ Call (916) 427-4321

6624 Florin Road Sacramento CA 95828
Email : sacramento99@yahoo.com
Website : www.capitalservices.us



# Buying or Selling Gas Stations and Hotels All over in California

Do you want to Buy/Sell your Gas Station and Hotel Business property? Call us for a free consultation.

ਕੀ ਤੁਸੀਂ ਆਪਣਾ ਗੈਸ ਸਟੇਸ਼ਨ ਜਾਂ ਹੋਟਲ ਦੀ ਕਾਰੋਬਾਰੀ ਸੰਪਤੀ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ। ਅਸੀਂ ਤੁਹਾਨੂੰ ਮੁਫਤ ਮਾਹਿਰਾਂ ਦੀ ਸਲਾਹ ਅਤੇ ਹੋਟਲ ਜਾਂ ਗੈਸ ਸਟੇਸ਼ਨ ਦੀ ਕੀਮਤ ਬਾਰੇ ਜਾਣਕਾਰੀ ਦਿਆਂਗੇ।

Call us for a Free Consultation about Selling your Gas Station or Hotel and we can also Give you our Expert opinion of the Value of Your Gas Station or Hotel.









*Commercial Real estate and investment adviser*

Shell Mobil EXXON TEXACO Chevron VALERO Holiday Inn Express Hampton Inn COURTYARD Marriott

**7412 Elsie Avenue, Sacramento CA 95828**

"Honesty and Experience make the Difference"
www.buyorsellgasstationsandhotels.com



# A & S

## Auto Repair & Services

**Specializing in Brakes & Axles**

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

### ਮਈ ਦਿਵਸ ’ਤੇ ਵਿਸ਼ੇਸ਼

# ਮਈ ਦਿਵਸ ਅਤੇ ਮਜ਼ਦੂਰਾਂ ਦੀ ਦਾਸਤਾਨ



ਐਸ ਐਲ ਵਿਰਦੀ ਐਡਵੋਕੇਟ
91-98145-17499

19 ਵੀਂ ਸਦੀ ਵਿਚ ਮਜ਼ਦੂਰ ਜਮਾਤ ਦੀ ਸਥਿਤੀ ਬੜੀ ਤਰਸਯੋਗ ਸੀ। ਮਜ਼ਦੂਰ ਤੋਂ ਇਕ ਵਗਾਰੀ ਤੇ ਗੁਲਾਮ ਵਾਂਗ ਕੰਮ ਲਿਆ ਜਾਂਦਾ ਸੀ। ਮਜ਼ਦੂਰ ਅੱਤ ਦੀ ਗਰੀਬੀ ’ਚ ਜੀਵਨ ਜਿਉਦਾ ਸੀ। ਉਸ ਨੂੰ ਪੇਟ ਭਰ ਖਾਣ ਨੂੰ ਅੰਨ ਤੇ ਤਨ ਢੱਕਣ ਨੂੰ ਕੱਪੜਾ ਨਹੀਂ ਮਿਲਦਾ ਸੀ। ਸਾਰੇ ਮਜ਼ਦੂਰ ਪਿਤਾ ਤੋਂ ਪੁੱਤਰ ਤੱਕ ਬੰਧੂਆ ਮਜ਼ਦੂਰ ਬਣੇ ਰਹਿੰਦੇ ਸਨ। ਉਹਨਾਂ ਦਾ ਜਿਮੀਦਾਰ ਮਾਲਕ, ਮਜਦੂਰ ਮਾਤਾ-ਪਿਤਾ ਅਤੇ ਉਹਨਾਂ ਦੀ ਔਲਾਦ ਨੂੰ ਜਦ ਚਾਹੇ ਖਰੀਦਣ ਤੇ ਵੇਚਣ ਦਾ ਅਧਿਕਾਰ ਵੀ ਰੱਖਦਾ ਸੀ। ਜੇਕਰ ਮਾਲਕ ਕੋਲ ਆਪਣੀਆਂ ਲੋੜਾਂ ਤੋਂ ਵੱਧ ਮਜ਼ਦੂਰ ਹੋਣ ਤਾਂ ਉਹ ਕਿਸੇ ਹੋਰ ਜਮੀਨਦਾਰ ਕੋਲ ਉਨ੍ਹਾਂ ਨੂੰ ਵੇਚ ਸਕਦਾ ਸੀ। ਜੇਕਰ ਕਿਸੇ ਮਾਲਕ ਕੋਲ ਆਪਣਾ ਕਰਜ ਚੁਕਾਣ ਵਾਸਤੇ ਪੈਸਾ ਨਹੀਂ ਸੀ ਹੁੰਦਾਂ ਤਾਂ ਉਹ ਕਰਜ ਚੁਕਾਣ ਵਾਸਤੇ ਆਪਣੇ ਮਜ਼ਦੂਰਾਂ ਨੂੰ ਗਹਿਣੇ ਕਰ ਸਕਦਾ ਸੀ। ਕੋਈ ਵੀ ਮਜ਼ਦੂਰ ਜੋ ਕੰਮ ਦੇ ਦੌਰਾਨ ਕਿਸੇ ਵੀ ਤਰ੍ਹਾਂ ਦੀ ਦੁਰਘਟਨਾ ਦਾ ਸ਼ਿਕਾਰ ਹੋ ਜਾਂਦਾ ਉਸ ਦੇ ਸਰੀਰ ਦਾ ਕੋਈ ਵੀ ਅੰਗ ਕੱਟਿਆ ਜਾਂਦਾ ਜਾਂ ਨਾਕਾਰਾ ਹੋ ਜਾਂਦਾ ਜਾਂ ਫਿਰ ਉਸ ਦੀ ਮੌਤ ਵੀ ਹੋ ਜਾਂਦੀ ਤਾਂ ਇਨ੍ਹਾਂ ਹਲਾਤਾਂ ਵਿੱਚ ਵੀ ਉਸ ਦਾ ਮਾਲਿਕ ਉਸ ਨੂੰ ਕਿਸੇ ਵੀ ਤਰ੍ਹਾਂ ਦੀ ਡਾਕਟਰੀ ਸੁਵਿਧਾ ਜਾਂ ਆਰਥਿਕ ਮੱਦਦ ਨਹੀਂ ਦਿੰਦਾ ਸੀ।

ਹੋਇਆ ਇਹ ਕਿ 129 ਸਾਲ ਪਹਿਲਾਂ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿੱਚ ਇਹਨਾਂ ਅੱਤਿਆਚਾਰਾਂ ਤੋਂ ਪੀੜਤ ਮਜ਼ਦੂਰਾਂ ਨੇ ਆਪਣੇ ਅਧਿਕਾਰਾਂ ਲਈ ਅੰਦੋਲਨ ਕੀਤਾ। ਪੁਰਅਮਨ ਸੰਘਰਸ਼ ਕਰ ਰਹੇ ਮਜ਼ਦੂਰਾਂ ’ਤੇ ਲੋਟੂ ਸ਼ਾਸਕਾਂ ਨੇ ਇੰਨਾ ਜ਼ੁਲਮ ਕੀਤਾ ਕਿ ਕਈ ਮਜ਼ਦੂਰ ਸ਼ਹੀਦ ਹੋ ਗਏ। ਮਜ਼ਦੂਰਾਂ ’ਤੇ ਇੰਨਾ ਤਸ਼ੱਦਦ ਕੀਤਾ ਗਿਆ ਕਿ ਉਹਨਾਂ ਦੇਾ ਚਿੱਟਾ ਝੰਡਾ ਮਜ਼ਦੂਰਾਂ ਦੇ ਖ਼ੂੰਨ ਨਾਲ ਭਿਜ ਕੇ ਲਾਲ ਹੋ ਗਿਆ ਸੀ। ਤਦ ਤੋਂ ਹੀ ਲਾਲ ਝੰਡਾ ਮਜ਼ਦੂਰਾਂ ਹੱਕਾਂ ਲਈ ਸੰਘਰਸ਼ ਦਾ ਪ੍ਰਤੀਕ ਬਣਿਆ ਹੋਇਆ ਹੈ ਅਤੇ ਹਰ ਸਾਲ ਇੱਕ ਮਈ ਨੂੰ ਮਜ਼ਦੂਰ ਜਮਾਤ ਦਾ ਕੌਮਾਂਤਰੀ ਪੱਧਰ ’ਤੇ ਮਨਾਇਆ ਜਾਂਦਾ ਤਿਉਹਾਰ 'ਮਈ ਦਿਵਸ’ ਬਣ ਗਿਆ ਹੈ। ਮਈ ਦਿਵਸ ਹਰ ਸਾਲ ਮਜ਼ਦੂਰ ਜਮਾਤ ਵਿਚ ਪ੍ਰੇਰਨਾ ਅਤੇ ਵਿਸ਼ਵਾਸ ਪੈਦਾ ਕਰਦਾ ਹੈ ਕਿ ਇੱਕ ਲੁੱਟ ਰਹਿਤ ਮਜ਼ਦੂਰਾਂ ਦੀ ਸਰਦਾਰੀ ਵਾਲੇ ਸਮਾਜਵਾਦੀ ਢਾਂਚੇ ਨੂੰ ਉਸਾਰਿਆ ਜਾ ਸਕਦਾ ਹੈ।

ਮਜ਼ਦੂਰਾਂ ਵਿਚ ਆਪਣੇ ਹੱਕਾਂ ਲਈ ਚੇਤਨਾ ਮਹਾਨ ਦਾਰਸ਼ਨਿਕ ਤੇ ਵਿਗਿਆਨੀ ਕਾਰਲ ਮਾਰਕਸ ਹੈਦਾ ਕੀਤੀ। ਉਹਨਾਂ ਕਿਹਾ ਕਿ ਮਜ਼ਦੂਰ ਨੂੰ ਉਸ ਦੀ ਮਜ਼ਦੂਰੀ ਉਸਦਾ ਪਸੀਨਾ ਸੁੱਕਣ ਤੋਂ ਪਹਿਲਾਂ ਮਿਲ ਜਾਣੀ ਚਾਹੀਦੀ ਹੈ। ਉਹਨਾਂ ਦਾ ਕਹਿਣਾ ਸੀ ਕਿ ਮਜ਼ਦੂਰ ਇੱਕ ਝੰਡੇ ਹੇਠ ਇਕੱਠੇ ਹੋ ਕੇ ਪੂੰਜੀਵਾਦ ਦਾ ਟਾਕਰਾ ਕਰਨ ਅਤੇ ਇਸ ਦੇ ਬਦਲ ’ਚ ਜ਼ਬਰ ਤੋਂ ਰਹਿਤ ਸਮਾਨਤਾ ਭਰਪੂਰ ਰਾਜ ਦੀ ਸਿਰਜਣਾ ਕਰਨ, ਕਿਉਂਕਿ ਮਜ਼ਦੂਰਾਂ ਦੇ ਨਰਕ ਭਰੇ ਜੀਵਨ ਲਈ ਪੂੰਜੀਪਤੀ ਹੀ ਸਿੱਧੇ ਤੌਰ ’ਤੇ ਜਿੰਮੇਵਾਰ ਹਨ। ਕਿਉਕਿ ਪੂੰਜੀਪਤੀ ਆਪਣੀਆਂ ਲੁੱਟ ਖਸੁੱਟ ਦੀਆਂ ਨੀਤੀਆਂ ਕਾਰਨ ਅਮੀਰ ਤੋਂ ਹੋਰ ਅਮੀਰ ਹੁੰਦੇ ਜਾ ਰਹੇ ਹਨ ਅਤੇ ਮਜ਼ਦੂਰਾਂ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਸੀ।

ਮਾਰਕਸ ਤੋਂ ਬਾਅਦ ਡਾਕਟਰ ਅੰਬੇਡਕਰ ਨੇ ਅਗਸਤ 1936 ਵਿਚ ਅਜ਼ਾਦ ਮਜ਼ਦੂਰ ਪਾਰਟੀ ਬਣਾਈ। ਡਾਕਟਰ ਅੰਬੇਡਕਰ ਨੇ ਕਿਹਾ ਕਿ ਇਸ ਦੇਸ਼ ਵਿਚ ਮਜ਼ਦੂਰ ਵਰਗ ਦੇ ਦੋ ਦੁਸ਼ਮਣ ਹਨ ਪਹਿਲਾ ਪ੍ਰੋਹਿਤਵਾਦ ਅਤੇ ਦੂਜਾ ਪੂੰਜੀਵਾਦ। ਉਹਨਾਂ ਕਿਹਾ ਕਿ ਪੂੰਜੀਵਾਦ ਮਜ਼ਦੂਰਾਂ ਦੀ ਆਰਥਿਕ ਲੁੱਟ ਕਰਦਾ ਹੈ ਤੇ ਪ੍ਰੋਹਿਤਵਾਦ ਮਜ਼ਦੂਰਾਂ ਨੂੰ ਜਾਤਾਂ ਮਜ਼ਹਬਾ ’ਚ ਵੰਡ ਕੇ ਰੱਖਦਾ ਹੈ, ਤਾਂ ਜੋ ਕਿ ਮਜ਼ਦੂਰ ਸੰਗਠਤ ਹੋ ਕੇ ਆਪਣੇ ਹੱਕਾਂ ਲਈ ਸੰਘਰਸ਼ ਨਾ ਕਰ ਸਕਣ। ਡਾਕਟਰ ਅੰਬੇਡਕਰ ਕਹਿੰਦੇ, ਮੈਂ ਉਸ ਦਿਨ ਦੇ ਇੰਤਜਾਰ ਵਿਚ ਹਾਂ ਜਦ ਅਸੀਂ ਹਰ ਇਕ ਮਜ਼ਦੂਰ ਨੂੰ ਰਹਿਣ ਲਈ ਮਕਾਨ ਅਤੇ ਬੁਢਾਪੇ ਵਿਚ ਸਹਾਇਤਾ ਲਈ ਪੈਨਸ਼ਨ ਜਰੂਰ ਮਿਲੇ।

ਡਾਕਟਰ ਅੰਬੇਡਕਰ 1 ਜੁਲਾਈ 1942 ਨੂੰ ਬ੍ਰਿਟਿਸ਼ ਵਾਇਸਰਾਏ ਹਿੰਦ ਦੀ ਕਾਰਜ ਸਾਧਕ ਕੌਂਸਲ ਦੇ ਲੇਬਰ ਮੈਂਬਰ ਬਣੇ ਤੇ 10 ਸਤੰਬਰ 1946 ਤੱਕ ਇਹ ਅਹੁਦੇ ਤੇ ਰਹੇ। ਆਪਣੇ ਕਾਰਜ ਕਾਲ ਦਰਮਿਆਨ ਡਾਕਟਰ ਅੰਬੇਡਕਰ ਨੇ ਮਜ਼ਦੂਰਾਂ ਦੀ ਬੇਹਤਰੀ ਲਈ ਮਹੱਤਵਪੂਰਨ ਕਦਮ ਉਠਾਏ। ਡ²ਾ.ਅੰਬੇਡਕਰ ਦੇ ਲੇਬਰ ਵਿਭਾਗ ਵਿਚ ਕੋਲੇ, ਅਬੱਰਕ, ਲੂਣ, ਹੀਰਿਆਂ ਅਤੇ ਸੋਨੇ ਦੀਆਂ ਖਾਨਾਂ ਸਨ। ਇਨਾਂ ਸਭਨਾਂ ਖਾਨਾਂ ਵਿਚ ਮਜ਼ਦੂਰਾਂ ਦੀ ਹਾਲਤ ਪਸ਼ੂਆਂ ਤੋਂ ਭੈੜੀ ਸੀ। ਉਹਨਾਂ ਤੋਂ ਪਸ਼ੂਆਂ ਦੀ ਤਰ੍ਹਾਂ ਕੰਮ ਕਰਵਾਇਆ ਜਾਂਦਾ ਸੀ। ਉਨ੍ਹਾਂ ਦੀ ਸੁਰੱਖਿਆ ਦਾ ਕੋਈ ਸੰਤੋਖਜਨਕ ਪ੍ਰਬੰਧ ਨਹੀਂ ਸੀ। ਇਥੋਂ ਤੱਕ ਕਿ ਛੋਟੇ-ਛੋਟੇ ਸੰਦ ਵੀ ਇੰਗਲੈਂਡ ਤੋਂ ਮੰਗਵਾਏ ਜਾਂਦੇ ਸਨ। ਡਾਕਟਰ ਅੰਬੇਡਕਰ ਨੇ ਖਾਨ ਮਜ਼ਦੂਰਾਂ ਦੀ ਭਲਾਈ, ਉਨ੍ਹਾਂ ਦੀ ਸੁਰੱਖਿਆ ਅਤੇ ਉਹਨਾਂ ਨੂੰ ਜਿਉਣਯੋਗ ਮੇਹਨਤ ਦੇਣ ਲਈ ਕਈ ਬੁਨਿਆਦੀ ਤੇ ਪ੍ਰਭਾਵਸ਼ਾਲੀ ਕਦਮ ਉਠਾਏ। ਡਾ.ਅੰਬੇਡਕਰ ਪਹਿਲੇ ਲੇਬਲ-ਮੈਂਬਰ ਸਨ ਜੋ ਮਜ਼ਦੂਰਾਂ ਦੀ ਹਾਲਤ ਦੇਖਣ ਖੁਦ ਖਾਨਾ ਦੇ ਅੰਦਰ ਗਏ ਜੋ ਕਿ ਬਹੁਤ ਹੀ ਖਤਰਨਾਕ ਸੀ।

ਡਾਕਟਰ ਅੰਬੇਡਕਰ ਨੇ ਮਜ਼ਦੂਰਾਂ ਦੀ ਹਰ ਤਰ੍ਹਾਂ ਦੀ ਗੁਲਾਮੀ ਖਤਮ ਕਰਨ ਲਈ ਜੀਵਨ ਭਰ ਸੰਘਰਸ਼ ਕੀਤਾ। ਉਨ੍ਹਾਂ ਨੇ ਬ੍ਰਿਟਿਸ਼ ਵਾਇਸਰਾਏ ਹਿੰਦ ਦੀ ਕਾਰਜ ਸਾਧਕ ਕੌਂਸਲ ਦੇ ਲੇਬਰ ਮੈਂਬਰ ਹੁੰਦੇ ਹੋਏ ਮਜ਼ਦੂਰਾਂ ਨੂੰ ਹੇਠ ਲਿਖੇ ਹੱਕ ਲੈ ਕੇ ਦਿੱਤੇ:-

1. ਮਜ਼ਦੂਰਾਂ, ਮਾਲਕਾਂ ਅਤੇ ਸਰਕਾਰੀ ਪ੍ਰਤੀਨਿਧੀਆਂ ਤੇ ਅਧਾਰਤ ਇਕ ਤਿੰਨ ਪੱਖੀ ਸਥਾਈ ਕਮੇਟੀ ਨਿਯੁਕਤ ਕੀਤੀ ਗਈ ਹੈ ਜੋ ਮਜ਼ਦੂਰਾਂ-ਮਾਲਕਾਂ ਵਿਚਕਾਰ ਉਦਯੋਗੀ-ਵਿਵਾਦਾਂ ਦਾ ਨਿਪਟਾਰਾ ਕਰਦੀ ਹੈ।
2. ਕੋਇਲਾ-ਖਾਨਾਂ ਦੇ ਮਜ਼ਦੂਰਾਂ ਦੀ ਭਲਾਈ ਲਈ ਫੰਡ ਕਾਇਮ ਕੀਤਾ।
3. ਅਬਰਕ-ਖਾਨਾਂ ਦੇ ਮਜ਼ਦੂਰਾਂ ਦੀ ਭਾਲਈ ਵਾਸਤੇ ਫੰਡ ਕਾਇਮ ਕੀਤਾ।
4. ਖਾਨਾਂ ਦੇ ਲਾਗੇ ਹੀ ਬੱਚਿਆਂ ਵਾਸਤੇ ਪੰਘੂੜੇ ਅਤੇ ਮਜ਼ਦੂਰਾਂ ਵਾਸਤੇ ਇਸ਼ਨਾਨ ਘਰ ਸਥਾਪਿਤ ਕਰਾਏ।
5. ਤਨਖਾਹ ਨਾਲ ਛੁੱਟੀਆਂ ਦੁਆਈਆ ਅਤੇ ਕੰਮ ਦੇ ਘੰਟੇ 11 ਤੋਂ 8 ਕਰਵਾਏ।
6. ਮਜ਼ਦੂਰਾਂ ਦੀਆਂ ਸੇਵਾਵਾਂ ਦੀਆਂ ਸ਼ਰਤਾਂ ਲਿਖਤ ਰੂਪ ਵਿਚ ਕਰਨ ਦੀ ਪ੍ਰਥਾ ਕਾਇਮ ਕੀਤੀ ਜੋ ਪਹਿਲਾਂ ਨਹੀਂ ਸੀ। ਇਸ ਨੂੰ ਉਦਯੋਗਿਕ ਰੋਜਗਾਰ ਆਦੇਸ਼ ਦਾ ਨਾਂ ਦਿੱਤਾ ਗਿਆ।
7. ਡਾਕਟਰ ਅੰਬੇਡਕਰ ਨੇ ਮਜ਼ਦੂਰਾਂ ਦੀ ਸਮਾਜੀ-ਸੁਰੱਖਿਆ ਵਾਸਤੇ ਅਨੇਕ ਕਾਨੂੰਨ ਬਣਾਏ ਜਿਸ ਵਿਚ ਵਰਕਮੈਨ ਕੰਪ-ਨਸ਼ੇਸਨ ਐਕਟ ਵਿਸ਼ੇਸ਼ ਤੌਰ ਤੇ ਉਪਯੋਗੀ ਸਿੱਧ ਹੋਇਆ ਹੈ।
8. ਡਾਕਟਰ ਅੰਬੇਡਕਰ ਨੇ ਘੱਟੋ-ਘੱਟ ਉਜਰਤ ਕਾਨੂੰਨ ਨੂੰ ਪ੍ਰਭਾਵੀ ਬਣਾਉਣ ਵਾਸਤੇ ਅਨੇਕਾਂ ਕਦਮ ਉਠਾਏ।
9. ਮਜ਼ਦੂਰ ਜਥੇਬੰਦੀਆਂ (ਯੂਨੀਅਨਾਂ) ਨੂੰ ਮਾਨਤਾ ਦੇਣ ਵਾਸਤੇ ਇੰਡੀਅਨ ਟਰੇਡ ਯੂਨੀਅਨ ਕਾਨੂੰਨ ਵਿਚ ਮਹੱਤਵਪੂਰਨ ਸੋਧਾਂ ਕਰਾਈਆਂ।
10. ਡਾਕਟਰ ਅੰਬੇਡਕਰ ਨੇ ਰੋਜ਼ਗਾਰ ਦਫਤਰਾਂ ਦੀ ਸਥਾਪਨਾ ਕਰਵਾਈ। ਉਹਨਾਂ ਨੇ ਇਕ ਲੇਬਰ ਬਿਊਰੋ ਦੀ ਸਥਾਪਨਾ ਕਰਾਈ ਜੋ ਮਜ਼ਦੂਰਾਂ ਸਬੰਧੀ ਸਭ ਪ੍ਰਕਾਰ ਦੀ ਜਾਣਕਾਰੀ ਅਤੇ ਅੰਕੜੇ ਇਕੱਤਰ ਕਰਦਾ ਹੈ। ਇਹ ਬਿਊਰੋ ਮਜ਼ਦੂਰਾਂ ਸਬੰਧੀ ਨੀਤੀਆਂ ਬਣਾਉਣ ਵਿਚ ਬਹੁਤ ਹੀ ਸਹਾਇਕ ਸਿੱਧ ਹੁੰਦਾ ਹੈ।




ਸੰਖੇਪ ਵਿਚ ਇਸ ਸਮੇਂ ਮਜ਼ਦੂਰਾਂ ਨੂੰ ਜੋ ਕੁਝ ਰਾਹਤ ਮਿਲੀ ਹੈ ਜਾਂ ਜੋ ਸਹੂਲਤਾਂ ਪ੍ਰਾਪਤ ਹੋਈਆਂ ਹਨ ਇਨ੍ਹਾਂ ਦੀ ਨੀਂਹ ਡਾਕਟਰ ਅੰਬੇਡਕਰ ਨੇ ਹੀ ਰੱਖੀ ਸੀ।

ਪ੍ਰੰਤੂ ਅਜ ਦੇਸ਼ ਦੇ 55 ਕਰੋੜ ਮਜ਼ਦੂਰਾਂ ਦਾ ਜੀਵਨ ਬਹੁਤ ਹੀ ਦੁੱਖਦਾਇਕ ਦੁੱਖਾਂ ਨਾਲ ਪਰੁਨਿਆ ਪਿਆ ਹੈ। ਵਿੱਦਿਆ ਦੇ ਵਪਾਰੀਕਰਣ ਨੇ ਗਰੀਬ ਮਜਦੂਰਾਂ ਦਾ ਭਵਿੱਖ ਤਬਾਹ ਕਰ ਦਿੱਤਾ ਹੈ। ਉਹ ਪਬਲਿਕ ਤੇ ਕਾਨਵੈਂਟ ਸਕੂਲਾਂ ਵਿੱਚ ਬੱਚੇ ਭੇਜਣ ਤੋਂ ਅਸਮਰਥ ਹਨ। ਉਹ ਬੇਕਾਰ ਹੋ ਚੁੱਕੇ ਸਰਕਾਰੀ ਸਕੂਲਾਂ ਵਿੱਚ ਆਪਣੇ ਬੱਚਿਆ ਦਾ ਭਵਿਖ ਖਤਰੇ ਵਿਚ ਪਾਉਣ ਲਈ ਮਜ਼ਬੂਰ ਹਨ। ਸਰਕਾਰੀ ਸਕੂਲਾਂ ਵਿੱਚ ਨਾਂ ਲੁੜੀਂਦੇ ਕਮਰੇ ਅਤੇ ਨਾ ਹੀ ਪੜ੍ਹਾਉਣ ਲਈ ਅਧਿਆਪਕ ਅਤੇ ਸਹਾਇਕ ਸਮੱਗਰੀ ਹੈ। ਸਿੱਟੇ ਵਜੋਂ ਪੜ੍ਹਾਈ ਦਾ ਪੱਧਰ ਨਿਘਰਦਾ ਜਾ ਰਿਹਾ ਹੈ। ਮਜ਼ਦੂਰਾਂ ਦੇ ਬੱਚਿਆਂ ਨੂੰ ਕਿਤਾਬਾਂ, ਵਜੀਫੇ ਦੇਣ ਦਾ ਐਲਾਨ ਕੀਤਾ ਜਾਂਦਾ ਹੈ ਪਰ 6 ਮਹੀਨੇ ਤਕ ਕਿਤਾਬਾਂ ਨਾ ਮਿਲਣ ਕਾਰਨ ਦਲਿਤਾਂ ਦੇ ਬੱਚੇ ਪੜ੍ਹਾਈ ਵਿੱਚ ਪੱਛੜ ਜਾਂਦੇ ਹਨ। ਇੰਨਾਂ ਹੀ ਨਹੀ ਅਧਿਆਪਕ ਸਾਰਾ ਸਾਲ ਵੋਟਾਂ, ਮਰਦਮ ਸੁਮਾਰੀ, ਸ਼ਾਖਰਤਾ, ਡਾਕ ਆਦਿ ਵਿਚ ਲੱਗੇ ਰਹਿੰਦੇ ਹਨ। ਫੀਸਾਂ ਐਨੀਆਂ ਵਧ ਗਈਆਂ ਹਨ ਕਿ ਟੈਸਟਾਂ ਵਿੱਚ ਮੈਰਟ ਪੁਜੀਸ਼ਨਾਂ ਲੈਣ ਦੇ ਬਾਵਜੂਦ ਵੀ ਮਜਦੂਰਾਂ ਦੇ ਬੱਚੇ ਕਿੱਤਾ ਕੋਰਸਾਂ ਵਿੱਚ ਦਾਖਲਾ ਹੀ ਨਹੀਂ ਲੈ ਸਕਦੇ। ਫੀਸਾਂ ਨਾ ਦੇ ਸਕਣ ਕਾਰਨ ਤੀਜਾ ਹਿੱਸਾ ਵਿੱਦਿਆਰਥੀਆਂ ਨੂੰ ਪੜ²ਾਈ ਛੱਡਣੀ ਪੈ ਰਹੀ ਹੈ। ਪਿਛਲੇ 25 ਸਾਲਾਂ ਤੋਂ ਪਿੰਡਾਂ ’ਚੋਂ ਕੋਈ ਆਈ.ਏ. ਐਸ, ਆਈ. ਪੀ. ਐਸ ’ਚ ਨਹੀਂ ਆ ਰਿਹਾ ਜਦ ਕਿ ਰਾਜ ਦੀ ਵਾਗਡੋਰ ਇਹਨਾਂ ਦੇ ਹੱਥ ਹੁੰਦੀ ਹੈ।

ਦੇਸ਼ ਵਿੱਚ 15 ਕਰੋੜ ਬਾਲ ਮਜਦੂਰ ਹਨ। ਜਿਹਨਾਂ ਬਾਲਾਂ ਦਾ ਖੇਡਣਾ ਮੱਲਣਾ ਮਨ ਦਾ ਚਾਓ ਹੋਣਾ ਚਾਹੀਦਾ ਹੈ ਉਹਨਾਂ ਬਾਲਾਂ ਨੂੰ ਪੇਟ ਪੂਜਾ ਦੇ ਸੰਧੇ ਪਏ ਹੋਏ ਹਨ। ਜਿਹਨਾਂ ਹੱਥਾਂ ਵਿੱਚ ਵਿੱਦਿਆ ਪ੍ਰਾਪਤ ਕਰਨ ਲਈ ਵਧੀਆਂ ਤੋਂ ਵਧੀਆ ਕਿਤਾਬਾਂ ਹੋਣੀਆਂ ਚਾਹੀਦੀਆਂ ਹਨ, ਉਹਨਾਂ ਹੱਥਾਂ ਵਿੱਚ ਧੋਣ ਲਈ ਜੂਠੇ ਭਾਂਡੇ ਹਨ। ਜਿਹਨਾਂ ਨੂੰ ਵਿਵੇਕ ਵਿੱਚ ਵਾਧੇ ਲਈ, ਵਧੀਆ ਤੋਂ ਵਧੀਆ ਸਿੱਖਿਆ ਸੰਸਥਾਵਾਂ ਵਿੱਚ ਹੋਣਾ ਚਾਹੀਦਾ ਹੈ ਉਹ ਘਟੀਆ ਤੋਂ ਘਟੀਆ ਟੀ ਸਟਾਲਾਂ, ਢਾਬਿਆਂ, ਦੁਕਾਨਾਂ, ਫੈਕਟਰੀਆਂ ਵਿੱਚ ਝਿੜਕਾਂ ਖਾਂਦੇ ਹਨ। ਕਿਹਾ ਜਾਂਦਾ ਹੈ ਕਿ ਬੱਚੇ ਦੇਸ਼ ਦਾ ਭਵਿੱਖ ਹਨ। ਦੱਸੋ! ਜਿਹਨਾਂ ਬੱਚਿਆਂ ਦਾ ਭਵਿੱਖ ਕਾਲਾ ਹੋਵੇ ਉਸ ਦੇਸ਼ ਦਾ ਭਵਿੱਖ ਕੀ ਹੋਵੇਗਾ? ਜਰਾ ਸੋਚੋ!

ਭਾਰਤ ਸਰਕਾਰ ਨੇ ਬੰਧੂਆ ਮਜਦੂਰੀ (ਨਿਵਾਰਨ) ਕਨੂੰਨ 1976 ਤਹਿਤ ਬੰਧੂਆ ਮਜਦੂਰੀ ਤੇ ਪਾਬੰਦੀ ਤਾਂ ਲਾਈ ਹੋਈ ਹੈ ਫਿਰ ਵੀ ਦੇਸ਼ ਵਿੱਚ ਦਲਿਤ ਸ਼ੋਸ਼ਿਤ ਪੱਛੜੇ ਸਮਾਜ ਦੇ ਪੀੜ੍ਹੀ ਦਰ ਪੀੜੀ ਲੱਖਾਂ ਲੋਕ ਬੰਧੂਆ ਮਜਦੂਰ ਹਨ। ਪੈਦਾਵਾਰ ਦੇ ਸਾਧਨਾਂ ਤੇ ਕਾਬਜ ਲੋਕ ਇਕ ਕਮੀਨੀ ਸਾਜਿਸ਼ ਤਹਿਤ ਅਪਣੇ ਵੱਧ ਤੋਂ ਵੱਧ ਮੁਨਾਫੇ ਵਾਸਤੇ, ਮਜਦੂਰਾਂ ਤੋ ਸਰੀਰਕ ਯੋਗਤਾ ਤੋਂ ਵੱਧ ਕੰਮ ਲੈਣ ਲਈ ਉਹਨਾਂ ਨੂੰ ਪਹਿਲਾਂ ਪੱਲਿਓਂ ਨਸ਼ੇ ਖੁਆ ਕੇ ਸਿਰਫ ਜਾਨਵਰਾਂ ਵਾਂਗ ਵਾਹੁੰਦੇ ਹੀ ਨਹੀ ਬਲਕਿ ਉਹਨਾਂ ਨੂੰ ਨਸ਼ਈ ਵੀ ਬਣਾਉਦੇ ਹਨ। ਸਿੱਟੇ ਵਜੋਂ ਨਸ਼ਈ ਮਜਦੂਰਾਂ ਦੀਆਂ ਔਰਤਾਂ, ਪੇਟ ਪੂਜਾ ਲਈ ਅਨੈਤਿਕ ਕੰਮ ਕਰਨ ਲਈ ਮਜਬੂਰ ਹਨ।

ਸ਼ਹਿਰਾਂ ਵਿੱਚ ਦਲਿਤ ਮਜਦੂਰ ਗੰਦੀਆਂ ਬਸਤੀਆਂ ਵਿੱਚ ਜੀਵਨ ਢੋਂਦੇ ਹਨ। ਹਵਾ, ਰੌਸ਼ਨੀ ਤੋਂ ਸੱਖਣੇ ਛੋਟੇ ਮੋਟੇ ਮਕਾਨਾਂ ਵਿੱਚ ਉਹ ਰਹਿੰਦੇ ਹਨ। ਗਰਮੀ, ਸਰਦੀ, ਬਰਸਾਤ ਦੇ ਦਿਨਾਂ ਵਿਚ ਉਹ ਇੱਧਰ ਉੱਧਰ ਉੱਠ ਬੈਠ ਕੇ ਵਖਤ ਟਪਾਉਂਦੇ ਹਨ। ਟੱਟੀਆਂ ਦਾ ਕੋਈ ਤਸੱਲੀ ਬਖ਼ਸ਼ ਪ੍ਰਬੰਧ ਨਾ ਹੋਣ ਕਾਰਨ ਉਹਨਾਂ ਨੂੰ ਅਸਹਿ ਦੁੱਖਾਂ ਨੂੰ ਸਹਿਣਾ ਪੈਂਦਾ ਹੈ। ਸਫਾਈ ਨਾ ਹੋਣ ਕਾਰਣ ਉਹ ਸਭ ਤੋਂ ਵੱਧ ਬਿਮਾਰੀਆਂ ਦਾ ਸ਼ਿਕਾਰ ਹਨ।

ਫੈਕਟਰੀਆਂ ਵਿੱਚ ਮਜਦੂਰ ਦੀ ਹਾਲਤ ਬਹੁਤ ਹੀ ਚਿੰਤਾ ਜਨਕ ਹੈ। ਮਜਦੂਰਾਂ ਦੀ ਬੇਹਤਰੀ ਲਈ ਫੈਕਟਰੀ ਐਕਟ ਤਾਂ ਬਣੇ ਹੋਏ ਹਨ ਪਰ ਫੈਕਟਰੀ ਮਾਲਕ ਤੇ ਅਫ਼ਸਰ ਆਪਸ ਵਿਚ ਮਿਲੇ ਹੋਏ ਹਨ। ਇਸ ਕਰਕੇ ਫੈਕਟਰੀਆ ਵਿੱਚ ਮਜਦੂਰਾਂ ਨਾਲ ਦੋਹਰੇ ਮਾਪਦੰਡ ਵਰਤੇ ਜਾਂਦੇ ਹਨ। ਉਹਨਾਂ ਨੂੰ ਤਨਖਾਹਾਂ ਘੱਟ ਦਿੱਤੀਆਂ ਜਾਂਦੀਆਂ ਹਨ, ਪਰ ਦਸਖਤ ਜਿਆਦਾ ਉੱਤੇ ਕਰਾਏ ਜਾਂਦੇ ਹਨ। ਫਿਰ ਤਨਖਾਹਾਂ ਦਬਾਈਆ ਜਾਂਦੀਆਂ ਹਨ। ਫੈਕਟਰੀ ਕਨੂੰਨਾਂ ਨੂੰ ਅਣਗੌਲਿਆਂ ਕੀਤਾ ਜਾਂਦਾ ਹੈ। ਜਦੋਂ ਮਰਜੀ ਮਜਦੂਰਾਂ ਨੂੰ ਕੰਮ ਤੋਂ ਜਵਾਬ ਦੇ ਕੇ ਉਹਨਾਂ ਦੇ ਫੰਡ, ਛੁੱਟੀਆਂ ਪੈਨਸ਼ਨ ਹੜੱਪ ਕਰ ਲਏ ਜਾਂਦੇ ਹਨ। ਲੇਬਰ ਕੋਰਟਾਂ ਵਿੱਚ ਸਵਾਏ ਵਾਰ ਵਾਰ ਚੱਕਰ ਲਾਉਣ ਦੇ ਮਜਦੂਰਾਂ ਨੂੰ ਕੁਝ ਨਹੀਂ ਮਿਲਦਾ। ਅੰਤ! ਵਾਰ ਵਾਰ ਦਿਹਾੜੀ ਟੁਟਣ ਕਾਰਨ, ਮਜ਼ਦੂਰਾਂ ਨੂੰ ਆਪਣੀ ਰੋਜ਼ ਮਰਰਾ ਦੀ ਜਿੰਦਗੀ ਨੂੰ ਚਲਦਾ ਰੱਖਣ ਲਈ, ਆਪਣੀ ਖ਼ੂੰਨ ਪਸੀਨੇ ਦੀ ਕਮਾਈ ਨੂੰ ਛੱਡਣਾ ਪੈਂਦਾ ਹੈ। ਸਰਕਾਰ ਮਜ਼ਦੂਰਾਂ ਦੇ ਇਸ ਘਿਨਾਉਣੇ ਸ਼ੋਸ਼ਣ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਕਨੂੰਨ ਬਣਾਏ।

# ਕਠਾਰ ਵਿਖੇ ਬਾਬਾ ਸਾਹਿਬ ਦਾ ਜਨਮ ਦਿਹਾੜਾ 'ਜਨ ਜਾਗ੍ਰਿਤੀ ਸੰਮੇਲਨ' ਵਜੋਂ ਮਨਾਇਆ

**ਸ਼ਾਮਚੁਰਾਸੀ (ਚੁੰਬਰ) –** ਦਲਿਤਾਂ ਦੇ ਮਸੀਹਾ, ਨਾਰੀ ਦੇ ਮੁਕਤੀ ਦਾਤਾ, ਭਾਰਤ ਰਤਨ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਸਾਹਿਬ ਦਾ 126ਵਾਂ ਜਨਮ ਦਿਹਾੜਾ ‘ਜਨ ਜਾਗ੍ਰਿਤੀ ਸਮਾਗਮ’ ਵਜੋਂ ਫੂਲੇ ਸ਼ਾਹੂ ਅੰਬੇਡਕਰ ਮਿਸ਼ਨ ਪ੍ਰਚਾਰ ਸੰਗਠਨ, ਭਾਰਤ ਰਤਨ ਬਾਬਾ ਸਾਹਿਬ ਬੀ ਆਰ ਅੰਬੇਡਕਰ ਮਿਸ਼ਨ ਸੋਸਾਇਟੀ ਪਿੰਡ ਚੁਖਿਆਰਾ ਅਤੇ ਬਾਬਾ ਸਾਹਿਬ ਅੰਬੇਡਕਰ ਵੈਲਫੇਅਰ ਟਰੱਸਟ ਕੂਪੁਰ ਢੇਪੁਰ ਵਲੋਂ ਕਠਾਰ ਵਿਖੇ ਪ੍ਰਧਾਨ ਰਿਟਾ. ਐਸ ਡੀ ਓ ਸ੍ਰੀ ਰਾਮ ਕਿਸ਼ਨ ਜੀ ਦੀ ਅਗਵਾਈ ਹੇਠ ਸਾਥੀ ਪਿੰਡਾਂ ਦੇ ਮਿਸ਼ਨਰੀ ਵਰਕਰਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਸਮਾਗਮ ਵਿਚ ਡਾ. ਜੀ ਸੀ ਕੌਲ ਜੀ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ ਅਤੇ ਆਪਣੇ ਵੱਡਮੁਲੇ ਵਿਚਾਰ ਪੇਸ਼ ਕੀਤੇ। ਐਡਵੋਕੇਟ ਰਣਜੀਤ ਕੁਮਾਰ ਹੁਸ਼ਿਆਰਪੁਰ ਨੇ ਪੂਨਾ ਪੈਕਟ ਵਿਸ਼ੇ ਤੇ ਆਪਣੇ ਵਿਚਾਰ ਸਮਾਜਿਕ ਅਤੇ ਰਾਜਨੀਤਿਕ ਹਾਲਾਤਾਂ ਬਾਰੇ ਜਾਣੂ ਕਰਵਾਇਆ। ਇੰਜ. ਜਸਵੰਤ ਰਾਏ ਅਤੇ ਧਰਮਿੰਦਰ ਭੁੱਲਾਰਾਈ ਜੀ ਨੇ ਦੇਸ਼ ਦੀ ਮੌਜੂਦਾ ਸਿੱਖਿਆ ਪ੍ਰਣਾਲੀ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਸ੍ਰੀ ਸੋਹਣ ਸਹਿਜਲ ਜੀ ਵਲੋਂ ਡਾ. ਅੰਬੇਡਕਰ ਸਾਹਿਬ ਦੁਆਰਾ ਲਿਖਿਤ ਅੰਗਰੇਜ਼ੀ ਦੇ 26 ਗ੍ਰੰਥਾਂ ਦਾ ਨਿਚੋੜ ਦਾ ਪੰਜਾਬੀ ਅਨੁਵਾਦ ਦੀ ਬਾਬਾ ਸਾਹਿਬ ਅੰਬੇਡਕਰ ਜੀ ਦੇ ਕਥਨ ਵਿਚਾਰਾਂ ਦੀ ਕਿਤਾਬ ਵੀ ਰਿਲੀਜ਼ ਕੀਤਾ ਗਿਆ। ਇਸ ਮੌਕੇ ਬਾਰ ਐਸੋਸੀਏਸ਼ਨ ਜਲੰਧਰ ਦੇ ਪ੍ਰਧਾਨ ਬਲਦੇਵ ਪ੍ਰਕਾਸ਼ ਰੱਲ, ਡਾ. ਜਗਦੀਸ਼ ਚੰਦਰ ਕਠਾਰ, ਠੇਕੇਦਾਰ ਭਗਵਾਨ ਦਾਸ ਸਿੱਧੂ, ਚੀਫ ਅਕਾਊਂਟ ਅਫ਼ਸਰ ਮਨਜੀਤ ਸਿੰਘ, ਡਾ. ਬਲਦੇਵ ਸਿੰਘ, ਸੁਖਵਿੰਦਰ ਪਾਲ ਚੁਖਿਆਰਾ, ਧਰਮ ਪਾਲ, ਅਸ਼ੋਕ ਚੁੰਬਰ ਚੁਖਿਆਰਾ, ਮੋਨਿਕਾ ਅੰਬੇਡਕਰੀ ਵਿਸ਼ੇਸ਼ ਤੌਰ ਤੇ ਪਹੁੰਚੇ। ਭਾਰਤ ਰਤਨ ਡਾ. ਬੀ ਆਰ ਅੰਬੇਡਕਰ ਮਿਸ਼ਨ ਸੁਸਾਇਟੀ ਚੁਖਿਆਰਾ ਨੇ ਪ੍ਰੋਗਰਾਮ ਵਿਚ ਵਿਸ਼ੇਸ਼ ਯੋਗਦਾਨ ਦਿੱਤਾ। ਇਲਾਕੇ ਦੀਆਂ ਸ੍ਰੀ ਗੁਰੂ ਰਵਿਦਾਸ ਸਭਾਵਾਂ, ਡਾ. ਅਬੇਡਕਰ ਸੁਸਾਇਟੀਆਂ, ਪਿੰਡਾਂ ਦੇ ਸਰੰਪਚਾਂ, ਪੰਚਾਂ, ਨੰਬਰਦਾਰਾਂ, ਅਤੇ ਹੋਰ ਪਤਵੰਤੇ ਸੱਜਣਾ ਨੇ ਵਿਸ਼ੇਸ਼ ਸ਼ਿਰਕਤ ਕੀਤੀ।



ਸੱਚ ਫਾਊਂਡੇਸ਼ਨ ਹੁਸ਼ਿਆਰਪੁਰ ਅਤੇ ਹੋਰ ਪਤਵੰਤੇ ਸੱਜਣਾਂ ਨੇ ਵੀ ਉਚੇਚੇ ਤੌਰ ਸਮਾਗਮ ਵਿਚ ਸ਼ਿਰਕਤ ਕੀਤੀ। ਇਸ ਮੌਕੇ ਸੱਚ ਫਾਊਂਡੇਸ਼ਨ ਹੁਸ਼ਿਆਰਪੁਰ ਵਲੋਂ ਸਿੱਖਿਆ ਦੇ ਖੇਤਰ ਵਿਚ ਹੋਣਹਾਰ ਤੇ ਆਰਥਿਕ ਪੱਧਰ ਤੇ ਕਮਜ਼ੋਰ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਮਿਸ਼ਨਰੀ ਗਾਇਕ ਕੁਲਦੀਪ ਚੁੰਬਰ ਅਤੇ ਬਲਵਿੰਦਰ ਬਿੱਟੂ ਵਲੋਂ ਬਾਬਾ ਸਾਹਿਬ ਜੀ ਦੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ। ਸਟੇਜ ਦਾ ਸੰਚਾਲਨ ਟੋਨੀ ਸਾਰੋਬਾਦ ਵਲੋਂ ਕੀਤਾ ਗਿਆ। ਹੋਰਨਾਂ ਤੋਂ ਇਲਾਵਾ ਇਸ ਮੌਕੇ ਹਿੰਦ ਪਾਲ ਬਸਰਾ, ਸੇਵਾ ਸਿੰਘ ਰੱਤੂ, ਪ੍ਰਗਟ ਚੁੰਬਰ, ਚਰਨਜੀਤ ਬਿਨਪਾਲਕੇ, ਅਵਤਾਰ ਬਸਰਾ, ਸੋਹਣ ਲਾਲ ਜੱਸੀ, ਡਾ. ਮਿਨਾਕਸ਼ੀ, ਸੰਤ ਬਲਵੰਤ ਸਿੰਘ ਡੀਂਗਰੀਆਂ, ਸਤਨਾਮ ਸਿੰਘ ਵਿਰਦੀ, ਗੁਰਬਚਨ ਬੰਗੜ, ਦਲਵੀਰ ਕੌਰ, ਕਮਲਜੀਤ ਸੰਧੂ, ਸਤਨਾਮ ਸਿੰਘ ਵਿਰਦੀ, ਨਰਿੰਦਰ ਸਿੰਘ ਵਿਰਦੀ, ਸੁਖਵਿੰਦਰ ਚੁੰਬਰ, ਹੈਪੀ ਫੰਬੀਆਂ ਸਮੇਤ ਕਈ ਹੋਰ ਹਾਜ਼ਰ ਸਨ। ਆਖਿਰ ਵਿਚ ਪ੍ਰਬੰਧਕਾਂ ਵਲੋਂ ਸਹਿਯੋਗੀਆਂ ਅਤੇ ਪਤਵੰਤਿਆਂ ਦਾ ਯਾਦ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ।

ਉਕਤ ਪ੍ਰੋਗਰਾਮ ਹਾਜ਼ਰੀਨ ਲਈ ਕਾਫ਼ੀ ਜਾਣਕਾਰੀ ਭਰਪੂਰ ਸੀ, ਜੋ ਬਾਬਾ ਸਾਹਿਬ ਦੇ ਮਿਸ਼ਨ ਨਾਲ ਜੋੜਦਾ ਸਫ਼ਲਤਾ ਪੂਰਵਕ ਸਮਾਗਮ ਹੋ ਗਿਆ।




# Elsie Plaza

## 7500 Elsie Ave
## Sacramento, CA 95828

1160 ਸਕੁਏਅਰ ਫੁੱਟ ਅਤੇ 2328 ਸਕੁਏਅਰ ਫੁੱਟ ਯੂਨਿਟ ਕਿਰਾਏ ਲਈ, ਹਾਈਵੇ 99 ਤੋਂ 1 ਬਲਾਕ ਮੁੱਖ ਸੜਕ ਵੱਲ ਭਾਰੀ ਟਰੈਫਿਕ ਅਤੇ ਖੂਬ ਰੌਸ਼ਨੀ। ਰੀਟੇਲ, ਰੈਸਟੋਰੈਂਟ ਜਾਂ ਆਫਿਸ ਦੇ ਲਈ ਬਹੁਤ ਹੀ ਢੁਕਵਾਂ।

1160 sq. ft. and 2328 sq. ft. units for rent
1 Block from Highway 99
On main road with high visibility and heavy traffic
Perfect for retail, restaurant, or office

**Contact- Avtar Dodd- 916-208-3735**

# TANDOOR
## Indian Restaurant

**27167 Mission Blvd. Hayward, CA 95544**




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE :**

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



**ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ**

BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532

# L.A. MERCHANDISE
## Whole Sale +Retail

ਇੰਡੀਆ ਤੋਂ Matterss ਸਸਤੇ ਰੇਟ ’ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।



* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ ’ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ ’ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ ’ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

**LOOSE FABRICS, GROCERIES, BLANKETS, VEGETABLES**

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax



Baksho Kaur Bisla Hardev Singh Bisla

**500 N. Palora Ave. Yuba City, CA 95991**

530-671-0439, Fax 530-822-0439 Cell- 530-844-3250

# ਗੁਰਦੁਆਰਾ ਸਾਹਿਬ ਅਮ੍ਰਿਤ ਦਰਬਾਰ ਰੋਜ਼ਵਿਲ ਵਿਖੇ ਵਿਸਾਖੀ ਅਤੇ ਖਾਲਸਾ ਪੰਥ ਦਾ ਸਾਜਨਾ ਦਿਵਸ ਮਨਾਇਆ






























ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)









**ਰੋਜ਼ਵਿਲ (ਕੈਲੇਫੋਰਨੀਆ)–** ਧੰਨ ਧੰਨ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜਿਆ ਵਿਸ਼ਵ ਦਾ ਨਿਰਾਲਾ ਪੰਥ 'ਖਾਲਸਾ ਪੰਥ' ਦਾ ਸਥਾਪਨਾ ਦਿਵਸ ਤੇ ਵਿਸਾਖੀ ਦਿਹਾੜਾ ਬਹੁਤ ਸ਼ਰਧਾ ਪੂਰਵਕ ਗੁਰਦੁਆਰਾ ਸਾਹਿਬ ਅਮ੍ਰਿਤ ਦਰਬਾਰ ਰੋਜ਼ਵਿਲ (ਕੈਲੇਫੋਰਨੀਆ) ਵਿਖੇ ਉਥੋਂ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸੰਗਤ ਨੇ ਰਲ-ਮਿਲ ਕੇ ਬੀਤੇ ਐਤਵਾਰ 23 ਅਪ੍ਰੈਲ ਵਾਲੇ ਦਿਨ ਮਨਾਇਆ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 21 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਆਰੰਭ ਹੋਏ ਤੇ 23 ਅਪ੍ਰੈਲ ਦਿਨ ਐਤਵਾਰ ਨੂੰ ਭੋਗ ਪਾਏ ਗਏ। ਇਸ ਉਪਰੰਤ ਕੀਰਤਨ ਦਿਵਾਨ ਸਜਾਏ ਗਏ। ਇਸ ਮੌਕੇ ਗੁਰੂ ਘਰ ਦੇ ਰਾਗੀ ਜਥੇ ਭਾਈ ਸਾਹਿਬ ਭਾਈ ਗੁਰਬਚਨ ਸਿੰਘ ਜੀ ਤੇ ਉਹਨਾਂ ਦੇ ਜਥੇ ਨੇ ਅਤੇ ਭਾਈ ਸਾਹਿਬ ਭਾਈ ਤਾਜਵਿੰਦਰ ਸਿੰਘ ਜੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਾਲੇ ਆਦਿ ਜਥਿਆਂ ਨੇ ਬਹੁਤ ਹੀ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਭਾਈ ਸਾਹਿਬ ਭਾਈ ਅਜਮੇਰ ਸਿੰਘ ਜੀ ਨੇ ਸਟੇਜ ਦੀ ਸੇਵਾ ਨਿਭਾਉਂਦਿਆਂ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਵਿਸਾਖੀ ਅਤੇ ਖਾਲਸਾ ਪੰਥ ਦੇ ਸਥਾਪਨਾ ਦਿਵਸ ਦੀਆਂ ਵਧਾਈਆਂ ਦਿੰਦਿਆਂ, ਸਭ ਦਾ ਧੰਨਵਾਦ ਕੀਤਾ ਅਤੇ ਬੁਲਾਰਿਆਂ ਨੂੰ ਦੋ-ਦੋ ਸ਼ਬਦ ਰੱਖਣ ਲਈ ਸੱਦਾ ਦਿੱਤਾ। ਜਿਹਨਾਂ ਵਿਚ ਸ. ਜੋਗਾ ਸਿੰਘ ਬਾਠ, ਡਾਕਟਰ ਹਰਮੇਸ਼ ਕੁਮਾਰ, ਸ ਇੰਦਰਜੀਤ ਸਿੰਘ ਕਾਲੀਰਾਏ ਆਦਿ ਦੇ ਨਾਂ ਵਰਣਨਯੋਗ ਹਨ।

ਇਹਨਾਂ ਬੁਲਾਰਿਆਂ ਨੇ ਜਿੱਥੇ ਵਿਸਾਖੀ ਅਤੇ ਖਾਲਸਾ ਪੰਥ ਦੀ ਵਿਲੱਖਣਤਾ ਤੇ ਵਿਚਾਰ ਰੱਖੇ, ਉਥੇ ਉਹਨਾਂ ਕਿਹਾ ਕਿ ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਲਾਸਾਨੀ ਕੁਰਬਾਨੀ ਵਿਸ਼ਵ 'ਚ ਇਕ ਬੇਮਿਸਾਲ ਉਦਾਹਰਣ ਹੈ। ਇਸ ਮੌਕੇ ਡਾ. ਹਰਮੇਸ਼ ਕੁਮਾਰ ਜੋ ਅਗਲੇ ਸਾਲ ਕੈਲੇਫੋਰਨੀਆ ਦੇ ਗਵਰਨਰ ਦੀ ਚੋਣ ਲੜਨ ਜਾ ਰਹੇ ਹਨ, ਉਚੇਚੇ ਤੌਰ ਤੇ ਕਮੇਟੀ ਦੇ ਸੱਦੇ 'ਤੇ ਨਿਮਰਤਾ ਸਹਿਤ ਗੁਰੂ ਘਰ ਨਤਮਸਤਕ ਹੁੰਦੇ ਹੋਏ ਖਾਲਸਾ ਪੰਥ ਦੀ ਮਹੱਤਤਾ ਬਾਰੇ ਖੁੱਲ੍ਹ ਕੇ ਵਿਚਾਰ ਰੱਖਦਿਆਂ ਕਿਹਾ ਕਿ ਅੱਜ ਅਸੀਂ ਲੋਕਤੰਤਰ ਦਾ ਆਨੰਦ ਮਾਣ ਰਹੇ ਹਾਂ, ਇਸ ਦੀ ਬੁਨਿਆਦ ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰੇ ਸਾਜ ਕੇ ਆਰੰਭ ਕਰ ਦਿੱਤੀ ਸੀ। ਭਾਵ ਊਚ-ਨੀਚ ਦਾ ਖਾਤਮਾ ਕਰਕੇ ਬਰਾਬਰਤਾ ਦਾ ਜੋ ਸਿਧਾਂਤ ਸਿਰਜਿਆ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਅਜਿਹੀ ਧਾਰਮਿਕ ਵਿਵਸਥਾ ਨੂੰ ਡਾ. ਅੰਬੇਡਕਰ ਜੀ ਨੇ ਸੰਵਿਧਾਨਕ ਤਰੀਕੇ ਨਾਲ ਆਜ਼ਾਦ ਪਾਰਤ 'ਚ ਲਾਗੂ ਕਰਵਾਇਆ। ਡਾ. ਕੁਮਾਰ ਨੇ ਆਪਣੇ ਬਾਰੇ ਅਤੇ ਸਿਆਸੀ ਕੈਰੀਅਰ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਮੇਰਾ ਅਗਲਾ ਨਿਸ਼ਾਨਾ ਜੋ ਕੈਲੇਫੋਰਨੀਆ ਦੇ ਗਵਰਨਰ ਦੀ ਚੋਣ ਲੜਨ ਦਾ ਹੈ, ਇਹ ਸਭ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਤੇ ਆਪ ਸਭ ਦੇ ਸੰਪੂਰਨ ਸਹਿਯੋਗ ਸਦਕਾ ਹੀ ਸੰਭਵ ਹੋ ਸਕਦਾ ਹੈ। ਤੁਹਾਡਾ ਇਕ-ਇਕ ਵੋਟ ਇਕ ਪੰਜਾਬੀ ਹੋਣ ਦੇ ਨਾਤੇ ਸਮੂਹ ਪੰਜਾਬੀਆਂ ਦਾ ਮਾਣ ਵਧਾਏਗਾ। ਇਸ ਮੌਕੇ ਹੋਰ ਵੀ ਬਹੁਤ ਸਾਰੇ ਬੁਲਾਰੇ ਸਨ ਪਰ ਸਮੇਂ ਨੂੰ ਮੁੱਖ ਰੱਖਦਿਆਂ ਸਮਾਗਮ ਦੀ ਸਮਾਪਤੀ ਉਪਰੰਤ ਵੀ ਵਿਚਾਰਾਂ ਦਾ ਆਦਾਨ-ਪ੍ਰਦਾਨ ਹੁੰਦਾ ਰਿਹਾ, ਜਿਹਨਾਂ 'ਚ ਸ. ਬਲਵਿੰਦਰ ਸਿੰਘ ਜੀ ਸ੍ਰੀ ਕੇਸਗੜ੍ਹ ਸਾਹਿਬ ਤੋਂ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਮੀਡੀਏ ਵਜੋਂ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਅਤ 'ਭਾਰਤ ਟੂਡੇ' ਵੱਲੋਂ ਸ੍ਰੀ ਵਰਿੰਦਰ ਉਭੀ ਅਤੇ 'ਜੱਸ ਪੰਜਾਬੀ' ਟੀ ਵੀ ਵੱਲੋਂ ਰਮਨ ਕੌਰ ਜੀ ਕਵਰੇਜ਼ ਲਈ ਹਾਜ਼ਰ ਸਨ। ਇਸ ਪਵਿੱਤਰ ਦਿਹਾੜੇ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਅਤੇ ਲੰਗਰ ਸੇਵਾ ਗੁਰਸਿੱਖ ਪਿਆਰੇ ਸ. ਜਸਇੰਦਰ ਸਿੰਘ ਵਿਰਕ (ਕੈਨੀ ਵਿਰਕ) ਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਕੀਤੀ ਗਈ। ਸਟੇਜ ਦਾ ਸੰਚਾਲਨ ਭਾਈ ਅਜਮੇਰ ਸਿੰਘ ਜੀ ਨੇ ਬਾਖੂਬੀ ਨਾਲ ਨਿਭਾਉਂਦਿਆਂ ਸਰਵ ਸ੍ਰੀ ਰੂਬੀ ਬੈਂਸ, ਗੁਰਚਰਨ ਸਿੰਘ ਖਹਿਰਾ, ਕੈਨੀ ਵਿਰਕ, ਬਾਬਾ ਕਾਬਿਲ ਸਿੰਘ, ਅਜਮੇਰ ਸਿੰਘ, ਜੋਗਾ ਸਿੰਘ ਬਾਠ, ਮਹਿੰਦਰ ਸਿੰਘ ਗੁਰਾਇਆਂ, ਗੁਰਚਰਨ ਸਿੰਘ ਬਸਰਾ, ਅਟਾਰਨੀ ਜਸਪ੍ਰੀਤ ਸਿੰਘ, ਬਲਬੀਰ ਸਿੰਘ ਸਮਰਾ, ਮਨਦੀਪ ਸਿੰਘ ਪੱਡਾ, ਰਿਕ ਵਿਰਕ, ਰਾਜਵਿੰਦਰ ਸਿੰਘ ਗਿੱਲ, ਅਮਰਵੀਰ ਸਿੰਘ ਢਿੱਲੋਂ, ਅਸ਼ੋਕ ਕੁਮਾਰ, ਜਸਕਰਨ ਸਿੰਘ ਕੰਗ, ਗੁਰਵਿੰਦਰ ਸਿੰਘ, ਮਲਕੀਤ ਸਿੰਘ, ਪਾਲ ਸਿੰਘ ਅਤੇ ਬੀਬੀ ਮਨਜੀਤ ਕੌਰ ਆਦਿ ਦਾ ਕੋਟਿਨ-ਕੋਟਿ ਧੰਨਵਾਦ ਕੀਤਾ, ਜਿਹਨਾਂ ਪੂਰਾ ਸਾਥ ਦਿੱਤਾ। ਇਸ ਦੇ ਨਾਲ ਉਹਨਾਂ ਮੀਡੀਏ ਦਾ ਵੀ ਧੰਨਵਾਦ ਕੀਤਾ। ਇਸ ਉਪਰੰਤ ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ।

# ਗੁਰਦੁਆਰਾ ਸਾਹਿਬ ਅੰਮ੍ਰਿਤ ਦਰਬਾਰ ਰੋਜ਼ਵਿਲ ਵਿਖੇ ਵਿਸਾਖੀ ਅਤੇ ਖਾਲਸਾ ਪੰਥ ਦਾ ਸਾਜਨਾ ਦਿਵਸ ਮਨਾਇਆ







# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 5 ਸ੍ਰੀ ਅਖੰਡ ਪਾਠ ਸਾਹਿਬ ਕਰਵਾਏ













**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਵਿਸਾਖੀ ਸਮਾਗਮਾਂ ਨੂੰ ਮੁੱਖ ਰੱਖਦੇ ਹੋਏ 5 ਸ੍ਰੀ ਅਖੰਡ ਪਾਠ ਸਾਹਿਬ ਕਰਵਾਏ ਗਏ, ਜਿਸ ਵਿਚ ਮਿਤੀ 21 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ 5 ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਹੋਏ, ਜਿਹਨਾਂ ਦੇ ਭੋਗ 23 ਅਪ੍ਰੈਲ ਦਿਨ ਐਤਵਾਰ ਨੂੰ ਪਾਏ ਗਏ। ਇਹਨਾਂ ਸ੍ਰੀ ਅਖੰਡ ਪਾਠ ਸਾਹਿਬਾਨ ਜੀ ਦੀ ਸੇਵਾ ਕ੍ਰਮਵਾਰ ਸ੍ਰੀ ਦੀਦਾਰ ਸਿੰਘ ਬੈਂਸ ਪਰਿਵਾਰ, ਸ੍ਰੀ ਜਸਵੀਰ ਸਿੰਘ ਅਟ-ਾਰਨੀ ਆਫ ਲਾਅ, ਸ੍ਰੀ ਪ੍ਰਦੀਪ ਸਿੰਘ ਗਰੇਵਾਲ, ਸੈਡੀਗੋ ਦੀਆਂ ਸੰਗਤਾਂ ਅਤੇ ਗੁਪਤ ਪਰਿਵਾਰ ਵੱਲੋਂ ਕੀਤੀ ਗਈ।

ਮਿਤੀ 23 ਅਪ੍ਰੈਲ ਦਿਨ ਐਤਵਾਰ ਨੂੰ ਭੋਗ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਜਥੇ, ਜਥੇਦਾਰ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ ਗੁਰੂ ਘਰ( ਜੀ ਦਾ ਢਾਡੀ ਜਥਾ, ਭਾਈ ਬਲਬੀਰ ਸਿੰਘ, ਭਾਈ ਤਾਰਾ ਸਿੰਘ ਜੀ ਨਾਨਕ ਮਤੇ ਵਾਲੇ ਨੇ ਗੁਰਬਾਣੀ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦੀਦਾਰ ਸਿੰਘ ਬੈਂਸ ਜੀ ਦੇ ਬੇਟੇ ਭਾਈ ਕਰਮਜੀਤ ਸਿੰਘ ਬੈਂਸ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ।

ਭਾਈ ਗੁਰਦੀਪ ਸਿੰਘ ਹੀਰਾ ਨੇ ਸਟਜ ਸੈਕਟਰੀ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਚੁੱਕ ਕੇ ਲਿਜਾਣ ਦੀ ਸਖਤ ਨਿਖੇਧੀ

**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਦੀ ਮੀਟਿੰਗ 22 ਅਪ੍ਰੈਲ ਦਿਨ ਸ਼ਨੀਚਰਵਾਰ ਨੂੰ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਦੀ ਪ੍ਰਧਾਨਗੀ ਹੇਠ ਹੋਈ।

ਜਿਸ ਵਿਚ ਸ੍ਰੀ ਗੁਰੂ ਰਵਿਦਾਸ ਨਿਊਯਾਰਕ ਗੁਰੂ ਘਰ ਵਿਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਚੁੱਕ ਕੇ ਲਿਜਾਣ ਦੀ ਘਟੀਆ ਹਰਕਤ ਅਤੇ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਬਾਰੇ ਘਟੀਆ ਸ਼ਬਦਾਵਲੀ ਵਰਤਣ ਦੀ ਜੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਸਭਾ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਦੀ ਪ੍ਰਬੰਧਕ ਕਮੇਟੀ ਅਤੇ ਨਿਊਯਾਰਕ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਗਈ ਕਿ ਘਟੀਆ ਕਰਤੂਤ ਕਰਨ ਵਾਲੇ ਵਿਅਕਤੀ ਨੂੰ ਢੁਕਵੀਂ ਸਜ਼ਾ ਦਿੱਤੀ ਜਾਵੇ। ਇਸ ਤੋਂ ਇਲਾਵਾ ਪ੍ਰਬੰਧਕਾਂ ਨੇ ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਕਿ ਇਸ ਦੁੱਖ ਦੀ ਘੜੀ ਵਿਚ ਸਮੂਹ ਸਾਧ ਸੰਗਤ ਏਕਤਾ ਦਾ ਸਬੂਤ ਦੇਣ। ਇਸ ਤੋਂ ਇਲਾਵਾ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਕਿਹਾ ਕਿ ਸਾਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਚਾਹੀਦਾ ਹੈ ਕਿ ਇਸ ਮੰਦਭਾਗੀ ਘਟਨਾ ਦੀ ਨਿੰਦਾ ਕਰਨ ਅਤੇ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਨਾਮ ਲੇਵਾ ਸੰਗਤਾਂ ਅਤੇ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਇੱਕਜੁਟਤਾ ਦਿਖਾਉਣ।

# ਸਾਲਾਨਾ ਪ੍ਰੋਗਰਾਮ

**ਸ੍ਰੀ ਗਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 30 ਅਪ੍ਰੈਲ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਕਰਵਾਏ ਜਾਣਗੇ, ਜਿਹਨਾਂ ਵਿਚ ਦਿਨ ਸ਼ੁੱਕਰਵਾਰ 28 ਅਪ੍ਰੈਲ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਪ੍ਰਾਰੰਭ ਕੀਤੇ ਜਾਣਗੇ, ਜਿਹਨਾਂ ਦੇ ਭੋਗ 30 ਅਪ੍ਰੈਲ ਦਿਨ ਐਤਵਾਰ ਨੂੰ ਪਾਏ ਜਾਣਗੇ। ਇਸ ਅਖੰਡ ਪਾਠ ਦੀ ਸੇਵਾ ਸਹੋਤਾ ਪਰਿਵਾਰ, ਕੰਦੋਲਾ ਪਰਿਵਾਰ, ਨਾਗਰਾ ਪਰਿਵਾਰ ਅਤੇ ਬਾਸੀ ਪਰਿਵਾਰ ਵੱਲੋਂ ਕੀਤੀ ਜਾਵੇਗੀ।**

**ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ। ਇਹਨਾਂ ਸਮਾਗਮਾਂ ਵਿਚ ਜੇ ਕਿਸੇ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ ਤਾਂ ਉਹ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ।**



**ਹਫਤਾਵਾਰੀ "ਦੇਸ਼ ਦੁਆਬਾ" ਦੇ ਦੁਆਬਾ ਪ੍ਰਤੀਨਿਧ ਰੇਸ਼ਮ ਕਰਨਾਣਵੀ ਅਤੇ ਆਸ਼ਾ ਨੇ ਆਪਣੇ ਵਿਆਹ ਦੀ ਪਹਿਲੀ ਵਰੇਗੰਢ 25 ਅਪਰੈਲ ਨੂੰ ਮਨਾਈ**


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
rajasweetsandcatering
rajasweets


INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-338-5511
Email: IndiaMarketRoseville@gmail.com

# 'ਕੀ ਧਰਮਾਂ ਵਿਚ ਚਮਤਕਾਰ ਜ਼ਰੂਰੀ ਹਨ?'



ਪ੍ਰੋ: ਐਚ.ਐਲ.ਕਪੂਰ

ਅਜੋਕੇ ਸੰਸਾਰ ਦਾ ਅੱਜ ਵਿਗਿਆਨਕ ਚਿੰਤਨ ਇੰਨਾ ਹੋ ਰਿਹਾ ਹੈ ਕਿ ਮਨੁੱਖ ਦੀ ਸੋਚ ਪਲ-ਪਲ 'ਤੇ ਬਦਲ ਰਹੀ ਹੈ ਪਰ ਫਿਰ ਵੀ ਉਹ ਕਰਾਮਾਤਾਂ ਤੇ ਚਮਤਕਾਰਾਂ ਵਿਚ ਆਪਣਾ ਵਿਸ਼ਵਾਸ ਘੱਟ ਨਹੀਂ ਕਰ ਰਿਹਾ। ਸਾਡੇ ਕੋਲ ਚਾਹੇ ਸੰਤਾਨ ਦੀ ਘਾਟ ਹੋਵੇ, ਪੈਸੇ ਧੇਲੇ ਦੀ ਘਾਟ ਹੋਵੇ, ਮਨੁੱਖ ਨੂੰ ਕਿਸੇ ਲਾਇਲਾਜ ਰੋਗ ਨੇ ਘੇਰ ਲਿਆ ਹੋਵੇ ਜਾਂ ਮਨੁੱਖ ਕਿਸੇ ਸਮਾਜਿਕ ਮੁਸ਼ਕਿਲ ਵਿਚ ਘਿਰ ਗਿਆ ਹੋਵੇ, ਮਨੁੱਖ ਦਾ ਧਿਆਨ ਕਿਸੇ ਚਮਤਕਾਰ ਵੱਲ ਹੀ ਜਾਂਦਾ ਹੈ। ਮਨੁੱਖ ਇਹਨਾਂ ਮੁਸ਼ਕਿਲਾਂ ਲਈ ਕੋਈ ਵਿਗਿਆਨਕ ਹੱਲ ਲੱਭਣ ਦੀ ਬਜਾਏ ਉਸ ਦਾ ਧਿਆਨ ਕਿਸੇ ਸਾਧੂ-ਸੰਤ, ਬਾਬੇ, ਮਹਾਤਮਾ, ਗੁਰੂ-ਪੀਰ ਤੇ ਔਲੀਏ ਵੱਲ ਜਾਂਦਾ ਹੈ। ਉਹ ਸੋਚਦਾ ਹੈ ਕਿ ਇਹ ਮੁਸ਼ਕਿਲਾਂ ਜਾਂ ਰੋਗ ਇਹਨਾਂ ਬਾਬਿਆਂ ਦੇ ਚਮਤਕਾਰੀ ਆਸ਼ੀਰਵਾਦ ਨਾਲ ਪਲਾਂ ਵਿਚ ਹੀ ਠੀਕ ਹੋ ਜਾਵੇਗਾ ਪਰ ਇੰਝ ਹੁੰਦਾ ਨਹੀਂ ਹੈ।

ਕਰਾਮਾਤ ਅਰਬੀ ਭਾਸ਼ਾ ਦਾ ਸ਼ਬਦ ਹੈ। ਇਸ ਦੇ ਅਰਥ ਹਨ- ਚਮਤਕਾਰ, ਅਲੌਕਿਕ, ਗੈਬੀ-ਸ਼ਕਤੀ; ਕਿਸੇ ਕੰਮ ਨੂੰ ਬੜੀ ਸਫਲਤਾ ਨਾਲ ਕਰਕੇ ਦਿਖਾ ਦੇਣਾ ਆਦਿਕ।ਕੋਈ ਅਜਿਹੀ ਘਟਨਾ ਜਾਂ ਗੱਲ ਜੋ ਕੁਦਰਤ ਦੇ ਅਸੂਲਾਂ ਦੇ ਖ਼ਿਲਾਫ਼ ਹੋਵੇ ਜਾਂ ਇਸ ਦਾ ਨਤੀਜਾ ਨਾ ਹੋਵੇ, ਇਸ ਨੂੰ ਦਲੀਲ ਨਾਲ ਸਮਝਾਇਆ ਨਾ ਜਾ ਸਕੇ, ਜਿਸ ਦਾ ਆਧਾਰ ਸਿਰਫ਼ ਤੇ ਸਿਰਫ਼ ਅੰਧ-ਵਿਸ਼ਵਾਸ ਹੋਵੇ, ਨੂੰ ਕਰਾਮਾਤ ਜਾਂ ਚਮਤਕਾਰ ਕਿਹਾ ਜਾਂਦਾ ਹੈ।

ਸਾਡੇ ਦੇਸ਼ ਦੀਆਂ ਬਹੁਤ ਸਾਰੀਆਂ ਅਖ਼ਬਾਰਾਂ ਤੇ ਰਸਾਲਿਆਂ ਵਿਚ ਅਜਿਹੀਆਂ ਖ਼ਬਰਾਂ ਤੇ ਇਸ਼ਤਿਹਾਰ ਦੇਖਣ ਨੂੰ ਮਿਲਦੇ ਹਨ, ਜਿਹਨਾਂ ਵਿਚ ਬਹੁਤ ਸਾਰੀਆਂ ਚਮਤਕਾਰੀ ਘਟਨਾਵਾਂ ਦਾ ਵਰਣਨ ਹੁੰਦਾ ਹੈ। ਕਿਸੇ ਆਦਮੀ ਦੇ ਔਲਾਦ ਨਹੀਂ ਸੀ ਹੁੰਦੀ, ਉਹ ਬੰਦਾ ਇਕ ਧਰਮ ਗੁਰੂ ਜਾਂ ਬਾਬੇ ਦੀ ਸ਼ਰਨ ਵਿਚ ਗਿਆ ਤੇ ਉਸ ਦੇ ਆਸ਼ੀਰਵਾਦ ਨਾਲ ਉਸ ਦੇ ਘਰ ਸੰਤਾਨ ਨੇ ਜਨਮ ਲਿਆ। ਇਕ ਲੜਕੇ ਨੂੰ ਕੁਝ ਦਿਖਾਈ ਨਹੀਂ ਦਿੰਦਾ ਸੀ, ਧਰਮ ਗੁਰੂ ਜਾਂ ਬਾਬਾ ਜੀ ਦੀ ਉਸ ਉੱਤੇ ਕਿਰਪਾ ਹੋਈ ਤਾਂ ਉਸ ਨੂੰ ਦਿਖਾਈ ਦੇਣ ਲੱਗ ਪਿਆ। ਇਕ ਲੜਕੀ ਜਨਮ ਤੋਂ ਗੂੰਗੀ ਸੀ ਤੇ ਜਦੋਂ ਧਰਮ ਗੁਰੂ ਦੇ ਵਰਦਾਨ ਨਾਲ ਉਹ ਦੌੜਨ ਲੱਗ ਪਿਆ। ਮੇਰੇ ਗੁਆਂਢ ਵਿਚ ਇਕ ਬੀਬੀ ਕਿਸੇ ਧਰਮ ਗੁਰੂ ਦੀ ਚੇਲੀ ਸੀ ਉਹ ਆਪਣੇ ਘਰ ਉਸ ਧਰਮ ਗੁਰੂ ਦੀ ਚੌਂਕੀ ਤੇ ਸਤਸੰਗ ਲਗਾਉਂਦੀ ਸੀ, ਉਹ ਸਤਸੰਗ ਵਿਚ ਇਕੱਠੇ ਹੋਏ ਆਦਮੀਆਂ ਤੇ ਬੀਬੀਆਂ ਨੂੰ ਪ੍ਰਚਾਰ ਕਰਿਆ ਕਰੇ ਕਿ ਇਕ ਆਦਮੀ ਕੈਂਸਰ ਦੇ ਰੋਗ ਤੋਂ ਬਹੁਤ ਬੁਰੀ ਤਰ੍ਹਾਂ ਪੀੜਤ ਸੀ। ਉਸ ਦੇ ਬਚਨ ਦੀ ਕੋਈ ਉਮੀਦ ਨਹੀਂ ਸੀ। ਡਾਕਟਰਾਂ ਨੇ ਜੁਆਬ ਦੇ ਦਿੱਤਾ ਕਿ ਇਸ ਦੀ ਘਰ ਜਾ ਕੇ ਸੇਵਾ ਕਰੋ ਪਰ ਜਿਉਂ ਹੀ ਉਹ ਸਾਡੇ ਧਰਮ ਗੁਰੂ ਦੀ ਸ਼ਰਨ ਵਿਚ ਆਇਆ ਤਾਂ ਗੁਰੂ ਜੀ ਦੀ ਕਿਰਪਾ ਨਾਲ ਉਸ ਦਾ ਕੈਂਸਰ ਖਤਮ ਹੋ ਗਿਆ। ਮੈਂ ਇਕ ਦਿਨ ਉਸ ਨੂੰ ਪੁੱਛ ਲਿਆ ਬੀਬੀ ਜੀ ਕਿਉਂ ਨਾ ਤੁਹਾਡੇ ਧਰਮ ਗੁਰੂ ਨੂੰ ਪੀ. ਜੀ. ਆਈ. ਚੰਡੀਗੜ੍ਹ ਦੇ ਹਸਪਤਾਲ ਵਿਚ ਬਿਠਾ ਦਿੱਤਾ ਜਾਵੇ, ਕਿਉਂਕਿ ਉਥੇ ਕੈਂਸਰ ਦੇ ਮਰੀਜ਼ ਬਹੁਤ ਦਾਖਲ ਹਨ, ਵਿਚਾਰੇ ਠੀਕ ਹੋ ਜਾਣਗੇ? ਉਹ ਬੀਬੀ ਮੇਰੇ ਨਾਲ ਧਰਮ ਗੁਰੂ ਨੂੰ ਇਹ ਕਹਿਣ ਬਦਲੇ ਲੜਨ ਤੱਕ ਗਈ। ਇਸ ਤਰ੍ਹਾਂ ਜੋਤਸ਼ੀ ਵੀ ਆਪਣੇ ਮੱਕੜ ਜਾਲ ਵਿਚ ਫਸਾ ਕੇ ਲੋਕਾਂ ਨੂੰ ਉਹਨਾਂ ਦੀਆਂ ਸਮੱਸਿਆਵਾਂ ਦਾ ਉਪਾਅ ਦੱਸਦੇ ਹਨ। ਇਸ ਤਰ੍ਹਾਂ ਦੀਆਂ ਅਨੇਕਾਂ ਘਟਨਾਵਾਂ ਦਾ ਵਰਣਨ ਅਕਸਰ ਅਖ਼ਬਾਰਾਂ ਜਾਂ ਰਸਾਲਿਆਂ ਜਾਂ ਟੀ. ਵੀ. ਚੈਨਲਾਂ ਤੇ ਅਕਸਰ ਦੇਖਣ ਨੂੰ ਮਿਲ ਜਾਂਦਾ ਹੈ।

ਦੁਨੀਆ ਦੇ ਸਾਰੇ ਧਰਮਾਂ ਵਿਚ ਅਜਿਹੇ ਚਮਤਕਾਰਾਂ ਤੇ ਕਰਾਮਾਤਾਂ ਦੀ ਗੱਲ ਕੀਤੀ ਜਾਂਦੀ ਹੈ। ਸਾਰੇ ਧਰਮ ਆਪਣੇ-ਆਪਣੇ ਗੁਰੂਆਂ, ਪੀਰਾਂ, ਪੈਗੰਬਰਾਂ ਦੀ ਜੀਵਨੀ ਨਾਲ ਕਈ ਤਰ੍ਹਾਂ ਦੇ ਚਮਤਕਾਰ ਜੋੜ ਕੇ ਬੜੇ ਫਖਰ ਨਾਲ ਗੱਲ ਕਰਦੇ ਹਨ। ਇਸਲਾਮ ਧਰਮ ਵਿਚ ਵੀ ਅਜਿਹੇ ਕਈ ਤਰ੍ਹਾਂ ਦੇ ਚਮਤਕਾਰਾਂ ਦੀਆਂ ਮਿਥਿਹਾਸਕ ਕਹਾਣੀਆਂ ਪ੍ਰਸਿੱਧ ਹਨ। ਈਦ-ਉਲ-ਜੂਹਾ ਜਿਹੜਾ ਕਿ ਬਕਰੀਦ ਦੇ ਨਾਮ ਨਾਲ ਬਹੁਤ ਪ੍ਰਸਿੱਧ ਹੈ। ਇਸ ਵਿਚ ਆਮ ਤੌਰ 'ਤੇ ਭੇਡਾਂ-ਬੱਕਰੀਆਂ ਦੀ ਕੁਰਬਾਨੀ ਬਹੁਤ ਹੀ ਉੱਚ ਪੱਧਰ ਤੇ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਦੀ ਦਿੱਤੀ ਗਈ ਕੁਰਬਾਨੀ ਦੀ ਇਸਲਾਮ ਧਰਮ ਵਿਚ ਬੜੀ ਮਾਨਤਾ ਹੈ। ਇਸ ਨਾਲ ਇਕ ਬੜੀ ਚਮਤਕਾਰੀ ਘਟਨਾ ਜੁੜੀ ਹੋਈ ਹੈ। ਇਸ ਵਿਚ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਹਜ਼ਰਤ ਇਬਰਾਹੀਮ ਨੇ ਅੱਲਾਹ ਤਾਲਾ ਨੂੰ ਖੁਸ਼ ਕਰਨ ਲਈ ਆਪਣੇ ਪੁੱਤਰ ਇਸਮਾਈਲ ਦੀ ਕੁਰਬਾਨੀ ਦੇਣ ਦਾ ਨਿਰਣਾ ਕਰ ਲਿਆ। ਜਦੋਂ ਉਹ ਆਪਣੇ ਪੁੱਤਰ ਦੀ ਗਰਦਨ 'ਤੇ ਛੁਰੀ ਚਲਾਉਣ ਹੀ ਵਾਲੇ ਸਨ ਤਾਂ ਗੈਬਰੀਅਲ ਨਾਂਅ ਦੇ ਫਰਿਸ਼ਤੇ ਨੇ ਇਸਮਾਈਲ ਨੂੰ ਇਕ ਭੇਡ ਦੇ ਰੂਪ ਵਿਚ ਪ੍ਰੀਵਰਤਿਤ ਕਰ ਦਿੱਤਾ। ਇਸ ਤਰ੍ਹਾਂ ਕੁਰਬਾਨੀ ਭੇਡ ਦੀ ਹੋ ਗਈ ਤੇ ਇਸਮਾਈਲ ਬਚ ਗਿਆ। ਇਸ ਚਮਤਕਾਰੀ ਘਟਨਾ ਦੀ ਇਬਰਾਹੀਮ ਦੇ ਪੈਰੋਕਾਰਾਂ ਨੇ ਬਾਹਰ ਜਾ ਕੇ ਇਸ ਨੂੰ ਯਥਾਰਥਵਾਦੀ ਬਣਾਉਣ ਲਈ ਬੜੀ ਚਰਚਾ ਕੀਤੀ।

ਅੱਜ ਦੇ ਵਿਗਿਆਨਕ ਯੁੱਗ ਵਿਚ ਲੋਕ ਵੱਡੇ-ਵੱਡੇ ਪੀਰਾਂ, ਪੈਗੰਬਰਾਂ, ਫਕੀਰਾਂ ਤੇ ਔਲੀਆਂ ਦੀਆਂ ਕਬਰਾਂ ਤੇ ਚਾਦਰ ਚੜ੍ਹਾਉਂਦੇ ਹਨ ਤੇ ਇਨ੍ਹਾਂ ਦਰਗਾਹਾਂ ਤੇ ਜਾ ਕੇ ਦੁਆਵਾਂ ਮੰਗਦੇ ਤੇ ਮੱਥੇ ਰਗੜਦੇ ਹਨ। ਲੋਕਾਂ ਦਾ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਕਰਨ ਨਾਲ ਉਹਨਾਂ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਅਜਮੇਰ ਸ਼ਰੀਫ ਜਾ ਕੇ ਬਾਦਸ਼ਾਹ ਅਕਬਰ ਨੇ ਖ਼ਵਾਜਾ ਮੋਇਉਦੀਨ ਚਿਸ਼ਤੀ ਦੀ ਦਰਗਾਹ 'ਤੇ ਆਪਣੇ ਪੁੱਤਰ ਸਲੀਮ ਦੀ ਪ੍ਰਾਪਤੀ ਲਈ ਚਾਦਰ ਚੜ੍ਹਾਈ ਤੇ ਮੱਥਾ ਟੇਕਿਆ ਸੀ। ਇਹ ਲੋਕ ਕਥਾ ਬੜੀ ਪ੍ਰਸਿੱਧ ਹੈ। ਔਲਾਦ ਦੀ ਪ੍ਰਾਪਤੀ ਲਈ ਅੱਜ ਵੀ ਹਜ਼ਾਰਾਂ-ਲੱਖਾਂ ਲੋਕ ਇਸ ਦਰਗਾਹ 'ਤੇ ਜਾਂਦੇ ਹਨ ਤੇ ਚਾਦਰਾਂ ਚੜ੍ਹਾਉਂਦੇ ਹਨ। ਇਸਲਾਮ ਧਰਮ ਦੇ ਬਹੁਤ ਸਾਰੇ ਲੋਕਾਂ ਦਾ ਵਿਸ਼ਵਾਸ ਹੈ ਕਿ 'ਕੁਰਾਨ ਸ਼ਰੀਫ' ਵਿਚ ਬਹੁਤ ਸਾਰੀਆਂ ਇਸ ਤਰ੍ਹਾਂ ਦੀਆਂ ਆਇਤਾਂ ਹਨ, ਜਿਹਨਾਂ ਦਾ ਪਾਠ ਕਰਕੇ ਝਾੜ ਫੂਕ ਕਰਨ ਨਾਲ ਵੱਡੀਆਂ-ਵੱਡੀਆਂ ਬਿਮਾਰੀਆਂ ਤੇ ਇਲਾਮਤਾਂ ਦੂਰ ਹੋ ਜਾਂਦੀਆਂ ਹਨ। ਮੁਸਲਮਾਨਾਂ ਦਾ ਇਹ ਵਿਸ਼ਵਾਸ ਹੈ ਕਿ ਪੈਗੰਬਰਾਂ ਕੋਲ ਅਲਾਹ ਤਾਲਾ ਦੀਆਂ ਦਿੱਤੀਆਂ ਹੋਈਆਂ ਸ਼ਕਤੀਆਂ ਹੁੰਦੀਆਂ ਹਨ, ਜਿਹਨਾਂ ਨਾਲ ਉਹ ਵੱਡੇ-ਵੱਡੇ ਚਮਤਕਾਰ ਤੇ ਕਰਾਮਾਤਾਂ ਕਰ ਸਕਦੇ ਹਨ।

ਸਿੱਖ ਧਰਮ ਸੰਸਾਰ ਵਿਚ ਸਭ ਤੋਂ ਨਵੀਨ ਧਰਮ ਹੈ। ਇਸ ਵਿਚ ਕਰਾਮਾਤਾਂ ਕਰਨੀਆਂ ਤੇ ਚਮਤਕਾਰ ਦਿਖਾਉਣ ਦੀ ਮਨਾਹੀ ਹੈ। ਇਸ ਵਿਚ ਕਰਾਮਾਤਾਂ ਤੇ ਚਮਤਕਾਰਾਂ ਨੂੰ ਕਹਿਰ ਕਿਹਾ ਗਿਆ ਹੈ ਤੇ ਇਹਨਾਂ ਵਿਚ ਉੱਕਾ ਹੀ ਵਿਸ਼ਵਾਸ ਨਾ ਕਰਨ ਨੂੰ ਕਿਹਾ ਗਿਆ ਹੈ। ਬਾਬਰ ਨੇ ਜਦੋਂ ਸੈਦਪੁਰ ਤੇ ਹਮਲਾ ਕੀਤਾ ਤਾਂ ਸੈਦਪੁਰ ਦੇ ਹਾਕਮ ਜ਼ਾਲਮ ਖਾਂ ਨੇ ਇਲਾਕੇ ਦੇ ਸਾਰੇ ਪੀਰ-ਫਕੀਰ ਫੜ ਲਏ। ਉਹਨਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਵੀ ਸ਼ਾਮਲ ਸਨ। ਹਾਕਮ ਨੇ ਇਨ੍ਹਾਂ ਸਾਰੇ ਸਾਧੂ-ਫਕੀਰਾਂ ਨੂੰ ਜਬਰੀ ਹੁਕਮ ਦੇ ਕੇ ਕਿਹਾ ਤੇ ਕਰਵਾਇਆ ਵੀ ਕਿ ਤੁਸੀਂ ਸਾਰੇ ਮੰਤਰ ਪੜ੍ਹੋ, ਮਾਲਾ ਫੇਰੋ, ਕਲਮੇ ਪੜ੍ਹੋ ਤੇ ਰਿੱਧੀਆਂ-ਸਿੱਧੀਆਂ ਕਰੋ ਤਾਂ ਜੋ ਬਾਬਰ ਦੀ ਫੌਜ ਅੰਨ੍ਹੀ ਹੋ ਜਾਵੇ ਤੇ ਅਸੀਂ ਸਾਰੇ ਬਚ ਜਾਈਏ ਪਰ ਇੰਝ ਕਰਨ ਨਾਲ ਕੁਝ ਨਹੀਂ ਹੋਇਆ ਤਾਂ ਗੁਰੂ ਨਾਨਕ ਦੇਵ ਜੀ ਨੇ ਹਾਕਮ ਨੂੰ ਕਿਹਾ ਕਿ ਫੌਜਾਂ ਦਾ ਮੁਕਾਬਲਾ ਫੌਜਾਂ ਹੀ ਕਰ ਸਕਦੀਆਂ ਹਨ ਨਾ ਕਿ ਜੰਤਰ-ਮੰਤਰ, ਕਲਮੇ ਤੇ ਮਾਲਾ ਆਦਿਕ। ਬਾਬਰ ਦੀਆਂ ਫੌਜਾਂ ਆਈਆਂ ਤੇ ਸੈਦਪੁਰ ਨੂੰ ਲੁੱਟ-ਪੁੱਟ ਕੇ ਤੁਰਦੀਆਂ ਬਣੀਆਂ। ਇਸ ਘਟਨਾ ਦੀ ਗੁਰੂ ਜੀ ਨੇ ਬਾਣੀ ਵਿਚ ਇਸ ਤਰ੍ਹਾਂ ਵਿਆਖਿਆ ਕੀਤੀ ਹੈ:



ਕੋਈ ਮੁਗਲ ਨਾ ਹੋਆ ਅੰਧਾ ਕਿਨੈ ਨਾ ਪਰਚਾ ਲਾਇਆ।।
ਮੁਗਲ ਪਠਾਣਾਂ ਭਈ ਲੜਾਈ ਰਣ ਮਹਿ ਤੇਗ ਵਸਾਈ।।
ਓਨੀ ਤੁਪਕ ਤਾਣਿ ਚਲਾਈ।।
ਜਿਨਿ ਕੀ ਚੀਰੀ ਦਰਗਾਹ ਪਾਟੀ ਤਿਨ੍ਹਾਂ ਮਰਨਾ ਭਾਈ।।

ਗੁਰੂ ਨਾਨਕ ਦੇਵ ਜੀ ਦੀ ਜੀਵਨੀ ਨਾਲ ਸਬੰਧਤ ਲਿਖੀਆਂ ਗਈਆਂ ਸਾਖੀਆਂ ਉਹਨਾਂ ਦੀ ਮੌਤ ਤੋਂ ਬਾਅਦ ਲਿਖੀਆਂ ਗਈਆਂ ਹਨ। ਇਸ ਵਿਚ ਸਾਖੀਕਾਰਾਂ ਨੇ ਗੁਰੂ ਸਾਹਿਬ ਦੀ ਜੀਵਨੀ ਨਾਲ ਕਈ ਚਮਤਕਾਰੀ ਮਿੱਥਾਂ ਜੋੜ ਲਈਆਂ ਹਨ ਜੋ ਉਹਨਾਂ ਦੀ ਜ਼ਿੰਦਗੀ ਦਾ ਯਥਾਰਥ ਨਹੀਂ ਹਨ ਤੇ ਨਾ ਹੀ ਗੁਰਬਾਣੀ ਵਿਚ ਅਜਿਹੇ ਚਮਤਕਾਰਾਂ ਦਾ ਵਰਣਨ ਹੈ ਸਗੋਂ ਚਮਤਕਾਰ ਕਰਨ ਵਾਲਿਆਂ ਦਾ ਗੁਰਬਾਣੀ ਵਿਰੋਧ ਕਰਦੀ ਹੈ ਪਰ ਫਿਰ ਵੀ ਸਾਡੇ ਕਥਾਵਾਚਕ ਮਨਾਹੀ ਕਰਨ ਦੇ ਬਾਵਜੂਦ ਗੁਰੂ ਸਾਹਿਬ ਦੀ ਜ਼ਿੰਦਗੀ ਨੂੰ ਚਮਤਕਾਰਾਂ ਨਾਲ ਜੋੜ ਕੇ ਬਿਆਨ ਕਰਦੇ ਹਨ। ਉਹਨਾਂ ਦੀਆਂ ਯਾਤਰਾਵਾਂ ਦਾ ਸਮਾਂ ਕੋਈ ਤੀਹ ਸਾਲ ਤੋਂ ਉਪਰ ਬਣਦਾ ਹੈ। ਇਨ੍ਹਾਂ ਯਾਤਰਾਵਾਂ ਦੌਰਾਨ ਉਹਨਾਂ ਨੇ ਬਹੁਤ ਤਕਲੀਫ਼ਾਂ ਦਾ ਸਾਹਮਣਾ ਕੀਤਾ ਤੇ ਕੁਰਾਹੇ ਪਏ ਲੋਕਾਂ ਨੂੰ ਵਿਗਿਆਨਕ ਨਜ਼ਰੀਏ ਨਾਲ ਉਪਦੇਸ਼ ਦੇ ਕੇ ਚੰਗੇ ਇਨਸਾਨ ਬਣਨ ਦੀ ਪ੍ਰੇਰਨਾ ਦਿੱਤੀ। ਅਗਰ ਉਹਨਾਂ ਪਾਸ ਕੋਈ ਚਮਤਕਾਰੀ ਸ਼ਕਤੀ ਹੁੰਦੀ ਤਾਂ ਉਨ੍ਹਾਂ ਨੂੰ ਘਰੋਂ ਇੰਨਾ ਸਮਾਂ ਬਾਹਰ ਰਹਿ ਕੇ ਮਨੁੱਖਤਾ ਨੂੰ ਸਿੱਧੇ ਰਸਤੇ ਤੇ ਪਾਉਣ ਲਈ ਤਕਲੀਫ਼ਾਂ ਝੱਲਣ ਦੀ ਕੀ ਲੋੜ ਸੀ, ਉਹ ਘਰੋਂ ਹੀ ਬੈਠੇ ਆਪਣੀ ਕਰਾਮਾਤੀ ਤੇ ਚਮਤਕਾਰੀ ਤਾਕਤ ਨਾਲ ਮਨੁੱਖਤਾ ਨੂੰ ਸਿੱਧੇ ਰਸਤੇ ਤੇ ਪਾ ਸਕਦੇ ਸਨ।

ਗੁਰੂ ਅਰਜਨ ਦੇਵ ਜੀ ਸ਼ਹੀਦਾਂ ਦੇ ਸਿਰਤਾਜ, ਉਹਨਾਂ ਨੂੰ ਵੀ ਜ਼ਾਲਮਾਂ ਨੇ ਬਹੁਤ ਤਸੀਹੇ ਦੇ ਕੇ ਲਾਹੌਰ ਵਿਚ ਸ਼ਹੀਦ ਕਰ ਦਿੱਤਾ। ਉਨ੍ਹਾਂ ਨੇ ਇਹ ਸਾਰੇ ਤਸੀਹੇ ਆਪਣੇ ਪਿੰਡੇ ਤੇ ਝੱਲੇ ਤੇ ਆਪਣਾ ਮਾਨਸਿਕ ਮਨੋਬਲ ਬਹੁਤ ਮਜ਼ਬੂਤ ਰੱਖਿਆ ਤੇ ਕੋਈ ਚਮਤਕਾਰ ਆਦਿ ਨਹੀਂ ਦਿਖਾਇਆ ਸਗੋਂ ਪ੍ਰਮਾਤਮਾ ਦਾ ਨਾਮ ਜਪਦੇ ਰਹੇ। ਗੁਰੂ ਤੇਗ ਬਹਾਦਰ ਜੀ ਜਦੋਂ ਦਿੱਲੀ ਆਏ ਤਾਂ ਉਨ੍ਹਾਂ ਦੇ ਸਾਹਮਣੇ ਤਿੰਨ ਗੱਲਾਂ ਰੱਖੀਆਂ ਗਈਆਂ ਕਿ ਉਹ ਆਪਣਾ ਧਰਮ ਤਬਦੀਲ ਕਰ ਲੈਣ ਜਾਂ ਕੋਈ ਚਮਤਕਾਰ ਦਿਖਾਉਣ ਜਾਂ ਫਿਰ ਮੌਤ ਲਈ ਤਿਆਰ ਰਹਿਣ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਉੱਤਰ ਸੀ, 'ਜਬਰੀ ਧਰਮ ਪਰੀਵਰਤਨ ਮੈਨੂੰ ਮਨਜ਼ੂਰ ਨਹੀਂ, ਚਮਤਕਾਰ ਦਿਖਾਉਣਾ ਕੁਦਰਤ ਦੇ ਨਿਯਮਾਂ ਵਿਚ ਰੁਕਾਵਟ ਹੈ, ਤੀਜੀ ਗੱਲ ਮੌਤ ਦੀ ਸਜ਼ਾ ਮੈਨੂੰ ਮਨਜ਼ੂਰ ਹੈ।'

ਮਹਾਰਾਸ਼ਟਰ ਦੀ ਧਰਤੀ ਤੇ ਗੁਰੂ ਗੋਬਿੰਦ ਸਿੰਘ ਜੀ ਤੇ ਬਹਾਦਰ ਸ਼ਾਹ ਦੀ ਮਿਲਣੀ ਨਾਂਦੇੜ ਸਾਹਿਬ ਵਿਖੇ ਹੋਣ ਦੇ ਇਤਿਹਾਸਕ ਪ੍ਰਮਾਣ ਹਨ। ਉਥੇ ਬਾਦਸ਼ਾਹ ਬਹਾਦਰ ਸ਼ਾਹ ਪਾਸ ਸਰਹੰਦ ਦਾ ਇਕ ਸੱਯਦ ਬੈਠਾ ਸੀ। ਉਸ ਨੇ ਗੁਰੂ ਸਾਹਿਬ ਤੇ ਇਕ ਪ੍ਰਸ਼ਨ ਕੀਤਾ ਕਿ ਸਾਰੇ ਧਰਮਾਂ ਦੇ ਗੁਰੂ ਜਾਂ ਪੀਰ6ਪੈਗੰਬਰ ਜਾਂ ਅਵਤਾਰ ਕਰਾਮਾਤਾਂ ਦਿਖਾਉਂਦੇ ਰਹੇ ਹਨ, ਤੁਹਾਡੀ ਕਰਾਮਾਤਾਂ ਜਾਂ ਚਮਤਕਾਰਾਂ ਬਾਰੇ ਕੀ ਰਾਏ ਹੈ ਤਾਂ ਗੁਰੂ ਜੀ ਨੇ ਉੱਤਰ ਦਿੱਤਾ ਤੇ ਬਾਦਸ਼ਾਹ ਬਹਾਦਰ ਸ਼ਾਹ ਵੱਲ ਹੱਥ ਕਰਕੇ ਕਹਿਣ ਲੱਗੇ ਇਹ ਜਿਉਂਦੀ ਜਾਗਦੀ ਸਾਖਸ਼ਾਤ ਕਰਾਮਾਤ ਹੈ ਜਿਸ ਦੇ ਹੱਥ ਵਿਚ ਰਾਜਸੀ ਤਾਕਤ ਹੈ, ਉਹ ਜੋ ਚਾਹੇ ਕਰ ਸਕਦਾ ਹੈ। ਦੂਸਰੀ ਗੱਲ ਗੁਰੂ ਜੀ ਨੇ ਸੋਨੇ ਦੀ ਮੋਹਰ ਮੋਹਰੇ ਸੁੱਟਦਿਆਂ ਕਿਹਾ, ਇਸ ਨਾਲ ਦੁਨੀਆਂ ਵਿਚ ਬਹੁਤ ਕੁਝ ਖਰੀਦਿਆ ਜਾ ਸਕਦਾ ਹੈ। ਫਿਰ ਵੀ ਸੱਯਦ ਦੀ ਤਸੱਲੀ ਨਾ ਹੋਈ ਤਾਂ ਉਸ ਨੇ ਕਿਹਾ, ਤੁਸੀਂ ਕੋਈ ਹੋਰ ਕਰਾਮਾਤ ਕਰ ਸਕਦੇ ਹੋ ਤਾਂ ਗੁਰੂ ਜੀ ਨੇ ਆਪਣੇ ਮਿਆਨ ਵਿਚੋਂ ਤਲਵਾਰ ਧੂਹ ਕੇ ਕਿਹਾ, ਇਹ ਸਭ ਤੋਂ ਵੱਡੀ ਕਰਾਮਾਤ ਹੈ। ਇਹ ਕਮਜ਼ੋਰਾਂ ਵਿਚ ਜਾਨ ਲਿਆ ਸਕਦੀ ਹੈ ਤੇ ਸ਼ਹਿਨਸ਼ਾਹਾਂ ਦੇ ਤਖਤ ਪਲਟਾ ਸਕਦੀ ਹੈ। ਇਸ ਤਰ੍ਹਾਂ ਦੇ ਜੋਸ਼ੀਲੇ ਉੱਤਰ ਸੁਣ ਕੇ ਸੱਯਦ ਗੁਰੂ ਜੀ ਦੇ ਚਰਨੀਂ ਪੈ ਗਿਆ। ਇਸ ਲਈ ਉਕਤ ਚਰਚਾ ਦਾ ਸਾਰਅੰਸ਼ ਇਹੀ ਨਿਕਲਦਾ ਹੈ ਕਿ ਸਿੱਖ ਚਿੰਤਨ ਚਮਤਕਾਰਾਂ ਦੇ ਵਿਰੁੱਧ ਹੈ।

ਕੁਦਰਤ ਦੇ ਆਪਣੇ ਨਿਯਮ ਹਨ। ਇਹ ਨਿਯਮ ਅਟੱਲ ਹਨ। ਇਹਨਾਂ ਨੂੰ ਨਾ ਤਾਂ ਕੋਈ ਬਦਲ ਸਕਿਆ ਹੈ ਅਤੇ ਨਾ ਹੀ ਬਦਲ ਸਕੇਗਾ। ਜਿੰਨੀ ਅਸੀਂ ਇਹਨਾਂ ਨਾਲ ਛੇੜ-ਛਾੜ ਕਰਾਂਗੇ, ਉਨੇ ਹੀ ਇਸ ਦੇ ਭਿਆਨਕ ਨਤੀਜੇ ਨਿਕਲਣਗੇ। ਅਗਨੀ ਦਾ ਆਪਣਾ ਧਰਮ ਹੈ ਸਾੜਨਾ। ਅਸੀਂ ਜਦੋਂ ਕੋਈ ਵੀ ਵਸਤੂ ਇਸ ਵਿਚ ਪਾਵਾਂਗੇ ਸੜ ਜਾਏਗੀ ਬਸ਼ਰਤੇ ਉਸ ਨੂੰ ਕਿਸੇ ਰਸਾਇਣ ਯੁਕਤ ਪਦਾਰਥ ਵਿਚ ਨਾ ਲਪੇਟਿਆ ਗਿਆ ਹੋਵੇ, ਜਿਸ 'ਤੇ ਅੱਗ ਦਾ ਅਸਰ ਨਾ ਹੁੰਦਾ ਹੋਵੇ। ਇਸੇ ਤਰ੍ਹਾਂ ਹੀ ਪਾਣੀ ਦਾ ਆਪਣਾ ਧਰਮ ਹੈ। ਉਚਾਈ ਅਤੇ ਨੀਵਾਣ ਦਾ ਆਪਣਾ ਧਰਮ ਹੈ।

ਅੱਜ ਦੇ ਵਿਗਿਆਨ ਨੇ ਬਹੁਤ ਸਾਰੀਆਂ ਅਲੌਕਿਕ ਸਮਝੀਆਂ ਜਾਣ ਵਾਲੀਆਂ ਚੀਜ਼ਾਂ ਨੂੰ ਲੌਕਿਕ ਸਿੱਧ ਕਰ ਦਿੱਤਾ ਹੈ। ਜਵਾਲਾ ਦੇਵੀ ਵਿਚੋਂ ਨਿਕਲਣ ਵਾਲੀ ਅੱਗ ਨੂੰ ਸੈਂਕੜੇ ਸਾਲਾਂ ਤੋਂ ਅਲੌਕਿਕ ਸਮਝਿਆ ਜਾਂਦਾ ਸੀ ਪਰ ਵਿਗਿਆਨਕਾਂ ਨੇ ਖੋਜ ਕਰਕੇ ਸਾਬਤ ਕਰ ਦਿੱਤਾ ਹੈ ਕਿ ਇੱਥੇ ਧਰਤੀ ਦੇ ਅੰਦਰ ਗੰਧਕ ਹੈ, ਜੋ ਇਕ ਖਾਸ ਪ੍ਰਕਿਰਿਆ ਨਾਲ ਲਗਾਤਾਰ ਬਲਦੀ ਰਹਿੰਦੀ ਹੈ।

ਮਨੁੱਖ ਨੂੰ ਕਰਾਮਾਤਾਂ ਜਾਂ ਚਮਤਕਾਰ ਬਲਵਾਨ ਨਹੀਂ ਸਗੋਂ ਕਮਜ਼ੋਰ ਬਣਾਉਂਦੇ ਹਨ। ਉਹ ਆਪਣੀ ਹਰ ਮੁਸੀਬਤ ਵਿਚ ਸੋਚਣ ਲੱਗਦਾ ਹੈ ਕਿ ਕੋਈ ਚਮਤਕਾਰ ਹੋਏਗਾ ਤੇ ਮੇਰੇ ਸਾਰੇ ਦੁੱਖ ਦਲਿੱਦਰ ਦੂਰ ਹੋ ਜਾਣਗੇ। ਮਹਿਮੂਦ ਗ਼ਜ਼ਨਵੀ ਨੇ ਹਿੰਦੋਸਤਾਨ ਤੇ 19 ਵਾਰ ਹਮਲਾ ਕੀਤਾ ਪਰ ਜਦੋਂ ਉਸ ਨੇ ਸੋਮਨਾਥ ਦੇ ਮੰਦਰ 'ਤੇ ਹਮਲਾ ਕੀਤਾ ਤਾਂ ਉਹ ਬਹੁਤ ਭੈ-ਭੀਤ ਹੋ ਗਿਆ ਕਿ ਭਗਵਾਨ ਦੀ ਮੂਰਤੀ ਹਵਾ ਵਿਚ ਬਿਨਾਂ ਕਿਸੇ ਸਹਾਰੇ ਦੇ ਲਟਕ ਰਹੀ ਹੈ, ਸ਼ਾਇਦ ਇਹ ਕਿਸੇ ਗੈਬੀ ਸ਼ਕਤੀ ਦੇ ਸਹਾਰੇ ਤੇ ਹਵਾ ਵਿਚ ਖੜ੍ਹੀ ਹੈ ਪਰ ਉਸ ਦੇ ਸਲਾਹਕਾਰਾਂ ਨੇ ਉਸ ਨੂੰ ਦੇਖ ਕੇ ਦੱਸਿਆ ਕਿ ਇਹ ਕਿਸੇ ਗੈਬੀ ਸ਼ਕਤੀ ਨਾਲ ਹਵਾ ਵਿਚ ਨਹੀਂ ਲਟਕ ਰਹੀ ਸਗੋਂ ਚੁੰਬਕਾਂ ਦੀ ਚਾਰੋਂ ਪਾਸੋਂ ਖਿੱਚ ਨਾਲ ਹਵਾ ਵਿਚ ਲਟਕ ਰਹੀ ਹੈ, ਫਿਰ ਉਸ ਨੇ ਆਪਣੀ ਗਦਾ ਨਾਲ ਮੂਰਤੀ ਨੂੰ ਤੋੜ ਕੇ ਉਸਦੇ ਸਾਰੇ ਹੀਰ ਜਵਾਹਰਾਤ ਲੁੱਟ ਲਏ। ਪੁਜਾਰੀਆਂ ਦਾ ਵਿਸ਼ਵਾਸ ਸੀ ਕਿ ਕੋਈ ਚਮਤਕਾਰ ਹੋਵੇਗਾ, ਸ਼ਿਵ ਜੀ ਆਪਣਾ ਤੀਸਰਾ ਨੇਤਰ ਖੋਲ੍ਹਣਗੇ ਤੇ ਹਮਲਾਵਰ ਆਪਣੀ ਫੌਜ ਸਮੇਤ ਭਸਮ ਹੋ ਜਾਏਗਾ ਪਰ ਹੋਇਆ ਕੁਝ ਵੀ ਨਹੀਂ। ਗ਼ਜ਼ਨਵੀ ਲੁੱਟਮਾਰ ਤੇ ਕਤਲੋਗਾਰਤ ਕਰਕੇ ਵਾਪਸ ਚਲਾ ਗਿਆ।

ਸੰਸਾਰ ਦੇ ਅਨੇਕਾਂ ਧਰਮਾਂ ਦੀਆਂ ਕਹਾਣੀਆਂ ਵੀ ਅਜੀਬੋ-ਗਰੀਬ ਤੇ ਹੈਰਾਨੀਜਨਕ ਵੀ ਹਨ, ਉਹਨਾਂ ਸੰਪਰਦਾਵਾਂ ਦਾ ਇਹ ਵਿਸ਼ਵਾਸ ਹੈ ਕਿ ਉਹਨਾਂ ਦਾ ਦੇਵ ਪੁਰਸ਼ ਜਾਂ ਗੁਰੂ ਉਸ ਪ੍ਰਕਿਰਿਆ ਨਾਲ ਜਨਮ ਲੈ ਕੇ ਧਰਤੀ ਤੇ ਨਹੀਂ ਆਇਆ, ਜਿਸ ਤਰ੍ਹਾਂ ਇਕ ਸਧਾਰਨ ਪੁਰਸ਼ ਧਰਤੀ ਤੇ ਪੈਦਾ ਹੁੰਦਾ ਹੈ। ਉਹ ਇਕ ਦੇਵ ਪੁਰਸ਼ ਦੇ ਰੂਪ ਵਿਚ ਸੰਸਾਰ ਦੇ ਪ੍ਰਾਣੀਆਂ ਦਾ ਕਲਿਆਣ ਕਰਨ ਲਈ ਸਿੱਧਾ ਧਰਤੀ 'ਤੇ ਆਇਆ ਹੈ। ਈਸਾ ਮਸੀਹ ਤੇ ਮਦਰ ਮੇਰੀ ਦੀ ਕਥਾ ਇਸੇ ਤਰ੍ਹਾਂ ਹੀ ਕਹੀ ਜਾਂਦੀ ਹੈ। ਸੰਤ ਕਬੀਰ ਦਾਸ ਜੀ, ਸ੍ਰੀ ਦਾਦੂ ਦਿਆਲ ਜੀ ਅਤੇ ਸੁਆਮੀ ਰਾਮ ਕ੍ਰਿਸ਼ਨ ਪਰਮਹੰਸ ਦੇ ਸ਼ਰਧਾਲੂ ਅਜਿਹਾ ਹੀ ਮੰਨਦੇ ਹਨ। ਇਸੇ ਤਰ੍ਹਾਂ ਗੁਰੂਆਂ, ਸੰਤਾਂ ਅਤੇ ਪੈਗੰਬਰਾਂ ਦੇ ਸਰੀਰ ਦਾ ਸੰਸਕਾਰ ਕਰਨ ਨੂੰ ਲੈ ਕੇ ਵੀ ਇਸੇ ਤਰ੍ਹਾਂ ਦੀਆਂ ਕਹਾਣੀਆਂ ਪ੍ਰਚੱਲਿਤ ਹਨ। ਉਹਨਾਂ ਦਾ ਕਿਸੇ ਤਰ੍ਹਾਂ ਦਾ ਸੰਸਾਰਕ ਅੰਤਿਮ ਸੰਸਕਾਰ ਨਹੀਂ ਹੋਇਆ। ਉਹ ਸਰੀਰ ਸਮੇਤ ਸਵਰਗ ਸਿਧਾਰ ਗਏ।

ਚਮਤਕਾਰੀ ਘਟਨਾਵਾਂ ਕਰਨ ਵਿਚ ਵੀ ਦੌੜ ਲੱਗੀ ਹੋਈ ਹੈ। ਕਿਸੇ ਵੀ ਧਰਮ ਜਾਂ ਸੰਪਰਦਾ ਦਾ ਮੁਖੀ ਚਾਹੇ ਆਪਣੇ ਨਾਂਅ ਨਾਲ ਚਮਤਕਾਰਾਂ ਨੂੰ ਨਾ ਜੋੜਨਾ ਚਾਹੁੰਦਾ ਹੋਵੇ ਪਰ ਉਨ੍ਹਾਂ ਦੇ ਪੈਰੋਕਾਰ ਜ਼ਰੂਰ ਜੋੜ ਦਿੰਦੇ ਹਨ। ਪੈਰੋਕਾਰਾਂ ਨੂੰ ਲੱਗਦਾ ਹੈ ਕਿ ਜੇ ਦੂਸਰੇ ਧਰਮ ਦਾ ਮੁਖੀ ਜਾਂ ਗੁਰੂ ਚਮਤਕਾਰ ਕਰ ਸਕਦਾ ਹੈ ਤਾਂ ਸਾਡਾ ਕਿਉਂ ਨਹੀਂ ਕਰ ਸਕਦਾ? ਇਸ ਤਰ੍ਹਾਂ ਵੀ ਬਹੁਤ ਸਾਰੀਆਂ ਚਮਤਕਾਰੀ ਘਟਨਾਵਾਂ ਉਨ੍ਹਾਂ ਦੇ ਨਾਂਅ ਨਾਲ ਜੁੜ ਜਾਂਦੀਆਂ ਹਨ।

ਅੱਜ ਦੇ ਦੌਰ ਵਿਚ ਸਾਡੇ ਆਪਣੇ ਦੇਸ਼ ਵਿਚ ਅਜਿਹੇ ਬਾਬਿਆਂ, ਸੰਤਾਂ, ਔਲੀਆਂ ਤੇ ਗੁਰੂਆਂ ਦਾ ਹੜ੍ਹ ਆਇਆ ਹੋਇਆ ਹੈ ਜੋ ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਪਾਸ ਹਰ ਪ੍ਰਕਾਰ ਦੀ ਸਿੱਧੀ ਹੈ ਜੋ ਮਨੁੱਖ ਦੀਆਂ ਸਮੱਸਿਆਵਾਂ ਦਾ ਮਿੰਟਾਂ-ਸਕਿੰਟਾਂ ਵਿਚ ਹੀ ਹੱਲ ਕੱਢ ਸਕਦੇ ਹਨ। ਇਸ ਤਰ੍ਹਾਂ ਦੇ ਬਾਬੇ ਅੱਜਕਲ੍ਹ ਆਪਣੀਆਂ ਅਲੌਕਿਕ ਸ਼ਕਤੀਆਂ ਦੀ ਮਸ਼ਹੂਰੀ ਲਈ ਟੀ. ਵੀ. ਅਤੇ ਅਖ਼ਬਾਰਾਂ ਵਿਚ ਇਸ਼ਤਿਹਾਰਬਾਜ਼ੀ ਵੀ ਬਹੁਤ ਕਰਦੇ ਹਨ। ਮੈਂ ਵੀ ਪੰਜਾਬ ਦੇ ਕਈ ਡੇਰਿਆਂ ਤੇ ਇਹ ਦੇਖਣ ਲਈ ਤੇ ਇਨ੍ਹਾਂ ਬਾਬਿਆਂ ਦੀ ਸਚਾਈ ਜਾਨਣ ਲਈ ਘੁੰਮ ਫਿਰ ਕੇ ਦੇਖਿਆ ਹੈ। ਇੱਥੇ ਅਜਿਹੇ ਲੋਕਾਂ ਦੀ ਭੀੜ ਲੱਖਾਂ ਵਿਚ ਹੁੰਦੀ ਹੈ। ਇਹ ਡੇਰੇ ਹਰ ਸਾਲ ਕਿਸੇ ਨਾ ਕਿਸੇ ਇਕ ਦਿਨ ਨੂੰ ਮੇਲੇ ਵਾਂਗ ਮਨਾਉਂਦੇ ਹਨ। ਵੱਡੇ-ਵੱਡੇ ਨਾਮੀ-ਗ੍ਰਾਮੀ ਗਾਇਕ ਸੱਦਦੇ ਹਨ। ਉਨ੍ਹਾਂ ਉਤੋਂ ਨੋਟਾਂ ਦੀ ਵਰਖਾ ਕਰਦੇ ਹਨ। ਨੋਟਾਂ ਦੀ ਇੰਨੀ ਬੇਕਦਰੀ ਹੁੰਦੀ ਹੈ ਕਿ ਉਹ ਪੈਰਾਂ ਵਿਚ ਰੁਲਦੇ ਹਨ। ਗਰੀਬ ਆਦਮੀ ਇਨ੍ਹਾਂ ਨੋਟਾਂ ਲਈ ਤਰਸਦੇ ਹਨ ਪਰ ਇੱਥੇ ਇਹ ਨੋਟ ਸਿਰਫ਼ ਲੋਕਾਂ ਦੇ ਚੜ੍ਹਾਵੇ ਦੇ ਹੀ ਇਕੱਠੇ ਕੀਤੇ ਗਏ ਹੁੰਦੇ ਹਨ। ਇਨ੍ਹਾਂ ਵੱਡੇ-ਵੱਡੇ ਗਾਇਕਾਂ ਦੇ ਡੇਰਿਆਂ ਤੇ ਆਉਣ ਨਾਲ ਭੋਲੀ-ਭਾਲੀ ਜਨਤਾ ਨੂੰ ਇਹ ਗਲਤ ਸੰਦੇਸ਼ ਜਾਂਦਾ ਹੈ ਤੇ ਅੰਧ-ਵਿਸ਼ਵਾਸ ਪੈਦਾ ਹੁੰਦਾ ਹੈ ਕਿ ਇੱਥੇ ਇਸ ਬਾਬੇ ਵਿਚ ਜ਼ਰੂਰ ਕੋਈ ਮਿਕਨਾਤੀਸ਼ੀ ਸ਼ਕਤੀ ਹੈ ਜੋ ਵੱਡੇ-ਵੱਡੇ ਕਲਾਕਾਰ ਤੇ ਰਾਜਨੀਤਿਕ ਲੋਕ ਇੱਥੇ ਆਉਂਦੇ ਹਨ। ਮੇਲੇ ਵਾਲੇ ਦਿਨਾਂ ਤੋਂ ਇਲਾਵਾ ਵੀ ਸਾਰਾ ਸਾਲ ਇਹਨਾਂ ਡੇਰਿਆਂ ਤੇ ਭੀੜ ਲੱਗੀ ਰਹਿੰਦੀ ਹੈ।

ਇਹਨਾਂ ਡੇਰਿਆਂ ਵਿਚ ਜ਼ਿਆਦਾ ਕਰਕੇ ਤਿੰਨ ਤਰ੍ਹਾਂ ਦੇ ਲੋਕ ਆਉਂਦੇ ਹਨ। ਇਕ ਉਹ ਲੋਕ ਹਨ, ਜਿਹਨਾਂ ਨੂੰ ਲੱਗਦਾ ਹੈ ਕਿ ਕਿਸੇ ਦੁਸ਼ਮਣ ਨੇ ਉਹਨਾਂ ਤੇ ਕੋਈ ਜਾਦੂ-ਟੂਣਾ ਕਰ ਦਿੱਤਾ ਹੈ, ਜਿਸ ਕਰਕੇ ਉਹ ਕਿਸੇ ਖਾਸ ਕਿਸਮ ਦੀ ਬਿਮਾਰੀ ਤੋਂ ਪੀੜਤ ਹੋ ਗਏ ਹਨ। ਦੂਸਰੇ ਉਹ ਲੋਕ ਹਨ, ਜਿਹਨਾਂ ਦੇ ਔਲਾਦ ਨਹੀਂ ਹੁੰਦੀ। ਤੀਸਰੀ ਕਿਸਮ ਦੇ ਉਹ ਲੋਕ ਆਉਂਦੇ ਹਨ ਜੋ ਤਮਾਸ਼ਬੀਨ ਹਨ ਤੇ ਉਨ੍ਹਾਂ ਨੇ ਡੇਰਿਆਂ ਨੂੰ ਆਸ਼ਕੀ ਦਾ ਅੱਡਾ ਬਣਾਇਆ ਹੋਇਆ ਹੈ। ਇੱਥੇ ਜਾਦੂ-ਟੂਣਾ ਕਰਨ ਵਾਲੇ ਕੁਝ ਲੋਕ ਹੁੰਦੇ ਹਨ। ਇਹ ਭੋਲੇ-ਭਾਲੇ ਲੋਕਾਂ ਨੂੰ ਮਾਨਸਿਕ ਦ੍ਰਿਸ਼ਟੀ ਤੋਂ ਵੱਸ ਕਰਦੇ ਹਨ ਫਿਰ ਉਨ੍ਹਾਂ ਅੰਦਰੋਂ ਭੂਤ-ਪ੍ਰੇਤ ਕੱਢਣ ਦਾ ਦਾਅਵਾ ਕਰਦੇ ਹਨ।

ਸਭ ਤੋਂ ਵੱਡਾ ਧੋਖਾ ਨਿਰਸੰਤਾਨਾਂ ਨਾਲ ਹੁੰਦਾ ਹੈ। ਮੇਲੇ ਦੇ ਆਖਰੀ ਦਿਨ ਜਾਂ ਆਮ ਦਿਨਾਂ ਵਿਚ ਵੀ ਇਹ ਐਲਾਨ ਕੀਤਾ ਜਾਂਦਾ ਹੈ ਕਿ ਇੱਥੋਂ ਦੇ ਬਾਬਾ ਜੀ ਨੇ ਇਸ ਸਾਲ ਵੱਡੀ ਗਿਣਤੀ ਵਿਚ ਲੜਕੇ-ਲੜਕੀਆਂ ਦੇਣ ਦਾ ਨਿਸ਼ਚਾ ਕੀਤਾ ਹੈ। ਦਿੱਤੇ ਜਾਣ ਵਾਲੇ ਬੱਚਿਆਂ ਵਿਚ ਲੜਕਿਆਂ ਦੀ ਗਿਣਤੀ ਘੱਟ ਤੇ ਲੜਕੀਆਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ। ਫਿਰ ਇਹ ਐਲਾਨ ਕੀਤਾ ਜਾਂਦਾ ਹੈ ਕਿ ਜਿਹਨਾਂ ਨੂੰ ਲੜਕਾ ਚਾਹੀਦਾ ਹੈ, ਉਹ ਇੰਨਾ ਧਨ ਭਾਵ ਕੁਝ ਜ਼ਿਆਦਾ ਧਨ ਡੇਰੇ ਦੇ ਮੁੱਖ ਪ੍ਰਬੰਧਕ ਕੋਲ ਜਮ੍ਹਾ ਕਰਵਾ ਕੇ ਆਪਣੇ ਨਾਂ ਦੀ ਅਰਦਾਸ ਕਰਵਾ ਲੈਣ। ਜਿਹਨਾਂ ਨੂੰ ਲੜਕੀ ਚਾਹੀਦੀ ਹੈ ਉਹ ਇੰਨਾ ਧਨ ਜਮ੍ਹਾ ਕਰਵਾ ਕੇ ਆਪਣੇ ਨਾਂਅ ਦੀ ਅਰਦਾਸ ਕਰਵਾ ਲੈਣ। ਇੱਥੇ ਇਹ ਬਾਬੇ ਆਪਣੇ ਕੋਲ ਅਲੌਕਿਕ ਸ਼ਕਤੀਆਂ ਹੋਣ ਦਾ ਦਾਅਵਾ ਕਰਦੇ ਹਨ ਤੇ ਲੜਕੇ, ਲੜਕੀਆਂ ਵੇਚਣ ਦਾ ਵਿਉਪਾਰ ਕਰਦੇ ਹਨ। ਅਜਿਹੇ ਬਾਬਿਆਂ ਦੀ ਇਸ ਦੇਸ਼ ਵਿਚ ਘਾਟ ਨਹੀਂ ਜੋ ਚਮਤਕਾਰਾਂ ਅਤੇ ਅਲੌਕਿਕਤਾ ਦੇ ਨਾਂ ਤੇ ਦੇਸ਼ ਵਿਚ ਕੀ ਕੁਝ ਨਹੀਂ ਕਰਦੇ। ਅਜਿਹੇ ਹੀ ਕਈ ਬਾਬੇ ਜੇਲ੍ਹਾਂ ਵਿਚ ਹਨ ਤੇ ਜ਼ਮਾਨਤ ਲਈ ਤਰਸਦੇ ਹਨ, ਅਗਰ ਉਨ੍ਹਾਂ ਕੋਲ ਕੋਈ ਅਜਿਹਾ ਚਮਤਕਾਰ ਹੈ ਤਾਂ ਉਹ ਜੇਲ੍ਹ ਤੋਂ ਬਾਹਰ ਕਿਉਂ ਨਹੀਂ ਆ ਜਾਂਦੇ? ਦੱਖਣ ਭਾਰਤ ਦੇ ਇਕ ਬਾਬਾ ਚਮਤਕਾਰ ਦਿਖਾਉਣ ਵਿਚ ਬੜੇ ਪ੍ਰਸਿੱਧ ਸਨ। ਉਨ੍ਹਾਂ ਦੀ ਹਰਮਨ ਪਿਆਰਤਾ ਵੀ ਬੜੀ ਅਜੀਬੋ-ਗਰੀਬ ਸੀ। ਕਾਫ਼ੀ ਪੜ੍ਹੇ-ਲਿਖੇ ਲੋਕ ਵੀ ਉਹਨਾਂ ਦੇ ਚੇਲੇ ਸਨ। ਇਹ ਗੱਲ ਉਹਨਾਂ ਬਾਰੇ ਬੜੀ ਮਸ਼ਹੂਰ ਸੀ ਕਿ ਉਹ ਆਪਣੇ ਲੰਬੇ ਚੋਗੇ ਵਿਚੋਂ ਨੋਟਾਂ ਦੇ ਥੱਦੇ ਕੱਢ ਕ ਅੰਬਾਰ ਲਾ ਦਿੰਦੇ ਸਨ। ਜੇਕਰ ਕੋਈ ਉਹਨਾਂ ਕੋਲੋਂ ਸ਼ਰਧਾਲੂ ਘੜੀ ਮੰਗਦਾ ਸੀ ਤਾਂ ਉਹ ਉਸ ਨੂੰ ਘੜੀ ਦੇ ਦਿੰਦੇ ਸਨ। ਆਪਣੇ ਧੂਣੇ ਦੀ ਭਬੂਤੀ (ਭਾਵ ਸੁਆਹ) ਜਿਸ ਨੂੰ ਵੀ ਉਹ ਦਿੰਦੇ ਸਨ, ਉਹ ਮਾਲਾ-ਮਾਲ ਹੋ ਜਾਂਦਾ ਸੀ।

ਕਾਫੀ ਸਾਲ ਪਹਿਲਾਂ ਦੀ ਇਹ ਗੱਲ ਹੈ ਕਿ ਦੱਖਣ

(ਬਾਕੀ ਅਗਲੇ ਸਫੇ ਤੇ)

# ਛੂਤਛਾਤ ਦੇ ਸ਼ਿਕਾਰ ਦਲਿਤ ਨਹੀਂ ਕੱਟੇ ਜਾਂਦੇ ਵਾਲ

## ਲੋਕਤੰਤਰ ਭਾਰਤ ਦੀ ਅਸਲ ਤਸਵੀਰ



- ਨਿਰਮਲ ਚੌਹਾਨ
91-94631- 61691

ਮੋਬਾਇਲ ਫੋਨ, ਤਕਨੀਕੀ ਅਤੇ ਇੰਟਰਨੈਟ ਨਾਲ ਬਹੁਤ ਕੁਝ ਬਦਲਿਆ ਹੈ ਪਰ ਜੇਕਰ ਕੁਝ ਨਹੀਂ ਬਦਲਿਆ ਤਾਂ ਉਹ ਹੈ ਪੱਛੜੀਆਂ ਜਾਤੀਆਂ ਅਤੇ ਦਲਿਤਾਂ ਨਾਲ ਵਿਤਕਰੇ ਮਤਲਬ ਭੇਦਭਾਵ ਦੀ ਸੋਚ।

ਵੈਸੇ ਤਾਂ ਦਲਿਤਾਂ ਨਾਲ ਭੇਦਭਾਵ ਦੀਆਂ ਖ਼ਬਰਾਂ ਸਾਰੇ ਦੇਸ਼ ਵਿਚ ਹੁੰਦੀਆਂ ਰਹੀਆਂ ਹਨ, ਪਰ ਇਕ ਵੱਡੀ ਹਕੀਕਤ ਚੌਂਕਾਂਦੀ ਹੈ। ਇਕ ਪਿੰਡ ਇਹੋ ਜਿਹਾ ਵੀ ਹੈ, ਜਿੱਥੇ ਪਿੰਡ ਦੇ ਨਾਈ ਦਲਿਤਾਂ ਦੇ ਵਾਲ ਨਹੀਂ ਕੱਟਦੇ। ਇਹ ਕਿੱਸਾ ਦੋ ਸਾਲ ਦਾ ਨਹੀਂ, ਬਲਕਿ ਪੀੜ੍ਹੀਆਂ ਤੋਂ ਚੱਲੀ ਆ ਰਹੀ ਇਕ ਸ਼ਰਮਨਾਕ ਰੀਤ ਹੈ। ਇਹ ਕਿੱਸਾ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਰਾਜਧਾਨੀ ਦਿੱਲੀ ਤੋਂ ਤਕਰੀਬਨ ਸਵਾ ਸੌ ਕਿਲੋਮੀਟਰ ਦੂਰ ਨੈਸ਼ਨਲ ਹਾਈਵੇ ਨੰਬਰ 58 ਦੇ ਨਜ਼ਦੀਕ ਦੀ ਉਹ ਸਚਾਈ ਹੈ, ਜਿਸ ਨਾਲ ਲੋਕ ਰੂਬਰੂ ਹੋ ਰਹੇ ਹਨ।

ਇਹ ਉਨ੍ਹਾਂ ਸਰਕਾਰੀ ਯੋਜਨਾਵਾਂ, ਸੋਚ ਅਤੇ ਵੱਡੀਆਂ ਬਿਆਨਬਾਜ਼ੀਆਂ ਤੇ ਵੀ ਚੋਟ ਹੈ, ਜਿਹਨਾਂ ਦੇ ਜ਼ਰੀਏ ਸਮਾਜ ਅਧਿਕਾਰਾਂ ਤੋਂ ਲੈ ਕੇ ਭੇਦਭਾਵ ਦਾ ਜੜ੍ਹ ਸਮੇਤ ਉਖਾੜਨ ਦੀ ਤਾਲ ਛੋਟੇ-ਵੱਡੇ ਮੰਚਾਂ 'ਤੇ ਠੋਕੀ ਜਾਂਦੀ ਹੈ।




ਰਿਸ਼ੀਪਾਲ ਅਤੇ ਸ਼ਾਰਦਾ



ਮੰਗਲੀ



ਭਿਖਾਰੀਦਾਸ



ਸਲੇਖ




ਜਹਰੂ ਅਤੇ ਸੋਮਦੱਤ



ਸੰਜੀਵ



ਪ੍ਰਧਾਨਪਤੀ ਮਾਨ ਸਿੰਘ ਪਿੰਡ ਵਾਸੀਆਂ ਨਾਲ

ਉੱਤਰ ਪ੍ਰਦੇਸ਼ ਰਾਜ ਦੇ ਮੁਜ਼ੱਫਰਨਗਰ ਜ਼ਿਲ੍ਹੇ ਦੀ ਖਤੌਲੀ ਤਹਿਸੀਲ ਦੇ ਇਸ ਪਿੰਡ ਦਾ ਨਾਂ ਹੈ ਭੂਪਖੇੜੀ। ਪਿੰਡ ਦੀ ਆਬਾਦੀ ਤਕਰੀਬਨ ਚਾਰ ਹਜ਼ਾਰ ਹੈ, ਜਿਹਨਾਂ ਵਿਚ ਜ਼ਿਆਦਾਤਰ ਉੱਚੀਆਂ ਜਾਤੀਆਂ ਹਨ, ਇਹਨਾਂ 'ਚੋਂ ਦਲਿਤਾਂ ਦੀ ਤਾਦਾਦ ਤਿੰਨ ਸੌ ਦੇ ਆਸ-ਪਾਸ ਹੈ।

ਪਿੰਡ ਦੇ ਦਲਿਤਾਂ ਨੂੰ ਹਜਾਮ ਦੇ ਇੱਥੇ ਵਾਲ ਕਟਵਾਉਣ ਜਾਂ ਹਜਾਮਤ ਬਣਵਾਉਣ ਦੀ ਇਜਾਜ਼ਤ ਨਹੀਂ ਹੈ। ਜੇਕਰ ਕਦੀ-ਕਦਾਈ ਉਹ ਕੋਸ਼ਿਸ਼ ਵੀ ਕਰਦੇ ਹਨ ਤਾਂ ਉਹਨਾਂ ਨੂੰ ਬੇਇੱਜ਼ਤ ਕਰਕੇ ਭਜਾ ਦਿੱਤਾ ਜਾਂਦਾ ਹੈ।

ਦਰਅਸਲ, ਪਿੰਡ ਵਿਚ ਅਛੂਤ ਹੋਣ ਦੇ ਡਰ ਤੋਂ ਵਾਲ ਨਾ ਕੱਟਣ ਦਾ ਸਿਲਸਿਲਾ ਸਾਲਾਂ ਪੁਰਾਣਾ ਹੈ। ਇਸ ਪਿੰਡ ਦੇ ਦਲਿਤ ਦੂਸਰੇ ਪਿੰਡਾਂ ਵਿਚ ਵਾਲ ਕਟਵਾਉਣ ਦੇ ਲਈ ਜਾਂਦੇ ਹਨ।

ਠਾਕੁਰ ਜਾਤੀ ਦੀ ਨਵੀਂ ਪਿੰਡ ਪ੍ਰਧਾਨ ਅਨੀਤਾ ਦੇਵੀ ਨੇ ਇਸ ਭੇਦਭਾਵ ਨੂੰ ਖਤਮ ਕਰਨ ਦੀ ਸੋਚੀ। ਉਸ ਨੇ ਆਪਣੇ ਪਤੀ ਮਾਨ ਸਿੰਘ ਨੂੰ ਵੀ ਅੱਗੇ ਕੀਤਾ ਅਤੇ ਪਿੰਡ ਵਿਚ ਹਜਾਮ ਦੀ ਦੁਕਾਨ ਚਲਾਉਣ ਵਾਲੇ ਨਾਲ ਗੱਲ ਕੀਤੀ ਤਾਂ ਉਸ ਨੇ ਦਲਿਤਾਂ ਦੇ ਵਾਲ ਕੱਟਣ ਤੋਂ ਇਨਕਾਰ ਕਰ ਦਿੱਤਾ। ਉਸ ਦਾ ਕਹਿਣਾ ਸੀ ਕਿ ਦੂਸਰੇ ਠਾਕੁਰ ਇਸ ਦੇ ਲਈ ਮਨ੍ਹਾ ਕਰਦੇ ਹਨ। ਉਸ ਦੇ ਪਿਤਾ ਜਾਂ ਦਾਦਾ ਨੇ ਵੀ ਕਦੀ ਦਲਿਤਾਂ ਦੇ ਵਾਲ ਨਹੀਂ ਕੱਟੇ, ਤਾਂ ਫਿਰ ਉਹ ਇਹੋ ਜਿਹਾ ਕਿਉਂ ਕਰੇ?

ਕੁਝ ਦਲਿਤ ਇਕੱਠੇ ਹੋ ਕੇ ਵਾਲ ਕੱਟਣ ਪਹੁੰਚੇ ਤਾਂ ਉਹਨਾਂ ਦੇ ਨਾਲ ਗਾਲੀ-ਗਲੋਚ ਕੀਤੀ ਗਈ।ਉਹਨਾਂ ਦੇ ਨਾਲ ਮਿਲਣ ਨਾਲ ਦਲਿਤਾਂ ਦਾ ਹੌਸਲਾ ਵਧਿਆ ਤਾਂ ਉਹਨਾਂ ਨੇ ਬਕਾਇਦਾ ਇਸ ਦੀ ਲਿਖਤੀ ਸ਼ਿਕਾਇਤ ਥਾਣਾ ਰਤਨਪੁਰੀ ਵਿਚ ਕੀਤੀ ਪਰ ਪੁਲਿਸ ਨੇ ਕੋਈ ਕਾਰਵਾਈ ਕਰਨ ਦੀ ਬਜਾਏ ਤਹਿਰੀਰ ਲੈ ਕੇ ਰੱਖ ਲਈ। ਨਤੀਜਾ, ਪਿੰਡ ਵਿਚ ਦੋਹਾਂ ਬਿਰਾਦਰੀਆਂ ਵਿਚ ਤਣਾਅ ਪੈਦਾ ਹੋ ਗਿਆ। ਦਲਿਤਾਂ ਨੇ ਕਲੈਕਟਰ ਨੂੰ ਵੀ ਮੰਗ ਪੱਤਰ ਦਿੱਤਾ। ਪੁਲਿਸ ਪ੍ਰਸ਼ਾਸਨ ਨੇ ਇਸ ਭੇਦਭਾਵ ਪੂਰਨ ਰੀਤ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਵਿਚ ਜੁਟੇ ਦਲਿਤਾਂ ਨੂੰ ਸਹਾਰਾ ਦੇਣ ਜਾਂ ਠੋਸ ਹੱਲ ਕੱਢਣ ਦੀ ਬਜਾਏ ਕਾਨੂੰਨ ਵਿਵਸਥਾ ਨਾ ਵਿਗੜੇ, ਇਸ ਲਈ ਪਿੰਡ ਵਿਚ ਪੁਲਿਸ ਤਾਇਨਾਤ ਕਰ ਦਿੱਤੀ।

ਹਜਾਮ ਤੇ ਦਲਿਤਾਂ ਨੇ ਦਬਾਅ ਪਾਇਆ, ਤਾਂ ਉਸ ਨੇ ਦਲਿਤਾਂ ਦੇ ਵਾਲ ਕੱਟਣ ਦੀ ਬਜਾਏ ਦੁਕਾਨ ਬੰਦ ਕਰਨਾ ਬਿਹਤਰ ਸਮਝਿਆ। ਉਸ ਨੇ ਸਾਫ ਕਰ ਦਿੱਤਾ ਕਿ ਕਈ ਠਾਕੁਰ ਇਹੋ ਜਿਹਾ ਨਹੀਂ ਚਾਹੁੰਦੇ। ਇਹੋ ਜਿਹੀ ਪ੍ਰੰਪਰਾ ਤੇ ਪੁਲਿਸ ਵਾਲੇ ਵੀ ਹੈਰਾਨੀ ਜਤਾਉਂਦੇ ਹਨ। ਪਿੰਡ ਦੇ ਦਲਿਤਾਂ ਨੂੰ ਇਹ ਭੇਦਭਾਵ ਲੰਬੇ ਅਰਸੇ ਤੋਂ ਚੋਭਾਂ ਮਾਰਦਾ ਰਿਹਾ ਹੈ। ਪਰ ਪਿੰਡ ਵਿਚ ਠਾਕੁਰ ਬਿਰਾਦਰੀ ਦੇ ਲੋਕ ਜ਼ਿਆਦਾ ਹਨ, ਇਸ ਲਈ ਕੋਈ ਵਿਰੋਧ ਨਹੀਂ ਕਰਦਾ। ਅਛੂਤ ਹੋਣ ਦਾ ਡਰ ਭਾਵੇਂ ਹੋਵੇ, ਪਰ ਪਿੰਡ ਦੇ ਦਲਿਤ ਠਾਕੁਰਾਂ ਦੇ ਖੇਤਾਂ ਵਿਚ ਮਜ਼ਦੂਰੀ ਵੀ ਕਰਦੇ ਹਨ, ਦਲਿਤਾਂ ਦੀ ਇਹ ਮਜਬੂਰੀ ਅਤੇ ਛੋਟੀ-ਮੋਟੀ ਨੌਕਰੀ ਹੀ ਕਮਾਈ ਦਾ ਜ਼ਰੀਆ ਹੈ।

ਪਿੰਡ ਦੇ ਇਕ 90 ਸਾਲਾ ਦਲਿਤ ਬਜ਼ੁਰਗ ਭਿਖਾਰੀ ਦਾਸ ਤੋਂ ਜਦੋਂ ਪੁੱਛਿਆ ਗਿਆ ਕਿ ਉਹਨਾਂ ਨੂੰ ਯਾਦ ਹੈ ਕਿ ਉਹਨਾਂ ਨੇ ਆਖਰੀ ਦਫ਼ਾ ਪਿੰਡ ਵਿਚ ਵਾਲ ਕਦੋਂ ਕਟਵਾਏ ਤਾਂ ਉਸ ਨੇ ਦੱਸਿਆ ਕਿ ਜਦ ਪਹਿਲੀ ਵਾਰ ਹੀ ਇੱਥੇ ਵਾਲ ਨਹੀਂ ਕੱਟੇ ਤਾਂ ਆਖਰੀ ਵਾਰ ਕਿਵੇਂ ਕੱਟਣਗੇ। ਉਸ ਦੀਆਂ ਬੁੱਢੀਆਂ ਅੱਖਾਂ ਵਿਚ ਬੇਵਸੀ ਦੇ ਨਾਲ ਇਹ ਆਸ ਵੀ ਨਜ਼ਰ ਆਉਂਦੀ ਹੈ, ਜਿਸ ਨਾਲ ਦਲਿਤਾਂ ਨੂੰ ਭੇਦਭਾਵ ਤੋਂ ਛੁਟਕਾਰਾ ਮਿਲ ਜਾਵੇਗਾ।

ਇਸੇ ਪਿੰਡ ਦੇ ਦਲਿਤ ਰਿਸ਼ੀਪਾਲ ਅਤੇ ਉਸ ਦੀ ਪਤਨੀ ਸ਼ਾਰਦਾ ਕਹਿੰਦੇ ਹਨ ਕਿ ਉਨ੍ਹਾਂ ਨੇ ਆਪਣੇ ਬੱਚਿਆਂ ਦੇ ਵਾਲ ਕਟਵਾਉਣ ਦੀ ਕੋਸ਼ਿਸ਼ ਕੀਤੀ, ਪਰ ਅਛੂਤ ਹੋਣ ਦਾ ਡਰ ਉਨ੍ਹਾਂ ਵਿਚ ਵੀ ਸੀ। ਸ਼ਾਰਦਾ ਜਦ ਕਦੀ ਆਪਣੇ ਬੱਚਿਆਂ ਨੂੰ ਹਜਾਮ ਦੀ ਦੁਕਾਨ 'ਤੇ ਲੈ ਕੇ ਗਈ ਤਾਂ ਖਰੀ-ਖੋਟੀ ਸੁਣਾ ਕੇ ਮੋੜ ਦਿੱਤਾ ਗਿਆ।

45 ਸਾਲ ਦੇ ਸਲੇਖ ਦੀ 6 ਲੜਕੀਆਂ ਅਤ 2 ਲੜਕੇ ਹਨ। ਨਾ ਕਦੀ ਉਸ ਦੇ ਵਾਲ ਪਿੰਡ ਵਿਚ ਕੱਟੇ ਹਨ ਅਤੇ ਨਾ ਹੀ ਉਸ ਦੇ ਬੱਚਿਆਂ ਦੇ। ਬਜ਼ੁਰਗ ਮੰਗਲੀ ਨੂੰ ਉੱਚਾ ਸੁਣਦਾ ਹੈ, ਪਰ ਉਹ ਹਰ ਹਲਚਲ ਤੋਂ ਵਾਕਫ਼ ਹੈ। ਇਸ਼ਾਰਿਆਂ ਅਤੇ ਗੱਲਾਂ ਵਿਚ ਉਹ ਹਮ-ਉਮਰ ਲੋਕਾਂ ਨਾਲ ਇਸ ਗੱਲ ਤੇ ਵੀ ਚਰਚਾ ਕਰਦੇ ਹਨ। ਉਹਨਾਂ ਦੀ ਕਹਾਣੀ ਵੀ ਕੁਝ ਇਹੋ ਜਿਹੀ ਹੀ ਹੈ।

ਉਹ ਕਹਿੰਦੇ ਹਨ ਕਿ ਪਤਾ ਨਹੀਂ, ਹਜਾਮ ਉਨ੍ਹਾਂ ਦੇ ਵਾਲ ਕਿਉਂ ਨਹੀਂ ਕੱਟਦਾ? ਵਾਲ ਕੱਟਣ ਦੀ ਕੋਸ਼ਿਸ਼ ਕਰਨ ਤੇ ਮਿਲੀਆਂ ਝਿੜਕਾਂ ਉਹਨਾਂ ਨੂੰ ਯਾਦ ਹਨ।

ਦਲਿਤ ਸੁਨੀਲ ਮਜ਼ਦੂਰੀ ਕਰਦਾ ਹੈ। ਉਹ ਕਹਿੰਦਾ ਹੈ ਕਿ ਜਦ ਉਹ ਮਜ਼ਦੂਰੀ ਦੇ ਲਈ ਕਿਸੇ ਦੂਸਰੀ ਥਾਂ ਜਾਂਦਾ ਹੈ ਤਾਂ ਉਥੇ ਹੀ ਵਾਲਾਂ ਦੀ ਕਟਿੰਗ ਕਰਾ ਲੈਂਦਾ ਹੈ। ਪਿੰਡ ਵਿਚ ਬਾਕੀ ਲੋਕਾਂ ਦਾ ਹਾਲ ਦੇਖ ਕੇ ਉਸ ਨੇ ਕਦੀ ਕੋਸ਼ਿਸ਼ ਵੀ ਨਹੀਂ ਕੀਤੀ। 70 ਸਾਲਾ ਜਹਰੂ ਅਤੇ 55 ਦੀ ਉਮਰ ਦਾ ਸੋਮਵੀਰ ਵੀ ਇਹੋ ਜਿਹੇ ਹੀ ਕਿੱਸੇ ਬਿਆਨ ਕਰਦੇ ਹਨ।

ਨਾਲ ਹੀ, ਉਹ ਸਵਾਲ ਵੀ ਕਰਦੇ ਹਨ ਕਿ ਆਖਿਰ ਉਨ੍ਹਾਂ ਦਾ ਗੁਨਾਹ ਕੀ ਹੈ? ਉਨ੍ਹਾਂ ਨੂੰ ਵੀ ਬਰਾਬਰੀ ਦਾ ਦਰਜਾ ਮਿਲਣਾ ਚਾਹੀਦਾ ਹੈ।

ਪਿੰਡ ਦਾ ਸੰਜੀਵ ਨਾਮਕ ਨੌਜਵਾਨ ਬੀਡੀਸੀ ਦਾ ਮੈਂਬਰ ਹੈ। ਉਹ ਗਲਤ ਪ੍ਰੰਪਰਾ ਨੂੰ ਤੋੜਨਾ ਚਾਹੁੰਦਾ ਹੈ, ਪਰ ਕਾਮਯਾਬ ਨਹੀਂ ਹੋ ਰਿਹਾ ਹੈ।

ਪਿੰਡ ਦੇ ਨਿਤਿਨ ਵਾਲੀਆ, ਅਭਿਸ਼ੇਕ, ਪ੍ਰਿਯਾਂਸ਼ੂ, ਪ੍ਰਕਾਸ਼, ਰਾਜੀਵ, ਪ੍ਰਵੇਸ਼, ਅਵਨੀਸ਼, ਸੁਨੀਲ ਅਤੇ ਰਾਮਭਲ ਸਾਰੇ ਇਸ ਪ੍ਰੰਪਰਾ ਦੇ ਖ਼ਿਲਾਫ਼ ਹਨ। ਉਹ ਇਸ ਨੂੰ ਤੋੜਨਾ ਵੀ ਚਾਹੁੰਦੇ ਹਨ। ਭੇਦਭਾਵ ਉਨ੍ਹਾਂ ਨੂੰ ਹਰਦਮ ਡੰਗਦਾ ਹੈ।

ਇਹੋ ਜਿਹਾ ਨਹੀਂ ਹੈ ਕਿ ਆਸ-ਪਾਸ ਦੇ ਨੇਤਾਵਾਂ ਨੂੰ ਦਲਿਤਾਂ ਦੇ ਇਸ ਭੇਦਭਾਵ ਦੀ ਖ਼ਬਰ ਨਹੀਂ ਹੈ, ਬਲਕਿ ਦਲਿਤ ਉਨ੍ਹਾਂ ਦੇ ਲਈ ਸਿਰਫ਼ ਵੋਟਾਂ ਦਾ ਜ਼ਰੀਆ ਹਨ। ਲੋਕ ਦੱਸਦੇ ਹਨ ਕਿ ਚੋਣਾਂ ਦੇ ਸਮੇਂ ਨੇਤਾ ਉਹਨਾਂ ਦੇ ਮੁਹੱਲੇ ਵਿਚ ਆਉਂਦੇ ਹਨ, ਤਦ ਉਹ ਬੜਾ ਅਪਣਾਪਣ ਦਿਖਾਉਂਦੇ ਹਨ। ਬੱਸ, ਉਸੇ ਵਕਤ ਲੱਗਦਾ ਹੈ ਕਿ ਪਿੰਡ ਵਿਚ ਕੋਈ ਭੇਦਭਾਵ ਜਾਂ ਉਚ-ਨੀਚ ਨਹੀਂ ਹੈ।

ਪ੍ਰਧਾਨਪਤੀ ਮਾਨ ਸਿੰਘ ਦਾ ਕਹਿਣਾ ਹੈ ਕਿ ਉਹ ਇਸ ਭੇਦਭਾਵ ਨੂੰ ਖਤਮ ਕਰਨਾ ਚਾਹੁੰਦੇ ਹਨ ਪਰ ਉਹਨਾਂ ਨੂੰ ਖੁਦ ਹੀ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਪੂਰੇ ਮਾਮਲੇ ਵਿਚ ਪ੍ਰਸ਼ਾਸਨਿਕ ਰਵੱਈਆ ਢਿੱਲਾ ਹੈ।

ਸਵਾਲ ਹੈ ਕਿ ਸਾਲਾਂ ਤੋਂ ਚੱਲੀ ਆ ਰਹੀ ਬੁਰਾਈ ਤੋਂ ਦਲਿਤਾਂ ਨੂੰ ਨਿਜਾਤ ਕਿਵੇਂ ਮਿਲੇ? ਉਸ ਦੇ ਲਈ ਕੀ ਕੋਸ਼ਿਸ਼ ਕੀਤੀ ਜਾਵੇ?

# 'ਕੀ ਧਰਮਾਂ ਵਿਚ ਚਮਤਕਾਰ ਜ਼ਰੂਰੀ ਹਨ?'

ਭਾਰਤ ਦੇ ਹੀ ਇਕ ਵਿਗਿਆਨੀ ਡਾ. ਕਵੂਰ ਨੇ ਉਹਨਾਂ ਨੂੰ ਚੁਣੌਤੀ ਦਿੱਤੀ ਕਿ ਅਗਰ ਉਹ ਉਹਨਾਂ ਦੇ ਸਾਹਮਣੇ ਕੋਈ ਚਮਤਕਾਰ ਕਰਕੇ ਦਿਖਾਵੇਗਾ ਤਾਂ ਉਹ ਉਹਨਾਂ ਨੂੰ ਇਕ ਲੱਖ ਰੁਪਏ ਇਨਾਮ ਵਜੋਂ ਦੇਣਗੇ, ਪਰ ਬਾਬਾ ਕੋਈ ਚਮਤਕਾਰ ਨਾ ਦਿਖਾ ਸਕਿਆ। ਅੱਜ ਉਹ ਬਾਬਾ ਇਸ ਸੰਸਾਰ ਵਿਚ ਨਹੀਂ ਹੈ ਪਰ ਲੋਕਾਂ ਵਿਚ ਅੰਧ-ਵਿਸ਼ਵਾਸ ਦੇ ਸਹਾਰੇ ਜੋ ਦੌਲਤ ਇਕੱਠੀ ਕੀਤੀ ਸੀ ਉਸ ਦਾ ਰਾਜ਼ ਉਸ ਦੀ ਮੌਤ ਤੋਂ ਬਾਅਦ ਖੁੱਲ੍ਹਿਆ। ਕਿਸੇ ਵੀ ਤਰ੍ਹਾਂ ਦਾ ਚਮਤਕਾਰ ਹੋਵੇ, ਉਹ ਅਣ-ਵਿਗਿਆਨਕ, ਕਲਪਨਾਤਮਿਕ ਤੇ ਗੈਰ-ਕੁਦਰਤੀ ਹੈ। ਸਭ ਤੋਂ ਵੱਡਾ ਚਮਤਕਾਰ ਤਾਂ ਮਨੁੱਖ ਆਪ ਹੀ ਹੈ। ਮਨੁੱਖ ਨੇ ਆਪਣੇ ਦਿਮਾਗ ਦੇ ਵਿਕਾਸ ਨਾਲ ਅੱਜ ਇੰਨੀਆਂ ਵਿਗਿਆਨਕ ਕਾਢਾਂ ਕੱਢੀਆਂ ਹਨ ਕਿ ਸੰਸਾਰ ਦਾ ਭੂਗੋਲ ਹੀ ਬਦਲ ਕੇ ਰੱਖ ਦਿੱਤਾ ਹੈ। ਮਨੁੱਖ ਨੇ ਕੁਦਰਤ ਦੇ ਹਰ ਲੁਕਵੇਂ ਭੇਦ ਨੂੰ ਉਜਾਗਰ ਕਰਕੇ ਰੱਖ ਦਿੱਤਾ ਹੈ। ਮਨੁੱਖ ਆਕਾਸ਼ ਵਿਚ ਉਡਾਰੀਆਂ ਮਾਰਦਾ ਹੈ। ਚੰਦਰਮਾ ਤੇ ਮੰਗਲ ਤੱਕ ਉਸ ਨੇ ਬੜੀ ਲੰਮੀ ਉਡਾਰੀ ਮਾਰੀ ਹੈ ਤੇ ਮਨੁੱਖ ਨੂੰ ਉਥੇ ਵਸਾਉਣ ਦੀਆਂ ਤਿਆਰੀਆਂ ਕਰ ਰਿਹਾ ਹੈ। ਸੰਚਾਰ ਸਾਧਨਾਂ ਨਾਲ ਤੁਸੀਂ ਅੱਜ ਸੰਸਾਰ ਦੇ ਕਿਸੇ ਵੀ ਕੋਨੇ ਵਿਚ ਬੈਠ ਕੇ ਆਪਣੇ ਘਰ ਬੜੀ ਆਸਾਨੀ ਨਾਲ ਗੱਲਬਾਤ ਕਰ ਸਕਦੇ ਹੋ, ਕੀ ਇਹ ਕਿਸੇ ਚਮਤਕਾਰ ਤੋਂ ਘੱਟ ਹੈ?

ਵਿਗਿਆਨ ਦੀਆਂ ਕਾਢਾਂ ਨੇ ਮਨੁੱਖ ਨੂੰ ਬੜਾ ਕੁਝ ਦਿੱਤਾ ਹੈ। ਸੰਸਾਰ ਵਿਚ ਕਾਫੀ ਲੋਕਾਂ ਨੇ ਵਿਗਿਆਨਕ ਸੋਚ ਬਣਾਈ ਵੀ ਹੈ ਤੇ ਅੰਧ-ਵਿਸ਼ਵਾਸਾਂ ਤੋਂ ਛੁਟਕਾਰਾ ਕਿਸੇ ਹੱਦ ਤੱਕ ਪਾਇਆ ਵੀ ਹੈ ਪਰ ਫਿਰ ਵੀ ਮਨੁੱਖ ਇਕ ਕਮਜ਼ੋਰ ਪ੍ਰਾਣੀ ਹੈ ਜੋ ਸੰਸਾਰਕ ਸੰਕਟਾਂ ਵਿਚ ਫਸਿਆ ਰਹਿੰਦਾ ਹੈ। ਇਨ੍ਹਾਂ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ ਉਹ ਕਿਸੇ ਚੀਜ਼ ਦਾ ਸਹਾਰਾ ਭਾਲਦਾ ਹੈ। ਧਰਮ ਅਤੇ ਪ੍ਰਮਾਤਮਾ ਵਿਚ ਵਿਸ਼ਵਾਸ ਉਸ ਨੂੰ ਇਹਨਾਂ ਸਮੱਸਿਆਵਾਂ ਵਿਚੋਂ ਨਿਕਲਣ ਲਈ ਆਪਣੇ ਵੱਲ ਖਿੱਚਦਾ ਹੈ ਕਿ ਸ਼ਾਇਦ ਇੱਥੇ ਜਾਣ ਨਾਲ ਉਸ ਦੇ ਸਾਰੇ ਦੁੱਖ ਦਰਦ ਖਤਮ ਹੋ ਜਾਣਗੇ ਪਰ ਇੱਥੇ ਆ ਕੇ ਉਹ ਆਪਣਾ ਮਨੋਬਲ ਤਕੜਾ ਕਰਨ ਦੀ ਬਜਾਏ ਦੰਭੀ ਤੇ ਪਾਖੰਡੀ ਸਾਧਾਂ-ਫਕੀਰਾਂ ਦੇ ਚਮਤਕਾਰਾਂ ਜਾਂ ਕਰਾਮਾਤਾਂ ਦਾ ਢੌਂਗ ਕਰਨ ਵਾਲੇ ਕੁਝ ਸੁਆਰਥੀ ਲੋਕ, ਮਨੁੱਖ ਦੀਆਂ ਕਮਜ਼ੋਰੀਆਂ ਅਤੇ ਸੀਮਾਵਾਂ ਦਾ ਫਾਇਦਾ ਉਠਾਉਂਦੇ ਹੋਏ ਉਹਨਾਂ ਨੂੰ ਆਪਣੇ ਮੋਹ ਜਾਲ ਵਿਚ ਫਸਾ ਕੇ ਭੋਲੇ-ਭਾਲੇ ਲੋਕਾਂ ਦਾ ਸ਼ੋਸ਼ਣ ਕਰਦੇ ਹਨ। ਧਰਮ ਦਾ ਇਹਨਾਂ ਚਮਤਕਾਰਾਂ ਨਾਲ ਕੋਈ ਸਿੱਧਾ ਸਬੰਧ ਨਹੀਂ ਹੈ। ਧਰਮ ਆਦਮੀ ਨੂੰ ਤਾਕਤਵਰ ਬਣਾਉਂਦਾ ਹੈ, ਮਨੁੱਖ ਨੂੰ ਕੁਝ ਕਰਨ ਤੇ ਚੰਗਾ ਸੋਚਣ ਦੀ ਪ੍ਰੇਰਨਾ ਦਿੰਦਾ ਹੈ, ਜਦਕਿ ਚਮਤਕਾਰ ਉਸ ਨੂੰ ਨਿਤਾਣਾ ਤੇ ਕਮਜ਼ੋਰ ਬਣਾਉਂਦੇ ਹਨ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਮਾਜ ਨੂੰ ਵਹਿਮਾਂ-ਭਰਮਾਂ ਤੇ ਅੰਧ-ਵਿਸ਼ਵਾਸਾਂ ਵਿਚੋਂ ਕੱਢਿਆ ਕਿਵੇਂ ਜਾਵੇ? ਅੰਧ ਵਿਸ਼ਵਾਸਾਂ ਤੋਂ ਛੁਟਕਾਰਾ ਪਾਉਣ ਲਈ ਖਾਸ ਕਰ ਔਰਤਾਂ ਤੇ ਨੌਜਵਾਨਾਂ ਨੂੰ ਤਰਕ ਦੇ ਆਧਾਰ 'ਤੇ ਵਿਗਿਆਨਕ ਤਰੀਕੇ ਨਾਲ ਹਰ ਸਮੱਸਿਆ ਦੇ ਕਾਰਨਾਂ ਨੂੰ ਲੱਭਣਾ ਤੇ ਹੱਲ ਕਰਨਾ ਪਵੇਗਾ। ਜਦੋਂ ਅਸੀਂ ਕਿਸੇ ਵੀ ਸਮੱਸਿਆ ਨੂੰ ਕੀ, ਕਦੋਂ ਤੇ ਕਿਵੇਂ ਦੇ ਤਰਕ ਆਧਾਰਿਤ ਫਾਰਮੂਲੇ ਨਾਲ ਸਮਝ ਕੇ ਕਾਰਨ ਲੱਭਣ ਦਾ ਯਤਨ ਕਰਦੇ ਹਾਂ ਤਾਂ ਸਮੱਸਿਆਵਾਂ ਦੇ ਕਾਰਨ ਤੇ ਹੱਲ ਦਾ ਖਾਕਾ ਸਾਡੇ ਦਿਮਾਗ ਵਿਚ ਤੁਰੰਤ ਆ ਜਾਂਦਾ ਹੈ। ਅੱਜ ਸਮੇਂ ਦੀ ਤ੍ਰਾਸਦੀ ਤੇ ਦੁਖਾਂਤ ਇਹ ਹੈ ਕਿ ਪਿਛਾਂਹ ਖਿੱਚੂ ਵਿਚਾਰ ਅਤੇ ਅੰਧ ਵਿਸ਼ਵਾਸਾਂ ਨਾਲ ਭਰੇ ਰੀਤੀ-ਰਿਵਾਜ਼ ਭਾਰੂ ਹੋਣ ਕਾਰਨ ਵਿਗਿਆਨਕ ਕਾਰਨਾਂ ਤੇ ਹੱਲ ਨੂੰ ਮੰਨਣ ਦੀ ਜਗ੍ਹਾ ਲੋਕ ਭੁਲੇਖੇ ਤੇ ਰਹੱਸਵਾਦ ਦਾ ਸ਼ਿਕਾਰ ਹੁੰਦੇ ਹਨ।

ਅਸੀਂ ਆਮ ਦੇਖਦੇ ਹਾਂ ਕਿ ਸਾਡੇ ਪੜ੍ਹੇ-ਲਿਖੇ ਨੌਜਵਾਨ ਲੜਕੇ ਤੇ ਲੜਕੀਆਂ ਆਪਣੀ ਬਾਂਹ ਦੇ ਗੁੱਟ ਤੇ ਮੌਲੀ ਬੰਨ੍ਹ ਕੇ ਰੱਖਦੇ ਹਨ। ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਸਾਡੀ ਸਿੱਖਿਆ ਪ੍ਰਣਾਲੀ ਮੌਜੂਦਾ ਸਮੇਂ ਦੇ ਹਾਣ ਦੀ ਨਹੀਂ ਹੈ ਤੇ ਵਿਗਿਆਨਕ ਸਿਧਾਂਤਾਂ ਤੋਂ ਕੋਹਾਂ ਦੂਰ ਹੈ। ਇਸੇ ਕਰਕੇ ਸਮਾਜ ਵਿਚ ਅੰਧ-ਵਿਸ਼ਵਾਸ ਉਹ ਜ਼ਰਖੇਜ਼ ਜ਼ਮੀਨ ਬਣ ਰਹੇ ਹਨ, ਜਿੱਥੇ ਚਮਤਕਾਰਾਂ ਤੇ ਕਰਾਮਾਤਾਂ ਲਈ ਯਕੀਨ ਪੈਦਾ ਹੋ ਰਿਹਾ ਹੈ। ਆਪਣੀ ਸੂਝ-ਬੂਝ ਦੀ ਵਰਤੋਂ ਕਰਨ ਦੀ ਬਜਾਏ ਮਿੱਥਕ ਵਿਚਾਰ ਤੇ ਕਲਪਨਾਤਮਿਕ ਧਾਰਨਾਵਾਂ ਨੂੰ ਹੀ ਲਾਗੂ ਕੀਤਾ ਜਾ ਰਿਹਾ ਹੈ। ਸੱਜੇ ਹੱਥ ਦੀ ਪਹਿਲੀ ਉਂਗਲ ਵਿਚ ਮੁੰਦਰੀ ਪਾਉਣਾ ਤੇ ਉਸ ਵਿਚ ਖਾਸ ਨਗ ਜੜਵਾਉਣਾ ਵੀ ਨੌਜਵਾਨਾਂ ਦਾ ਇਹੋ ਰੁਝਾਨ ਦੱਸਦਾ ਹੈ ਕਿ ਉਹਨਾਂ ਦੀ ਮਾਨਸਿਕਤਾ ਹਾਲੇ ਵੀ ਕਿੰਨੀ ਰੂੜੀਵਾਦੀ ਹੈ।

ਸਰਕਾਰਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਹਰ ਜ਼ਿਲ੍ਹੇ ਤੇ ਬਲਾਕ ਪੱਧਰ 'ਤੇ 'ਗਿਆਨ-ਵਿਗਿਆਨ ਦੀ ਸਮਾਜਿਕ ਜੀਵਨ ਵਿਚ ਲੋੜ ਤੇ ਮਹੱਤਤਾ' ਵਿਸ਼ੇ 'ਤੇ ਸੈਮੀਨਾਰ ਤੇ ਗੋਸ਼ਟੀਆਂ ਦਾ ਪ੍ਰਬੰਧ ਕਰਨ ਤਾਂ ਜੋ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣ ਸਕੇ ਤੇ ਲੋਕਾਂ ਵਿਚ ਤਰਕ ਦੀ ਚੇਤਨਾ ਪੈਦਾ ਹੋ ਸਕੇ, ਜਿਵੇਂ-ਜਿਵੇਂ ਮਨੁੱਖ ਵਿਚ ਆਪਣੀ ਸੋਚਣ ਸ਼ਕਤੀ, ਆਪਣੀ ਯੋਗਤਾ ਅਤੇ ਆਪਣੀ ਸਰਗਰਮੀ ਵਿਚ ਵਿਸ਼ਵਾਸ ਵਧੇਗਾ, ਉਹ ਚਮਤਕਾਰੀ ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਦੇ ਮਾਇਆ ਜਾਲ ਤੋਂ ਮੁਕਤੀ ਪ੍ਰਾਪਤ ਕਰਦਾ ਜਾਏਗਾ। ਇਸਦੇ ਨਾਲ ਹੀ ਸਰਕਾਰ ਇਕ ਅਜਿਹਾ ਕਾਨੂੰਨ ਬਣਾਵੇ, ਜਿਸ ਵਿਚ ਅੰਧ ਵਿਸ਼ਵਾਸ ਤੇ ਚਮਤਕਾਰ ਕਰਨ ਦਾ ਪ੍ਰਚਾਰ ਕਰਨ ਵਾਲਿਆਂ ਖ਼ਿਲਾਫ਼ ਸਜਾ ਦਾ ਪ੍ਰਾਵਧਾਨ ਹੋਵੇ। ਤਦ ਹੀ ਸਾਡਾ ਸਮਾਜ ਅਸਲ ਵਿਚ 21ਵੀਂ ਸਦੀ ਦਾ ਵਿਗਿਆਨਕ ਯੁੱਗ ਅਖਵਾਉਣ ਦਾ ਹੱਕਦਾਰ ਹੋਵੇਗਾ। ਇਸ ਲਈ ਕਰਾਮਾਤਾਂ ਜਾਂ ਚਮਤਕਾਰਾਂ ਦਾ ਧਰਮ ਨਾਲ ਸਿੱਧਾ ਜਾਂ ਅਸਿੱਧਾ ਕੋਈ ਸਬੰਧ ਨਹੀਂ ਹੈ।

# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋਂ 22 ਅਪ੍ਰੈਲ 1980)

## (ਬਾਨੀ ਆਦਿ-ਧਰਮ ਲਹਿਰ, ਸਾਬਕਾ ਐਮ.ਐਲ.ਏ, ਫਰੀਡਮ ਫਾਈਟਰ ਗਦਰ ਪਾਰਟੀ, ਸਾਬਕਾ ਐਮ. ਬੀ. ਡੀ., ਸਾਬਕਾ ਪ੍ਰਧਾਨ ਪੰਜਾਬ ਸ਼ਡੂਲਡ ਕਾਸਟ ਫੈਡਰੇਸ਼ਨ, ਸਾਬਕਾ ਪ੍ਰਧਾਨ ਆਲ-ਇੰਡੀਆ ਆਦਿ-ਧਰਮ ਫੈਡਰੇਸ਼ਨ)

**ਉੱਘੇ ਸਮਾਜ ਸੇਵਕ, ਸਾਬਕਾ ਤਹਿਸੀਲ ਭਲਾਈ ਅਫਸਰ, ਬਹੁਜਨ ਸਮਾਜ ਬੁਲੇਟਿਨ ਦੇ ਰੈਜ਼ੀਡੈਂਟ ਐਡੀਟਰ, ਬਹੁਜਨ ਸਮਾਜ ਦੇ ਜਾਣੇ-ਪਛਾਣ ਨਿਧੱੜਕ, ਨਿਰਪੱਖ, ਬੇ-ਖੌਫ, ਨਿਰਪੱਖ ਲੇਖਣੀ ਦੇ ਬੇਤਾਜ ਮਹਾਨ ਚਿੰਤਕ ਅਤੇ ਲੇਖਕ ਮਾਨਯੋਗ ਸੀ. ਐਲ. ਚੁੰਬਰ (ਜੋ ਅੱਜ ਜਿਸਮਾਨੀ ਤੌਰ ਤੇ ਸਾਡੇ ਵਿਚਕਾਰ ਨਹੀਂ ਰਹੇ ਪਰ ਉਹਨਾਂ ਦੇ ਕੰਮ ਹਮੇਸ਼ਾਂ-ਹਮੇਸ਼ਾਂ ਲਈ ਸਲਾਹੁਣਯੋਗ ਰਹਿਣਗੇ), ਐਡੀਟਰ-ਇਨ-ਚੀਫ ਕੌਮੀ ਉਡਾਰੀਆਂ ਜਲੰਧਰ,(ਪੰਜਾਬ) ਭਾਰਤ, ਸ਼੍ਰੀਮਾਨ ਸੀ. ਐਲ. ਚੁੰਬਰ , ਨੇ ਆਦਿ ਧਰਮ ਮੰਡਲ ਦੇ ਦਸਤਾਵੇਜਾਂ ਨੂੰ ਬਹੁਜਨ ਸਮਾਜ ਬੁਲੇਟਿਨ ਦੇ ਅੰਕ 9 ਵਿੱਚ "ਨਾਮ ਮੰਗੂ ਰਾਮ ਜੀ ਦਾ ਭੁੱਲਣਾ ਨਹੀਂ ਚਾਹੀਦਾ" ਦੇ ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ। ਜਿਸਨੂੰ ਕਿ ਪਾਠਕਾਂ ਦੇ ਰੂਬਰੂ ਕੀਤਾ ਜਾ ਰਿਹਾ ਹੈ। ਉਮੀਦ ਹੈ ਆਪ ਸਭ ਪਸੰਦ ਕਰੋਗੇ।**

***ਤੇਜਪਾਲ ਗੰਗੜ (ਬਰਨਬੀ, ਬ੍ਰਿਟਿਸ਼ ਕੁਲੰਬੀਆ, ਕਨੇਡਾ) ਫੋਨ: 778.319.5431***

ਪੰਜਾਬ ਦੇ ਮਹਾਨ ਸਪੂਤ, ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ, ਜਿਸਨੇ ਸਾਨੂੰ ਪੜਣ ਅਤੇ ਨੌਕਰੀਆਂ ਕਰਨ ਦਾ ਅਧਿਕਾਰ, ਵੋਟ ਦਾ ਅਧਿਕਾਰ, ਜ਼ਮੀਨ ਖਰੀਦਣਦਾ ਅਧਿਕਾਰ ਦਵਾ ਕੇ ਸਮਾਜ ਵਿੱਚ ਸਿਰ ਉੱਚਾ ਚੁੱਕ ਕੇ ਚਲਣਾ ਸਿਖਾਇਆ, ਨੂੰ ਦਲਿਤ ਸਮਾਜ ਵਲੋਂ ਬਹੁਤ ਘੱਟ ਯਾਦ ਕੀਤਾ ਜਾਂਦਾ ਹੈ। ਇਸ ਮਹਾਨ ਨੇਤਾ ਅਤੇ ਦੇਸ਼ ਭਗਤ ਦੀ ਦੇਣ ਹੋਰਨਾਂ ਸਮਾਜ ਸੁਧਾਰਕਾਂ ਅਤੇ ਰਾਜਨੀਤਿਕ ਨੇਤਾਵਾਂ ਤੋਂ ਘੱਟ ਨਹੀਂ ਹੈ। ਬਾਬੂ ਜੀ ਪੜ੍ਹੇ ਲਿਖੇ, ਘਰੋਂ ਸੁਖਾਲੇ ਅਤੇ ਬਹਾਦੁਰ ਨੌਜਵਾਨ ਸਨ। ਵਿਦੇਸ਼ਾਂ ਵਿੱਚ 16 ਸਾਲ ਤੱਕ ਰਹਿ ਕੇ ਉਨ੍ਹਾਂ ਨੇ ਜੋ ਇੱਜ਼ਤ ਮਾਣ, ਬਰਾਬਰੀ ਦਾ ਦਰਜਾ ਤੇ ਜ਼ਿੰਦਗੀ ਦੀਆਂ ਸਭ ਸਹੂਲਤਾਂ ਮਾਣੀਆਂ, ਉਹ ਚਾਹੁੰਦੇ ਸਨ ਕਿ ਇਹ ਸਹੂਲਤਾਂ ਹਰ ਅਛੂਤ ਸਮਝਿਆ ਜਾਣ ਵਾਲਾ ਇਨਸਾਨ ਇਨ੍ਹਾਂ ਸਹੂਲਤਾਂ ਦਾ ਅਨੰਦ ਮਾਣੇ। ਸੰਨ 1926 ਵਿੱਚ 40 ਸਾਲ ਦੀ ਉਮਰ ਵਿੱਚ ਜੋ ਰਸਤਾ ਬਾਬੂ ਜੀ ਨੇ ਚੁਣਿਆ, ਉਹ ਬੜਾ ਭਿਆਨਕ ਪਰ ਸਵੈਮਾਨਤਾ ਭਰਪੂਰ ਸੀ। ਬਾਬੂ ਜੀ ਦੀ ਸਖਤ ਜੱਦੋ-ਜਹਿਦ ਦਾ ਹੀ ਫਲ ਹੈ ਕਿ ਅੱਜ ਅਸੀਂ ਆਦਿ ਧਰਮ ਮੰਡਲ ਦੁਆਰਾ ਸਰਕਾਰ ਪਾਸੋਂ ਮੰਨਵਾਈਆਂ ਮੰਗਾਂ ਦਾ ਅਨੰਦ ਮਾਣ ਰਹੇ ਹਾਂ। ਸਮੁੱਚੀ ਆਦਿ-ਧਰਮੀ ਕੌਮ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਸ਼ੁਕਰਗੁਜ਼ਾਰ ਹੈ, ਜਿਨ੍ਹਾਂ ਨੇ ਸਾਡੀ ਕੌਮ ਦੀਆਂ ਹਜ਼ਾਰਾਂ ਸਾਲ ਪੁਰਾਣੀਆਂ ਗੁਲਾਮੀ ਦੀਆਂ ਜੰਜ਼ੀਰਾਂ ਤੋੜਕੇ ਸਾਨੂੰ ਮਾਨਵੀ ਅਧਿਕਾਰ ਲੈ ਕੇ ਦਿੱਤੇ। ਬਾਬੂ ਜੀ ਸਾਡੇ ਸਮਾਜ ਦੇ ਚਾਨਣ ਮੁਨਾਰੇ ਬਣੇ ਰਹਿਣਗੇ।

### ਵਾਇਸਰਾਏ ਅਤੇ ਗਵਰਨ ਜਨਰਲ ਨੂੰ ਯਾਦ ਪੱਤਰ

1931 ਦੀ ਮਰਦਮ ਸ਼ੁਮਾਰੀ ਤੋ ਬਾਅਦ ਅਤੇ ਗੋਲਮੇਜ਼ ਕਾਨਫਰੰਸ ਵਿੱਚ ਨਾਮਜ਼ਦਗੀ ਤੋਂ ਪਹਿਲਾਂ ਬਾਬੂ ਮੁੱਗੋਵਾਲੀਆ ਨੇ ਮਿਸਰਟ ਫਰੀਮੈਂਨ ਥਾਮਸ, ਅਰਲ ਆਫ ਵਿਲਿੰਗਡਨ, ਜੀਐਮਐਸਆਈ, ਜੀ. ਜੀ. ਐਮ. ਜੀ., ਜੀ.ਐਮ.ਆਈ.ਈ, ਜੀ.ਵੀ ਈ. ਵਾਇਸਰਾਏ ਅਤੇ ਗਵਰਨਰ ਜਨਰਲ ਆਫ ਇੰਡੀਆ ਨੂੰ ਯਾਦ ਪੱਤਰ ਭੇਜਿਆ। ਇਸ ਯਾਦ ਪੱਤਰ ਵਿੱਚ ਆਦਿ-ਧਰਮੀਆਂ ਦੇ ਇਤਹਾਸ ਅਤੇ ਉਨ੍ਹਾਂ ਉੱਪਰ ਉੱਚ ਜਾਤੀ ਦੇ ਜੁਲਮਾਂ ਨੂੰ ਚਿੱਤਰਿਆ ਹੈ ਆਦਿ-ਧਰਮੀਆ ਨੂੰ ਦੁਨੀਆਂ ਦੀ ਪ੍ਰਾਚੀਨਤਮ ਅਤੇ ਉੱਤਮ ਨਸਲ ਐਲਾਨਦਿਆਂ ਕਿਹਾ ਕਿ 5000 ਹਜ਼ਾਰ ਸਾਲ ਪਹਿਲਾਂ ਉਨ੍ਹਾਂ ਦਾ ਭਾਰਤ ਉੱਤੇ ਰਾਜ ਸੀ ਅਤੇ ਮੱਧ ਏਸ਼ੀਆ ਤੋਂ ਆਏ ਆਰਿਆ ਨੇ ਇਨ੍ਹਾਂ ਨੂੰ ਗੁਲਾਮ ਬਣਾਇਆ ਹੈ ਆਦਿ-ਧਰਮੀਆ ਉੱਪਰ ਉੱਚ ਜਾਤੀ ਹਿੰਦੂਆਂ ਅਤੇ ਅੰਗਰੇਜਾਂ ਦੀਆ ਦੋ ਸਰਕਾਰਾਂ ਦਾ ਰਾਜ ਦੱਸਿਆ ਹੈ।

ਯਾਦ ਪੱਤਰ ਵਿੱਚ ਮੰਜਾਬ ਵਿੱਚ ਮੁਸਲਿਮ ਰਾਜ ਰਹਿਣ ਕਾਰਨ ਦੂਜੇ ਰਾਜਾਂ ਮੁਕਾਬਲੇ ਘੱਟ ਛੂਆਂ ਛਾਤ ਦਾ ਦਾਅਵਾ ਕੀਤਾ ਹੈ ਪਰ ਰਾਜਨੀਤਕ ਤੌਰ ਤੇ ਗਏ ਗੁਜਰੇ ਕਿਹਾ ਹੈ ਕਿਉਂਕਿ ਪੰਜਾਬ ਵਿਚ ਵਿਧਾਨ ਪ੍ਰੀਸ਼ਦ ਜਾਂ ਸਥਾਨਕ ਸਰਕਾਰ ਵਿਚ ਇੱਕੋ ਵੀ ਮੈਂਬਰ ਨੂੰ ਨਾਮਜ਼ਦ ਨਹੀਂ ਕੀਤਾ ਜਦੋਂ ਕਿ ਦੂਜੇ ਸੂਬਿਆਂ ਵਿਚ 1 ਤੋਂ 11 ਤੱਕ ਨਾਮਜ਼ਦਗੀਆਂ ਇਨ੍ਹਾਂ ਵਰਗਾਂ ਚੋਂ ਕੀਤੀਆਂ ਹਨ। ਸੰਯੁਕਤ ਚੋਣ ਖੇਤਰ ਪ੍ਰਬੰਧ ਦੀ ਥਾਂ ਵੱਖਰੇ ਚੋਣ ਪ੍ਰਬੰਧ (ਸਇਪਓਰਓਟਇ ਏਲਇਚਟਰਓਟਇ) ਨੂੰ ਆਦਿ-ਧਰ-ਮੀਆ ਦੇ ਰਾਜਨੀਤਕਨ ਅਤੇ ਸਮਾਜਿਕ ਅਤੇ ਇੱਥੋ ਤੱਕ ਕਿ ਨੈਤਿਕ ਮੁਕਤੀ ਦੇ ਲਈ ਸਹਾਈ ਦੱਸਿਆ। ਆਦਿ-ਧਰਮੀਆਂ ਦੀ ਮੌਜੂਦਾ ਸਥਿਤੀ ਦਾ ਵਰਨਣ ਕਰਦਿਆਂ ਉਨ੍ਹਾਂ ਦੀ ਸਥਿਤੀ ਵਿੱਚ ਸੁਧਾਰ ਲਈ 15 ਮੰਗਾਂ ਰੱਖੀਆਂ। ਜਿਨ੍ਹਾਂ ਵਿੱਚੋਂ ਮੁੱਖ ਸਨ:

1. ਆਦਿ-ਧਰਮ ਨੂੰ ਹਿੰਦੂ ਧਰਮ ਤੋਂ ਵੱਖਰਾ ਮੰਨਣਾ,
2. ਐਮ ਐਲ. ਏ ਆਦਿ ਦੀ ਚੋਣ ਮੰਡਲ ਵਲੋਂ ਕਰਨਾ,
3. ਧਾਰਮਿਕ ਘੱਟ ਗਿਣਤੀਆ ਦੀ ਨੁਮਾਇੰਦਗੀ ਦੇ ਮੁੱਦੇ ਨੂੰ ਨਿਜੱਠਣ ਤੋਂ ਪਹਿਲਾਂ ਕੇਂਦਰ ਸਵਿਧਾਨ ਵਿੱਚ ਸੋਧ ਨਾ ਕੀਤੀ ਜਾਵੇ, ਪੁਲਿਸ, ਸਿਵਲ, ਫੌਜ, ਸਿੱਖਿਆ, ਰੇਲਵੇ ਅਤੇ ਸਿਹਤ ਆਦਿ ਖੇਤਰਾਂ ਵਿੱਚ ਬਣਦੀ ਨੁਮਾਇੰਦਗੀ ਦੇਣਾ,
4. ਆਦਿ-ਧਰਮੀ ਨਾਂ ਥੱਲੇ ਫੌਜੀ ਰੈਜੀਮੈਂਟ ਦੀ ਸਥਾਪਨਾ ਕਰਨਾ,
5. ਮਿਊਂਸਪਲਟੀਆਂ, ਡਿਸਟ੍ਰਿਕਟ ਬੋਰਡਾਂ, ਕੌਂਸਲਾਂ ਅਤੇ ਅਸੰਬਲੀ ਵਿੱਚ ਅਬਾਦੀ ਅਨੁਸਾਰ 18 ਪ੍ਰਤੀਸ਼ਤ ਨੁਮਾਇਦਗੀ ਦੀ ਮੰਗ,
6. ਪੰਜਾਬ ਭੂਮੀ ਇੰਤਕਾਲ ਆਦਿ ਐਕਟ 1900 ਵਿੱਚ ਆਦਿ-ਧਰਮੀਆਂ ਨੂੰ ਸਹੂਲਤਾਂ ਦੇਣ ਸਬੰਧੀ ਸੋਧ ਕਰਨਾ,
7. ਦੂਜੀਆ ਕੌਮਾਂ ਵਾਂਗ ਜਾਇਦਾਦ ਦਾ ਅਧਿਕਾਰ ਦੇਣਾ, ਪੰਜਾਬ ਸਰਕਾਰ ਕੋਲ ਪਈ 151872 ਹਜਾਰ ਏਕੜ ਜ਼ਮੀਨ ਅਣਵਾਹੀ ਪਈ ਹੈ ਜੋ ਦੂਜੀਆ ਕੌਮਾ ਵਾਂਗ ਆਦਿ-ਧਰਮੀਆਂ ਵਿੱਚ ਵੰਡੀ ਜਾਵੇ।
8. ਆਦਿ-ਧਰਮੀਆਂ ਨੂੰ ਆਪਣੇ ਆਦਿ-ਧਰਮੀ ਭਰਾ ਦੀ ਜ਼ਾਮਨੀ ਦੇਣ ਦਾ ਕਾਨੂੰਨ ਹੋਵੇ।
9. ਆਦਿ-ਧਰਮੀਆਂ ਤੇ ਜ਼ਰਾਇਮ ਪੇਸ਼ਾ ਦਾ ਧੱਬਾ ਧੋਣਾ, ਵਿਦੇਸ਼ਾ ਖਾਸ ਕਰਕੇ ਕਨੇਡਾ, ਨਿਊਜੀਲੈਂਡ, ਅਸਟ੍ਰੇਲੀਆਂ ਆਦਿ ਵਿੱਚ ਜਾਣ ਦੀ ਇਜ਼ਾਜ਼ਤ ਦੇਣ ਕਿਉਕਿ ਆਦਿ-ਧਰਮੀ ਗਰੀਬ ਹਨ।
10. ਪ੍ਰਸ਼ਾਸਨ ਟੈਕਸ ਆਦਿ-ਧਰਮੀਆਂ ਤੋਂ ਖਤਮ ਕਰਨਾ, ਜਦੋਂ ਤੱਕ ਓਨ੍ਹਾਂ ਨੂੰ ਸਬੰਧਤ ਅਦਾਰਿਆਂ ਵਿੱਚ ਬਣਦੀ ਨੁਮਾਇੰਦਗੀ ਸਰਕਾਰ ਨਹੀ ਦਿੰਦੀ,
11. ਬੈਂਕਾਂ ਆਦਿ-ਧਰਮੀਆਂ ਨੂੰ ਕਰਜੇ ਨਹੀਂ ਦਿੰਦਆਂ ਇਸ ਲਈ ਸਪੈਸ਼ਲ ਬੈਂਕਿੰਗ ਪ੍ਰਬੰਧ ਸਰਕਾਰ ਦੇ ਅਧੀਨ ਹੋਣੇ ਚਾਹੀਦੇ ਹਨ, ਜਾਂ ਤਾਂ ਪੰਚਾਇਤ ਵਿੱਚ ਆਦਿ-ਧਰਮੀਆਂ ਨੂੰ ਨੁਮਾਇੰਦਗੀ ਮਿਲੇ ਜਾਂ ਫਿਰ ਆਦਿ ਧਰਮੀਆਂ ਦੀਆਂ ਪੰਚਾਇਤਾਂ ਨੂੰ ਕਾਨੂੰਨੀ ਮਾਨਤਾ ਮਿਲੇ।
12. ਜਨ ਗਣਨਾ ਦੌਰਾਨ ਆਦਿ-ਧਰਮੀਆਂ ਉੱਪਰ ਸਿੱਖਾਂ ਅਤੇ ਹਿੰਦੂਆਂ ਦੇ ਜੁਲਮਾਂ ਕਾਰਨ ਇਹ ਜਨ ਗਣਨਾ ਪ੍ਰਵਾਨ ਨਹੀਂ। ਇਸ ਸਬੰਧੀ ਇੰਨਕੁਆਇਰੀ ਕਰਾ ਕੇ ਸਹੀ ਜਣਗਣਨਾ ਕੀਤੀ ਜਾਵੇ। ਆਦਿ ਧਰਮੀ ਲੜਕੇ ਲੜਕੀਆਂ ਲਈ ਵਧੀਆ ਪੜ੍ਹਾਈ ਦਾ ਪ੍ਰਬੰਧ ਕੀਤਾ ਜਾਵੇ।
13. ਨੈਸ਼ਨਲ ਸਕਾਲਰ ਸ਼ਿੱਪ ਦੇਣ ਅਤੇ ਆਦਿ-ਧਰਮੀਆਂ ਲਈ ਜਿੱਥੇ ਤੱਕ ਹੋ ਸਕੇ ਵੱਖਰੇ ਸਕੂਲ ਖੋਲ੍ਹੇ ਜਾਣ, ਆਦਿ-ਧਰਮ ਮੰਡਲ ਆਫ ਪੰਜਾਬ ਜਲੰਧਰ ਨੂੰ ਆਦਿ-ਧਰਮੀਆਂ ਦਾ ਨੁਮਾਇੰਦਾ ਸਮਝਿਆ ਜਾਵੇ। ਦਇਆ ਨੰਦ ਦਲਿਤ ਉਦਾਰ ਮੰਡਲ ਹੁਸ਼ਿਆਰਪੁਰ, ਪਤਿਤ ਉਦਾਰ ਮੰਡਲ, ਅਛੂਤ ਉਦਾਰ ਮੰਡਲ ਅਤੇ ਅੰਤਜ ਉਦਾਰ ਮੰਡਲ ਲਾਹੌਰ ਆਦਿ-ਧਰਮੀਆਂ ਦੇ ਨੁਮਾਇੰਦਗੇ ਨਹੀ ਹਨ, ਮਤੇ ਪਾਸ ਕੀਤੇ।
14. ਲੰਡਨ ਵਿਖੇ ਆਯੋਜਿਤ ਹੋਣ ਜਾ ਰਹੀ ਗੋਲਮੇਜ ਕਾਨਫਰੰਸ ਵਿੱਚ ਆਦਿ ਧਰਮੀਆਂ ਦਾ ਘੱਟ ਤੋ ਘੱਟ ਇੱਕ ਨੁਮਾਇੰਦਾ ਭੇਜਿਆ ਜਾਵੇ।
15. ਸਰਕਾਰ ਆਦਿ-ਧਰਮ ਮੰਡਲ ਰਾਂਹੀ ਚਮੜੇ ਦੀ ਵਸਤਾਂ ਫੋਜ ਪੁਲਿਸ ਆਦਿ ਲਈ ਖਰੀਦੇ ਤਾਂ ਜੋ ਇਨ੍ਹਾਂ ਦੀ ਆਰਥਿਕ ਹਾਲਤ ਸੁੱਧਰੇ। ਇਹ ਯਾਦ ਪੱਤਰ ਸੁੰਦਰ ਦਿੱਖ ਵਾਲਾ ਕਿਸ਼ਨ ਸਕੀਮ ਪ੍ਰੈਸ, ਰੇਲਵੇ ਰੋਡ ਜਲੰਧਰ ਸ਼ਹਿਰ ਤੋਂ ਛਪਿਆਂ ਜਿੱਥੋ ਆਦਿ ਡੰਕਾਂ ਛੱਪਦਾ ਸੀ ਅੱਜ ਕੱਲ ਉਨ੍ਹਾਂ ਦੀ ਪ੍ਰੈਸ ਦਾ ਨਾਮ ਸੋਨੀ ਪ੍ਰਿੰਟਿੰਗ ਪ੍ਰੈਸ ਹੈ।



### ਪ੍ਰਧਾਨ ਫ੍ਰੈਚਾਈਜ਼ ਕਮੇਟੀ ਨੂੰ ਮਿਲਣ ਨੂੰ ਯਾਦ ਪੱਤਰ 1932 ਈ:

30 ਮਾਰਚ 1932 ਨੂੰ ਰਾਤ 8 ਵਜੇ ਆਦਿ ਧਰਮ ਮੰਡਲ ਦੀ ਖਾਸ ਮੀਟਿੰਗ ਕਿਲਾ ਗੁੱਜਰ ਸਿੰਘ, ਫੇਰੂ ਰੋਡ, ਲਾਹੌਰ ਵਿੱਖੇ ਬਾਬੂ ਬਿਹਾਰੀ ਲਾਲ ਸਿਆਲਕੋਟ ਦੀ ਪ੍ਰਧਾਨਗੀ ਹੇਠ ਮੀਟਿੰਗ ਵਿੱਚ ਹੋਈ ਜਿਸ ਵਿਚ ਇਹ ਫੈਸਲਾ ਲਿਆ ਕਿ ਬਾਬੂ ਮੁੱਗੋਵਾਲੀਆ ਪ੍ਰਧਾਨ ਅਤੇ ਬਾਬੂ ਹਜਾਰਾ ਰਾਮ ਪਿਪਲਾਂ ਵਾਲਾ ਜਨਰਲ ਸਕੱਤਰ ਲਾਰਡ ਲੋਥੀਅਨ ਕਮੇਟੀ (ਫਰੈਂਚਾਈਜ਼ ਕਮੇਟੀ) ਨੂੰ ਪੰਜਾਬ ਕੌਂਸਲ ਵਿੱਚ ਮਿਲਣਗੇ। ਜਿਨ੍ਹਾਂ ਦੀ ਮੱਦਦ ਲਈ 15 ਆਦਿ ਧਰਮੀ ਆਗੂ ਵੀ ਨਾਲ ਜਾਣਗੇ ਜਿਨ੍ਹਾਂ ਦੇ ਨਾਂ ਸਨ: ਪੰਡਿਤ ਹਰੀ ਰਾਮ ਉਪ ਪ੍ਰਧਾਨ, ਸੰਤ ਰਾਮ ਆਜ਼ਾਦ, ਰਾਮ ਚੰਦ ਸੰਪਾਦਕ, "ਆਦਿ ਡੰਕਾ", ਹਰਦਿੱਤਾ ਮੱਲ ਪ੍ਰਧਾਨ ਮਜ਼ਬੀ ਬਰਾਦਰੀ ਜ਼ਿਲ੍ਹਾ ਫਿਰੋਜ਼ਪੁਰ, ਭਗਤ ਗੁਲਾਬਾ ਮੱਲ, ਮੈਨੇਜਰ, ਮੈਨੇਜਿੰਗ ਕਮੇਟੀ, ਰੋਸ਼ਨ ਲਾਲ ਵਾਲਮੀਕ ਲਾਹੌਰ ਸ਼ਹਿਰ, ਬਿਹਾਰੀ ਲਾਲ ਸਿਆਲਕੋਟ, ਰੇਸੀ ਰਾਮ ਖਾਲਸਾ ਬਰਾਦਰੀ ਅੰਬਾਲਾ, ਰਾਮ ਸਿੰਘ ਕਬੀਰ ਪੰਥੀ ਜਿਲਾ ਹੁਸ਼ਿਆਰਪੁਰ, ਭੁੱਲਾ ਰਾਮ ਸੈਕਟਰੀ ਜਿਲ੍ਹਾ ਲਾਇਲਪੁਰ,ਚਮਨ ਲਾਲ ਰਵੀਦਾਸੀਆ ਜਿਲ੍ਹਾ ਲੁਧਿਆਣਾ। ਖੜਕੂ ਮੱਲ ਜਿਲ੍ਹਾ ਕਾਂਗੜਾ, ਉੱਤਮ ਚੰਦ ਚੀਚਾਵਤਨੀ, ਜਿਲਾ ਮਿਟਗੁੰਮਰੀ, ਹਰਦਿਆਲ ਡਲਹੌਜ਼ੀ।

**ਇਸ ਖਾਸ ਮੀਟਿੰਗ ਵਿੱਚ ਪੰਜ ਮਤੇ ਹੋਰ ਪਾਸ ਕੀਤੇ:**

**ਪਹਿਲਾ ਮਤਾ:** ਆਦਿਧਰਮੀ ਕੀ ਮਰਦ, ਕੀ ਔਰਤ, ਆਪਣੇ ਵਿਚਾਰ ਪ੍ਰਗਟ ਕਰਨ ਲਈ ਆਜ਼ਾਦ ਹਨ।

**ਦੂਜਾ:** ਮੰਡਲ ਵੱਖਰੇ ਚੋਣ ਕਰਤਾ ਪ੍ਰਣਾਲੀ ਦੇ ਪੱਖ ਵਿਚ ਹੈ। ਅਤੇ ਸੰਯੁਕਤ ਚੋਣ ਕਰਤਾ ਪ੍ਰਣਾਲੀ ਦੇ ਸਖਤ ਵਿਰੁੱਧ ਹੈ।

**ਤੀਜਾ ਮਤਾ:** ਰਾਜਾ ਮੁੰਜੇ ਪੈਕਟ ਦੀ ਸਖਤ ਵਿਰੋਧਤਾ ਕਰਦੇ ਹਾਂ।

**ਚੌਥਾ ਮਤਾ:** ਇਹ ਫੈਸਲਾ ਕਰਦੇ ਹਾਂ ਕਿ ਮਹਾਤਮਾ ਗਾਂਧੀ, ਕਾਂਗਰਸ, ਐਮ. ਸੀ. ਰਾਜਾ ਅਛੂਤਾਂ ਦੇ ਨੇਤਾ ਨਹੀਂ ਹਨ।ਸਗੋਂ ਡਾ. ਅੰਬੇਡਕਰ ਅਛੂਤਾਂ ਦੇ ਅਸਲੀ ਨੇਤਾ ਹਨ।

**ਪੰਜਵਾਂ ਮਤਾ:** ਹਿੰਦੂਵਾਦ, ਦਇਆਨੰਦ ਦਲਿਤਉਧਾਰ, ਅਛੂਤ ਉਧਾਰ ਅਤੇ ਆਰੀਆ ਸਮਾਜ ਅਛੂਤ ਵਰਗ ਨੂੰ ਧੋਖਾ ਦੇਣ ਲਈ ਬਣਾਏ ਗਏ ਹਨ।ਇਹ ਚਾਹੁੰਦੇ ਹਨ ਕਿ ਸਰਕਾਰ ਅਛੂਤਾਂ ਦੇ ਮਸਲਿਆ ਵਾਰੇ ਇਨ੍ਹਾਂ ਨਾਲ ਕੋਈ ਸੰਬੰਧ ਨਾ ਰੱਖੇ। ਇਨਾਂ ਮਤਿਆਂ ਦਾ ਪੱਤਰ ਬਾਬੂ ਪਿੱਪਲਾਂਵਾਲਾ ਵਲੋਂ ਪ੍ਰਧਾਨ, ਫਰੈਂਚਾਈਜ਼ ਕਮੇਟੀ ਲਾਹੌਰ ਨੂੰ 31 ਮਾਰਚ, 1932 ਨੂੰ ਲਿਖਿਆ।

ਜਿਸ ਲੈਟਰਪੈਡ 'ਤੇ ਇਹ ਪੱਤਰ ਟਾਈਪ ਕੀਤਾ ਉਸ ਉੱਪਰ 'ਆਦਿ ਧਰਮ ਮੰਡਲ (ਪੰਜਾਬ) ਜਲੰਧਰ ਸ਼ਹਿਰ' ਅੰਗਰੇਜ਼ੀ, ਪੰਜਾਬੀ ਅਤੇ ਉਰਦੂ ਵਿੱਚ ਲਿਖਿਆ ਹੈ। ਉਪੱਰ ਖਬੇ ਹੱਥ ਜੈ ਗੁਰਦੇਵ, ਸੱਜੇ ਹੱਥ ਆਦਿ-ਧਰਮ ਕੀ ਜੈ' ਅਤੇ ਵਿਚਕਾਰ ਵਿਚ "ਸੋਂਹੰ"" ਛਪਿਆ ਹੈ। ਖੱਬੇ ਪਾਸੇ ਅਦਿ ਧਰਮ ਮੰਡਲ ਦੇ ਉਦੇਸ਼' ਸਿਰਲੇਖ ਹੇਠ ਛਪਿਆ ਹੈ:

1. ਆਦਿ ਧਰਮੀਆਂ ਦੇ ਖੁੱਸੇ ਹੋਏ ਹੱਕਾਂ ਦੀ ਪ੍ਰਾਪਤੀ ਕਰਨਾ।
2. ਮਨੂੰ ਸਿਮਰਤੀ ਅਤੇ ਹੋਰ ਸ਼ਾਸ਼ਤਰ ਜਿਨ੍ਹਾਂ ਵਿਚ ਆਦਿ ਧਰਮੀਆਂ ਨੂੰ ਗਿਰਾਇਆ ਗਿਆ ਕਾਨੂੰਨਨ ਜ਼ਬਤ ਕਰਾਉਣੇ।
3 ਜਾਤਪਾਤ ਦਾ ਪੱਖਵਾਦ ਛੱਡਕੇ ਏਕਤਾ ਪ੍ਰੇਮ ਵਧਾਉਣਾ।
4. ਆਦਿ ਧਰਮੀਆਂ ਦੇ ਦੁੱਖਾਂ ਦੀ ਹਾਲ ਪੁਕਾਰ ਗਵਰਨਮੈਂਟ ਤੱਕ ਪਹੁੰਚਾਉਣੀ।
5. ਜਥੇਬੰਦੀ ਅਤੇ ਵਿਦਿਆ ਦਾ ਹਾਸਲ ਕਰਨਾ।

ਉਦੇਸ਼ਾਂ ਦੀ ਡੱਬੀ ਦੇ ਨਾਲ ਟੇਢੇ ਰੋਕ ਲਿਖਿਆ ਹੈ- ਆਦਿ ਧਰਮ ਨਾ ਛੋਡਨਾ ਨਿਕਲ ਜਾਏ ਚਾਹੇ ਪ੍ਰਾਣ, ਛੋਟੇ ਬੜੋ ਸਭ ਮੰਨ ਲਉ ਬੁੱਢੇ ਅਤੇ ਜੁਆਨ।

### ਪੰਜਾਬ ਫਰੈਂਚਾਈਜ਼ ਕਮੇਟੀ, ਲਾਹੌਰ ਨੂੰ ਮੈਮੋਰੰਡਮ:

ਬਾਬੂ ਮੁੱਗੋਵਾਲੀਆ ਨੇ ਪੰਜਾਬ ਫਰੈਂਚਾਈਜ਼ ਕਮੇਟੀ, ਲਾਹੋਰ ਨੂੰ ਇੱਕ ਮੈਮੋਰੰਡਮ ਦਿੱਤਾ ਜੋ ਆਦਿ-ਧਰਮ ਮੰਡਲ ਦੀ ਫਿਲਾਸਪੀ ਨੂੰ ਬੜਾ ਉਘਾੜ ਕੇ ਪੇਸ਼ ਕਰਦਾ ਹੈ ਅਤੇ ਆਦਿ-ਧਰਮ ਨੂੰ ਇੱਕ ਵੱਖਰੇ ਧਰਮ ਵਜੋਂ ਅਤੇ ਆਦਿ-ਧਰਮੀ ਇੱਕ ਵੱਖਰੀ ਕੌਮ ਵਜੋ ਪੇਸ਼ ਕਰਦਾ ਹੈ ਉੱਚ ਜ਼ਾਤੀਆਂ ਵਲੋਂ ਆਦਿ-ਧਰਮੀਆਂ 'ਤੇ ਕੀਤੇ ਜ਼ੁਲਮਾਂ ਲਈ ਮਨੂੰ ਸਿਮਰਤੀ 17 ਸਲੋਕਾਂ, ਵਿਸ਼ਨੂੰ ਸਿਮਰਤੀ ਵਿੱਚੋਂ ਇੱਕ ਸਲੋਕ, ਮਹਾਂ ਰਿਸ਼ਿ ਗੋਤਮ ਧਰਮ ਸੂਤਰ ਦੇ ਇੱਕ ਸਲੋਕ ਅਤੇ ਭਗਵਾਨ ਬਾਲਮੀਕ ਰਮਾਇਣ ਦੇ ਉੱਤਰ ਕਾਂਡ ਦੇ ਸਰਗ 87 ਦਾ ਹਵਾਲਾ ਦਿੱਤਾ ਹੈ। ਇਹ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਆਦਿ-ਧਰਮ ਹਿੰਦੂਆਂ ਤੋਂ ਅਲੱਗ ਕੌਮ ਹੈ ਅਤੇ ਹਿੰਦੂਆਂ ਵਿੱਚ ਕਿਸੇ ਕੀਮਤ ਤੇ ਸ਼ਾਮਲ ਨਾ ਹੋਣ ਦਾ ਦਾਅਬਾ ਕੀਤਾ ਹੈ "ਵੱਖਰੇ ਚੋਣ ਖੇਤਰ ਪ੍ਰਨਾਲੀ" Separate Electorate ਤੇ ਜ਼ੋਰ ਦੇ ਕੇ ਕਿਹਾ ਕਿ ਇਸ ਵਿੱਚ ਅਸੀਂ ਅਸੰਬਲੀ ਵਿੱਚ ਸਹੀ ਅਵਾਜ਼ ਨਹੀਂ ਭੇਜ ਸਕਦੇ ਉਨ੍ਹਾਂ ਨੇ ਸਰਕਾਰ ਤੇ ਦੋਸ਼ ਲਾਇਆ ਕਿ ਉਸ ਨੇ ਸਾਨੂੰ ਹਿੰਦੂਆਂ ਨਾਲ ਨੱਥੀ ਕਰਕੇ ਸਦਾ ਬੇਇੰਨਸਾਫੀ ਕੀਤੀ ਹੈ ।

1921 ਦੀ ਜਨ ਗਣਨਾ ਜਾਤੀਵਾਰ ਦੀ ਲਿਸਟ ਦਿੱਤੀ ਹੈ ਜਿਸ ਵਿੱਚ 40 ਲੱਖ ਡਿਪ੍ਰੈਸਡ ਕਲਾਸਿਜ਼ (Depressed Classes) ਦੀ ਗਿਣਤੀ ਹੈ 1931 ਦੀ ਜਨ ਗਣਨਾ ਵਿੱਚ 4.5 ਲੱਖ ਵਲੋ ਆਦਿ-ਧਰਮ ਲਿਅਉਣ ਤੇ ਉਨ੍ਹਾਂ ਵਲੋਂ ਜਗੀਰਦਾਰਾਂ ਅਤੇ ਸਰਮਾਏਦਾਰਾਂ ਵਲੋ ਕੀਤੇ ਜ਼ੁਲਮਾ ਬਾਰੇ ਲਿਖਿਆ ਹੈ ਕਿ ਇਹ ਜੁਲਮ ਨਾ ਹੁੰਦੇ ਤਾਂ ਇਹ ਗਿਣਤੀ ਹੋਰ ਵੀ ਵਧ ਜਾਂਦੀ ਇਹ ਤਰੱਕੀ ਸਿਰਫ 5 ਸਾਂਲਾ ਵਿੱਚ ਹੋਈ ਕਿਉਕਿ 1925 ਵਿੱਚ ਆਦਿ ਧਰਮ ਮੰਡਲ ਦੀ ਸਥਾਪਨਾ ਹੋਈ ਸੀ। ਬਾਲਗ ਵੋਟ ਦੀ ਮੰਗ ਕੀਤੀ ਗਈ ਕਿਉਂਕਿ ਆਦਿ-ਧਰਮੀਆ ਕੋਲ ਵੋਟ ਦੀ ਸ਼ਰਤ ਪੂਰੀ ਕਰਨ ਲਈ ਜ਼ਾਇਦਾਦ ਆਦਿ ਨਹੀਂ ਸੀ । ਸੈਕੰਡਰੀ ਵੋਟ ਦੀ ਵਿਰੋਧਤਾ ਕੀਤੀ।

ਸਰਕਾਰ ਵਲੋਂ ਅਛੂਤਾਂ ਲਈ ਵੱਖਰੇ ਚੋਣ ਖੇਤਰ ਬਣਾਉਣ ਤੇ ਟਾਲ ਮਟੋਲ ਕਰਨ ਤੇ ਬਾਬੂ ਜੀ ਨੇ ਦਲੀਲ ਕੀਤੀ ਕਿ ਜੋ ਹਿੰਦੂਆਂ, ਮੁਸਲਮਾਨਾਂ, ਸਿੱਖਾਂ, ਇਸਾਈਆਂ ਲਈ ਵੱਖਰੇ ਖੇਤਰ ਬਣ ਸਕਦੇ ਹਨ ਤਾਂ ਫਿਰ ਅਛੂਤਾਂ ਲਈ ਕਿਉ ਨਹੀਂ। ਹਿੰਦੂ ਲੀਡਰ ਰਾਜਾ ਨਰਿੰਦਰ ਨਾਥ ਮੈਂਬਰ ਗੋਲਮੇਜ ਕਾਨਫਰੰਸ ਅਤੇ ਡਾ. ਗੋਕਲ ਚੰਦ ਨਾਰੰਗ, ਮੰਤਰੀ ਸਥਾਈ ਪ੍ਰਸ਼ਾਸ਼ਨ ਪੰਜਾਬ ਸਰਕਾਰ 'ਤੇ ਵਰ੍ਹਦਿਆ, ਬਾਬੂ ਮੁੱਗੋਵਾਲੀਆ ਨੇ ਕਿਹਾ ਕਿ ਉਹ ਕਹਿੰਦੇ ਹਨ ਕਿ ਪੰਜਾਬ ਵਿੱਚ ਕੋਈ ਅਛੂਤ ਨਹੀ ਉਜਦੋ ਕਿ ਪੰਜਾਬ ਰਿਫਾਰਮਜ਼ ਕਮੇਟੀ ਦੇ ਇੱਕ ਮੈਂਬਰ ਅਤੇ ਸਾਈਮਨ ਕਮਿਸ਼ਨ ਨੇ ਡਿਸਪ੍ਰੈਸਡ ਕਲਾਸਿਸ ਨੂੰ ਵੱਖਰੇ ਰਾਜਨੀਤਕ ਅਧਿਕਾਰ ਦੇਣ ਦੀ ਵਕਾਲਤ ਕੀਤੀ।

ਇਸੇ ਛਪੇ ਪੱਤਰ ਉੱਪਰ ਬਾਬੂ ਮੁੱਗੋਵਾਲੀਆ ਅਤੇ ਬਾਬੂ ਪਿਪਲਾਂਵਾਲਾ ਅਤੇ ਬਾਬੂ ਹੰਸ ਰਾਜ ਪ੍ਰੇਮਗੜ੍ਹ ਸਾਬਕਾ ਪ੍ਰਧਾਨ ਆਦਿ ਧਰਮ ਮੰਡਲ ਦੇ ਨਾਂ ਛਪੇ ਹਨ। (ਦੀ ਰਿਪਨ ਪ੍ਰਿੰਟਿੰਗ ਪ੍ਰੈਸ, ਬੁੱਲ ਰੋਡ ਲਾਹੌਰ) ਤੋਂ ਇਸ ਪਿੱਤਰ ਨੂੰ ਛਪਵਾ ਕੇ ਲੋਕਾਂ ਵਿਚ ਵੀ ਵੰਡਿਆ ਗਿਆ।

ਅਖੀਰ ਵਿੱਚ ਬਾਬੂ ਮੁੱਗੋਵਾਲੀਆ ਨੇ ਪ੍ਰਧਾਨ , ਲਾਰਡ ਲੋਥੀਅਨ ਕਮੇਟੀ ਨੂੰ ਉਪਰੋਕਤ ਅਧਾਰ 'ਤੇ ਆਪਣੀ ਗਵਾਹੀ ਦੇਣ ਲਈ ਮੌਕਾ ਪੁੱਛਿਆ।

### ਬਾਬਾ ਸਾਹਿਬ ਅੰਬੇਡਕਰ ਦੀ ਪਹਿਲੀ ਪੰਜਾਬ ਫੇਰੀ 'ਤੇ ਸੁਆਗਤੀ ਭਾਸ਼ਨ

ਆਦਿ ਧਰਮ ਮੰਡਲ ਨੇ ਡਾ. ਅੰਬੇਡਕਰ ਐਮ. ਏ., ਪੀ.ਐਚ.ਡੀ. ਬਾਰ ਐਟ ਲਾਅ, ਐਮ. ਐਲ. ਸੀ. ਮੈਂਬਰ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਨੂੰ ਸੁਆਗਤੀ ਭਾਸ਼ਨ ਵਿਚ ਇਸ ਤਰ੍ਹਾਂ ਪੇਸ਼ ਕੀਤਾ:- "ਅਸੀਂ ਪੰਜਾਬ ਆਦਿ ਧਰਮ ਮੰਡਲ ਅਤੇ ਮੈਨੇਜਿੰਗ ਕਮੇਟੀ ਦੇ ਮੈਂਬਰ ਸਾਡੇ ਸੂਬੇ ਦੀ ਪਹਿਲੀ ਫੇਰੀ ਸਮੇਂ ਆਪ ਦਾ ਤਹਿ ਦਿਲੋਂ ਸੁਆਗਤ ਕਰਦੇ ਹਾਂ। ਅਸੀਂ ਆਪਣੇ ਵਲੋਂ ਬੰਬਈ ਵਿਧਾਨ ਸਭਾ ਪ੍ਰੀਸ਼ਦ ਦੇ ਮੈਂਬਰ ਵਜੋਂ ਲੰਡਨ ਵਿੱਚ ਭਾਰਤੀ ਗੋਲਮੇਜ਼ ਕਾਨਫਰੰਸ ਵਿੱਚ ਇਕ ਡੈਲੀਗੇਟ ਵਜ਼ੋਂ ਅਤੇ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੇ ਇੱਕ ਮੈਂਬਰ ਵਜੋਂ ਡਿਪ੍ਰੈਸਡ ਕਲਾਸਿਜ਼ ਦੇ ਲੋਕਾਂ ਲਈ ਕੀਤੀਆਂ ਸੇਵਾਵਾਂ ਲਈ ਬਹੁਤ ਧੰਨਵਾਦੀ ਹਾਂ।

ਤੁਸੀਂ ਇਹ ਜਾਣਕੇ ਹੈਰਾਨ ਹੋਵੋਂਗੇ ਕਿ ਉੱਚ ਜਾਤੀਆਂ ਵਲੋਂ ਸਾਡੇ ਸੂਬੇ ਵਿਚ ਸਾਡੀ ਹੋਂਦ ਤੋਂ ਮੁਕਰਿਆ ਜਾ ਰਿਹਾ ਹੈ। ਸਾਡੇ ਸੂਬੇ ਵਿਚ ਦੂਜੇ ਸੂਬਿਆਂ ਵਾਂਗ ਛੂਆ-ਛਾਤ ਬਰਕਰਾਰ ਹੈ। ਸਾਡੀ ਛੋਹ ਨਾਲ ਹੀ ਇਕ ਉੱਚੀ ਜਾਤੀ ਦਾ ਭਿਟਿਆ ਜਾਂਦਾ ਹੈ। ਸਾਨੂੰ ਜਨਤਕ ਖੂਹਾਂ ਤੇ ਪਾਣੀ ਭਰਨ ਦੀ ਇਜ਼ਾਜਤ ਨਹੀਂ ਹੈ। ਬ੍ਰਾਹਮਣ ਪੁਜਾਰੀ ਸਾਡੀ ਪੂਜਾ ਪਾਠ ਨਹੀਂ

**(ਬਾਕੀ ਅਗਲੇ ਸਫੇ ਤੇ)**

# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋਂ 22 ਅਪ੍ਰੈਲ 1980)

ਕਰਵਾ ਸਕਦਾ। ਧੋਬੀ ਸਾਡੇ ਕਪੜੇ ਨਹੀਂ ਧੋਂਦਾ। ਨਾਈ ਸਾਡੀ ਹਜਾਮਤ ਨਹੀਂ ਕਰ ਸਕਦਾ। ਝਿਊਰ ਸਾਡਾ ਪਾਣੀ ਨਹੀਂ ਭਰਦਾ। ਸਾਡੇ ਵਿਆਹਾਂ ਸਮੇਂ ਅਤੇ ਹੋਰ ਤਿਓਹਾਰਾਂ ਮੌਕਿਆਂ ਸਮੇਂ ਅਸੀਂ ਪਿੰਡਾਂ ਵਿਚ ਡੋਲੀ ਲੈਕੇ ਨਹੀਂ ਲੰਘ ਸਕਦੇ ਅਤੇ ਬੈਂਡ ਨਹੀਂ ਵਜਾ ਸਕਦੇ।

ਅਸੀਂ ਨਾ ਤਾਂ ਸਾਂਝਾ ਕਾਰੋਬਾਰ ਕਰ ਸਕਦੇ ਹਾਂ ਅਤੇ ਨਾ ਹੀ ਇਕੱਠੇ ਵਿਚਰ ਸਕਦੇ ਹਾਂ। ਸੰਖੇਪ ਵਿੱਚ ਸਾਡੀ ਉਨ੍ਹਾਂ ਨਾਲ ਭੋਰਾ ਭਰ ਵੀ ਸਾਂਝ ਨਹੀਂ ਹੈ। The Land Alineation Act (ਭੂਮੀ ਇੰਤਕਾਲ ਆਰਜੀ ਐਕਟ) ਨੇ ਡਿਪ੍ਰੈਸਡ ਕਲਾਸਿਜ਼ ਦੀ ਹਾਲਤ ਨਾਜ਼ੁਕ ਕਰ ਦਿੱਤੀ ਹੈ। ਇਸ ਕਾਨਫਰੰਸ ਵਿੱਚ ਵਿਦਿਆ ਨੂੰ ਪ੍ਰਫੁੱਲਤ ਕਰਨ ਲਈ ਸਿਖਿਆ ਮੰਤਰਾਲੇ ਨੇ ਆਪਣੇ ਮਤਾ ਨੰਬਰ 20181-ਜੀ, ਮਿਤੀ 19-11-1929 ਰਾਹੀ ਕੁੱਝ ਰਿਆਇਤਾਂ ਦਾ ਐਲਾਨ ਕੀਤਾ। ਇਹ ਪੰਜਾਬ ਦੇ ਇਤਹਾਸ ਵਿੱਚ ਪਹਿਲਾ ਮੌਕਾ ਹੈ ਕਿ ਇੱਕ ਡਿਸਪ੍ਰੈਸਡ ਕਲਾਸਿਜ਼ ਦੇ ਮੈਂਬਰ ਨੂੰ ਸਥਾਈ ਫਰੈਂਚਾਈਜ਼ ਕਮੇਟੀ ਵਿੱਚ ਨਿਯੁਕਤ ਕੀਤਾ ਗਿਆ ਹੈ ਅਸੀ ਖੁਸ਼ੀ-ਖੁਸ਼ੀ ਯਕੀਨ ਕਰਦੇ ਹਾਂ ਕਿ ਆਪਣੇ ਹੱਥਾਂ ਵਿੱਚ ਸਾਡੇ ਹੱਕ ਸੁਰੱਖਿਅਤ ਹਨ ਸਾਨੂੰ ਉਮੀਦ ਹੈ ਕਿ ਆਪ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਬੜੇ ਧਿਆਨ ਨਾਲ ਗੌਰ ਕਰੋਗੇ ਕਿਉਂਕਿ ਸਾਡੀ ਹੋਂਦ ਨੂੰ ਹੀ ਨਕਾਰਿਆ ਜਾ ਰਿਹਾ ਹੈ ਆਉਣ ਵਾਲੀ ਪੀੜ੍ਹੀ ਆਪ ਦੇ ਨਾਮ ਨੂੰ ਡਿਪ੍ਰੈਸਡ ਕਲਾਸਿਜ਼ ਦੇ ਚੈਂਪਿਅਨ ਵਜੋਂ ਸੁਨੈਹਰੀ ਅੱਖਰਾਂ ਵਿੱਚ ਲਿਖੇਗੀ ਆਪ ਜੀ ਦੀ ਲੰਮੀ ਉਮਰ ਦੀ ਕਾਮਨਾ ਕਰਦੇ ਹਾਂ।

### ਸੱਤਵੀ ਸਲਾਨਾ ਕਾਨਫਰੰਸ 1932 ਈ:

18 ਅਤੇ 19 ਜੂਨ 1932 ਨੂੰ ਆਦਿ-ਧਰਮ ਮੰਡਲ ਦੀ 7ਵੀ ਸਲਾਨਾ ਕਾਨਫਰੰਸ ਜਲੰਧਰ ਸ਼ਹਿਰ ਵਿੱਚ ਕੀਤੀ ਗਈ ਜਿਸ ਵਿੱਚ ਰਿਪੋਰਟ ਅਨੁਸਾਰ 4000 ਆਦਿ-ਧਰਮੀ ਸ਼ਾਮਲ ਹੋਏ। ਪਹਿਲੇ ਦਿਨ ਸੰਤ ਮਾਹਾਤਮਾ ਰਾਮ ਅਜਾਦ ਮਿਸ਼ਨਰੀ ਜਿਲ੍ਹਾ ਲਾਇਲਪੁਰ (ਪਿਛਲਾ ਪਿੰਡ ਨੰਗਲ ਸ਼ਹੀਦਾ ਤਹਿਸੀਲ ਹੁਸ਼ਿਆਰਪੁਰ) ਨੇ ਪ੍ਰਧਾਨਗੀ ਕੀਤੀ। ਕਾਨਫਰੰਸ ਦਾ ਉਦਘਾਟਨੀ ਭਾਸ਼ਨ ਸਵੇਰੇ ਬਾਬੂ ਮੁੱਗੋਵਾਲੀਆ ਨੇ ਕੀਤਾ ਅਤੇ ਸਵਾਗਤੀ ਕਮੇਟੀ ਵਲੋਂ ਡੇਲੀਗੇਟਾਂ ਨੂੰ ਜੀ ਆਇਆਂ ਕਿਹਾ "ਧਾਰਮਿਕ ਗੀਤਾਂ ਅਤੇ ਭਾਸ਼ਣਾਂ ਤੋਂ ਬਾਅਦ ਮੰਡਲ ਦੇ ਅਨੇਕ ਕਾਰਜਾਂ ਲਈ ਅਨੇਕਾਂ ਪ੍ਰੋਗਰਾਮਾਂ ਦਾ ਐਲਾਨ ਕੀਤਾ। ਕਾਨਫਰੰਸ ਦੇ ਪਹਿਲੇ ਦਿਨ ਦੀ ਸਮਾਪਤੀ ਮੌਕੇ ਡੈਲੀਗੇਟਾਂ ਨੇ ਵੱਖਰੇ ਚੋਣ ਖੇਤਰ ਪ੍ਰਣਾਲੀ ਦੇ ਵਿੱਚਕਾਰ ਪ੍ਰਗਟ ਕੀਤੀ "

19 ਜੂਨ ਨੂੰ ਮਾਸਟਰ ਲਾਲ ਚੰਦ ਪ੍ਰਧਾਨ ਬਾਲਮੀਕ ਆਦਿ ਧਰਮ ਸਭਾ ਅਕਲੀਆਂਵਾਲਾ ਜ਼ਿਲ੍ਹਾ ਫਿਰੋਜ਼ਪੁਰ ਨੇ ਕਾਨਫਰੰਸ ਦੀ ਕੁਰਸੀ ਸੰਭਾਲੀ ਦੁਪਹਿਰ 12 ਵਜੇ ਤੱਕ ਡਿਪ੍ਰੈਸਡ ਕਲਾਸਿਜ਼ ਦੀ ਏਕਤਾ ਤੇ ਜੋਰ ਦੇਣ ਵਾਲੇ ਭਾਸ਼ਨ ਦਿੱਤੇ। ਦੁਪਹਿਰ ਇੱਕ ਵਜੇ ਤੱਕ ਮੈਨੇਜਿੰਗ ਕਮੇਟੀ ਦੇ ਮੈਂਬਰਾ ਅਤੇ ਅਹੁੱਦੇਦਾਰਾਂ ਦੀ ਚੋਣ ਹੋਈ।

ਮੰਡਲ ਦੇ ਪ੍ਰਧਾਨ ਬਾਬੂ ਮੁੱਗੋਵਾਲੀਆ, ਪੰਡਿਤ ਹਰੀ ਰਾਮ ਪੰਡੋਰੀ ਅਤੇ ਬੀਬੀ ਉੱਪ ਪ੍ਰਧਾਨ, ਬਾਬੂ ਹਜਾਰਾ ਰਾਮ ਪਿਪਲਾਵਾਲਾਂ ਜਨਰਲ ਸਕੱਤਰ, ਬਾਬੂ ਲਸ਼ਮਣ ਦਾਸ ਮੁਕੇਰੀਆਂ ਸਹਾਇਕ ਸਕੱਤਰ, ਮਹਾਤਮਾ ਸੰਤ ਰਾਮ ਆਜ਼ਾਦ ਚੱਕ ਨੰਬਰ 290, ਲਾਇਲਪੁਰ ਮਿਸ਼ਨਰੀ, ਬਾਬੂ ਰਾਮ ਚੰਦ ਖੇੜਾ ਸੰਪਾਦਕ ਆਦਿ-ਡੰਕਾ' ਸ. ਨਗੀਨਾ ਸਿੰਘ ਚੱਕ ਨੰਬਰ 276, ਲਾਇਲਪੁਰ, ਹੈੱਡ ਕਲਰਕ, ਮਹਾਤਮਾ ਗਣੇਸ਼ ਦਾਸ ਨੂੰ ਸਾਰੇ ਆਦਿ-ਧਰਮ ਦਲਾਂ ਦਾ ਜਨਰਲ ਨਿਯੁਕਤ ਕੀਤਾ।

ਪ੍ਰਬੰਧਕੀ ਕਮੇਟੀ ਦੇ ਪ੍ਰਧਾਨ: ਸੇਠ ਲੱਭੂ ਰਾਮ ਸੂਚੀ ਪਿੰਡ ਜਲੰਧਰ ਸ਼ਹਿਰ, ਭਗਤ ਗੁਲਾਬਾ ਮੱਲ, ਮੁਸਾਹਿਬਪੁਰ ਮੁਕੇਰੀਆਂ। ਉਪ ਪ੍ਰਧਾਨ: ਮਾਸਟਰ ਲਾਲ ਚੰਦ ਵਾਲਮੀਕੀ, ਵਾਲਮੀਕਿ ਆਦਿ ਧਰਮ ਮੰਡਲ, ਅਕਲੀਆਂਵਾਲਾ ਫਿਰੋਜ਼ਪੁਰ ਉਪ ਪ੍ਰਧਾਨ, ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ, ਪੰਡਿਤ ਬਖਸ਼ੀ ਰਾਮ ਵਾਲਮੀਕਿ ਬੁੰਡਾਲਾ ਜਿਲ੍ਹਾ ਜਲੰਧਰ। ਸਹਾਇਕ ਸਕੱਤਰ, ਸ਼ਾਹੂਕਾਰ ਲੱਛੂ ਮੱਲ ਪਿੰਡ ਮੇਹਰ ਭਟੋਲੀ ਹੁਸ਼ਿਆਰਪੁਰ। ਸਹਾਇਕ ਸਕੱਤਰ, ਸੇਠ ਕਿਸ਼ਨ ਦਾਸ, ਲਾਲ ਬਾਜਾਰ ਜਲੰਧਰ ਸ਼ਹਿਰ ਖਜਾਨਚੀ, ਸ੍ਰੀਮਤੀ ਰਾਮਾ ਬਾਈ ਪਿੰਡ ਸਾਂਗਲਾ ਜਿਲ੍ਹਾ ਹੁਸ਼ਿਆਰਪੁਰ, ਸ੍ਰੀਮਤੀ ਠਾਕੁਰ ਰਾਣੀ ਬਾਈ ਪਤਨੀ ਸਰਦਾਰ ਰੱਲਾ ਸਿੰਘ ਚੱਕ ਨੰ: 86 ਜਿਲ੍ਹਾ ਮਿੰਟਗੁਮਰੀ ਅਤੇ 28 ਹੋਰ ਵਿਅਕਤੀ ਕਾਰਜਕਾਰਨੀ ਦੇ ਮੈਂਬਰ ਲਏ ਗਏ। ਸੱਤਵੀਂ ਸਲਾਨਾ ਕਾਨਫਰੰਸ ਵਿਚ ਸਰਵ ਸੰਮਤੀ ਨਾਲ ਚੋਂਦਾਂ ਮਤੇ ਪਾਸ ਕੀਤੇ - ਮੰਡਲ ਨੂੰ ਰਜਿਸਟਰ ਕੀਤਾ ਜਾਵੇ ਅਤੇ ਨਵੀਂ ਖਰੀਦੀ ਜ਼ਮੀਨ ਦੀ ਰਜ਼ਿਸਟਰੀ ਮੰਡਲ ਦੇ ਨਾਂ ਕਰਵਾਈ ਜਾਵੇ।

1 ਅੱਜ ਤੋਂ ਮੰਡਲ ਨੂੰ 'ਦੀ ਪੰਜਾਬ ਆਦਿ-ਧਰਮ (ਡਿਪ੍ਰੈਸਡ ਕਲਾਸਿਜ਼ ਫੈਡਰੇਸ਼ਨ) ਦੇ ਨਾਂ ਨਾਲ ਬੁਲਾਇਆ ਜਾਵੇ।

2 ਹਰ ਜਿਲ੍ਹੇ ਵਿਚ ਮੰਡਲ ਦੇ ਦਫਤਰ ਖੋਲ੍ਹੇ ਜਾਣ।

3 ਜਨਰਲ ਸਕੱਤਰ ਹਰ ਮਹੀਨੇ ਹਿਸਾਬ ਕਿਤਾਬ ਦੇਖੇਗਾ।

4 ਰਾਜਾ ਮੁੰਜੇ ਪੈਕਟ ਦਾ ਵਿਰੋਧ ਕੀਤਾ ਗਿਆ।

5 ਵਿਧਾਨ ਪ੍ਰੀਸ਼ਦਾਂ, ਜਿਲ੍ਹਾ ਬੋਰਡਾਂ ਅਤੇ ਮਿਊਸਪਲ ਕਮੇਟੀਆਂ ਵਿਚ ਨਾਮਜ਼ਦਗੀ। ਸਿੱਖਿਆ ਵਿਚ ਵਿਸ਼ੇਸ਼ ਰਿਆਇਤਾਂ ਦੇਣ ਅਤੇ ਜੇ.ਵੀ. ਟ੍ਰੇਂਡ ਅਧਿਆਪਕਾਂ ਨੂੰ ਨਿਯੁਕਤੀਆਂ ਦੇਣ ,ਸਰਕਾਰ ਵਲੋਂ ਡਿਪ੍ਰੈਸਿਡ ਕਾਲਸਿਜ਼ ਦੀ ਫੌਜ ਅਤੇ ਪੁਲਿਸ ਵਿਚ ਭਰਤੀ ਸਮੇਂ ਕੇਸਾਂ ਤੇ ਇਤਰਾਜ਼ ਨੂੰ ਯੋਗ ਨਾ ਠਹਿਰਾਇਆ। ਆਦਿ ਧਰਮ ਮਹਾਂ ਸਭਾ ਅਕਲੀਆਂ ਨੂੰ ਅਤੇ ਇਸ ਵਲੋਂ ਖੋਲ੍ਹੇ ਅਦਾਰਿਆਂ ਨੂੰ ਆਦਿ ਧਰਮ ਮੰਡਲ ਵਲੋਂ ਮਾਨਤਾ ਦੇਣਾ ਆਦਿ ਮਤੇ ਪਤਾ ਕੀਤੇ।

### ਆਦਿ ਧਰਮ ਮੰਡਲ ਦਾ ਸ਼ਿਮਲੇ ਵਿਚ ਡੈਲੀਗੇਟ ਇਜਲਾਸ

27 ਅਤੇ 28 ਅਗੱਸਤ 1932 ਨੂੰ ਬਾਬੂ ਚੁੰਨੀ ਲਾਲ ਥਾਂਪਰ ਵਾਲਮੀਕਿ ਲੀਡਰ ਦੀ ਪ੍ਰਧਾਨਗੀ ਹੇਠ ਸ਼ਿਮਲੇ ਵਿਖੇ ਆਦਿ-ਧਰਮ ਮੰਡਲ ਦੀ ਡੈਲੀਗੇਟ ਕਾਨਫਰੰਸ ਹੋਈ। ਫਿਰਕੇਦਰਾਨਾ ਅਵਾਰਡ ਪੰਜਾਬ ਦੀਆਂ ਡਿਪ੍ਰੈਸਡ ਕਲਾਸਿਜ਼ ਨੂੰ ਅਣਗੌਲਣ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਗਈ ਅਤੇ ਸਾਰੀਆਂ ਜਾਂਤਾ ਨੂੰ ਆਪਣੇ ਵਿਤਕਰੇ ਭੁਲਾ ਕੇ ਅਵਾਰਡ ਦੀ ਵਿਰੋਧਤਾ ਕਰਨ ਦੀ ਅਪੀਲ ਕੀਤੀ ਗਈ। ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਅਗਵਾਈ ਹੇਠ ਵਿਸ਼ਾ ਕਮੇਟੀ ਨੇ ਕਾਨਫਰੰਸ ਦੇ ਖੁੱਲੇ ਸੈਸ਼ਨ ਵਿੱਚ ਸਰਬ ਸੰਮਤੀ ਨਾਲ ਪਾਸ ਕੀਤਾ ਤੇ ਇਹ ਕਾਨਫਰੰਸ ਫਿਰਕੇਦਾਰਾਨਾ ਅਵਾਰਡ ਵਿੱਚ ਪੰਜਾਬ ਦੇ ਅਛੂਤਾਂ ਨੂੰ ਛੱਡਣ ਤੇ ਡੂੰਘੀ ਨਰਾਜ਼ਗੀ ਅਤੇ ਨਿਰਾਸ਼ਾ ਦਾ ਪ੍ਰਗਟਾਅ ਕਰਦੀ ਹੈ। ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ, ਪ੍ਰਧਾਨ ਆਦ ਧਰਮ ਮੰਡਲ, ਪੰਜਾਬ ਵਲੋਂ ਡਿਸਪ੍ਰੈਸਡ ਕਲਾਸਿਜ਼ ਨੂੰ ਬਣਦੀ ਨੁਮਾਇੰਦਗੀ ਦਾ ਯਾਦ ਪੱਤਰ ਭਾਰਤ ਸਰਕਾਰ ਨੂੰ ਦਿੱਤੇ ਦਾ ਪੂਰਨ ਸਮਰਥਨ ਕਰਦੀ ਹੈ।

ਕਾਨਫਰੰਸ ਨੇ ਮਤਾ ਪਾਸ ਕੀਤਾ ਕਿ 2 ਹਫਤਿਆਂ ਵਿੱਚ ਤਸੱਲੀ ਬਖਸ਼ ਜੁਆਬ ਦੇਣ ਲਈ ਸਰਕਾਰ ਨੂੰ ਕਿਹਾ ਕਿ ਵਰਨਾ ਕਾਰਜਕਾਰਨੀ ਚੋਣਾਂ ਦੇ ਬਾਈਕਾਟ ਦਾ ਮਤਾ ਪਾਸ ਕਰਕੇ ਡਿਪ੍ਰੈਸਡ ਕਲਾਸਿਜ਼ ਨੂੰ ਆਪਣੇ ਹੱਕ ਪ੍ਰਾਪਤ ਕਰਨ ਲਈ ਬਣਦੇ ਤੌਰ ਤਰੀਕੇ ਅਪਣਾਉਣ ਲਈ ਕਹੇਗੀ।




ਕਾਨਫਰੰਸ ਵਿੱਚ ਮਤਾ ਪਾਸ ਕੀਤਾ ਕਿ ਪੰਜਾਬ ਦੀਆ ਡਿਪ੍ਰੈਸਡ ਕਲਾਸਜ਼ ਵਲੋਂ ਇੱਕ ਡੈਪੂਟੇਸ਼ਨ ਇੰਗਲੈਂਡ ਭੇਜਿਆ ਜਾਵੇ ਤਾਂ ਜੋ ਇੰਨਸਾਫ ਪ੍ਰਾਪਤ ਕੀਤਾ ਜਾ ਸਕੇ। ਕਾਨਫਰੰਸ ਨੇ ਸਰਕਾਰ ਨੂੰ ਇੱਕ ਕਮੇਟੀ ਬਣਾਉਣ ਲਈ ਅਪੀਲ ਕੀਤੀ ਤਾਂ ਜੋ ਸੰਭਾਵੀ ਸਵਿਧਾਨ ਵਿੱਚ ਡਿਰੈਸਡ ਕਲਾਸਜ਼ਿ ਨੂੰ ਯੋਗ ਨੁਮਾਇੰਦਗੀ ਯਕੀਨੀ ਬਣਾਇਅ ਜਾ ਸਕੇ। ਇਸ ਕਮੇਟੀ ਦੇ ਅੱਧੇ ਮੈਂਬਰ ਇਨ੍ਹਾਂ ਵਰਗਾਂ ਵਿੱਚੋਂ ਲੈਣ ਲਈ ਕਿਹਾ ਸਫਾਈ ਸੇਵਕਾਂ ਅਤੇ ਹੋਰ ਮੁਲਾਜ਼ਮਾਂ ਲਈ ਘੱਟ ਤੋਂ ਘੱਟ 30 ਰੁਪਏ ਮਹੀਨਾ ਤਨਖਾਹ ਲੈਣ ਦੀ ਮੰਗ ਕੀਤੀ।

ਇਸ ਕਾਨਫਰੰਸ ਵਿੱਚ ਸਰਕਾਰ ਨੂੰ ਡਿਪ੍ਰੈਸਡ ਕਲਾਸਿਜ਼ ਤੋਂ ਟੈਕਸ ਨਾ ਉਗਰਾਉਣ ਲਈ ਕਿਹਾ ਗਿਆ ਕਿਉਂਕਿ ਇਨ੍ਹਾਂ ਨੂੰ ਇਨਸਾਨ ਨਹੀਂ ਸਮਝਿਆ ਜਾਂਦਾ ਅਤੇ ਦੁਸਰਾ ਫਿਰਕੇਦਾਰਾਨ ਅਵਾਰਡ ਵਿੱਚ ਵੀ ਇਹੋ ਸਲੂਕ ਸਰਕਾਰ ਨੇ ਕੀਤਾ ਹੈ।

ਕਾਨਫਰੰਸ ਨੇ ਬਾਬੂ ਮੁੱਗੋਵਾਲੀਆ ਅਤੇ ਬਾਬੂ ਚੁਨੀ ਲਾਲ ਥਾਪਰ ਨੂੰ ਪੰਜਾਬ ਦੇ ਡਿਰੈਸਡ ਕਲਾਸਿਜ਼ ਵਲੋਂ ਕੇਂਦਰੀ ਸਰਕਾਰ ਅਤੇ ਅੰਗਰੇਜ਼ ਸਰਕਾਰ ਨਾਲ ਗੱਲਬਾਤ ਕਰਨ ਦਾ ਅਧਿਕਾਰ ਦਿੱਤਾ।

### ਰਿਫਾਰਮਜ਼ ਕਮਿਸ਼ਨਰ ਪੰਜਾਬ ਨੂੰ 1933 'ਚ ਮੈਮੋਰੰਡਮ:

ਬਾਬੂ ਮੁੱਗੋਵਾਲੀਆ ਨੇ 24 ਮਈ 1933 ਨੂੰ ਖਾਨ ਬਹਾਦੁਰ ਨਵਾਬ ਮੁਜ਼ੱਫਰ ਖਾਨ ਸੀ.ਆਈ.ਡੀ., ਰਿਫਾਰਮਜ਼ ਕਮਿਸ਼ਨਰ ਪੰਜਾਬ ਅਤੇ ਜੁਆਇੰਟ ਸੈਕਰੇਟਰੀ, ਟ੍ਰਾਂਸਫਰਡ ਮਹਿਕਮਾ, ਪੰਜਾਬ ਸਰਕਾਰ ਨੂੰ ਆਪਣੀਆਂ ਮੰਗਾਂ ਪੇਸ਼ ਕੀਤੀਆਂ।

1. **ਪਹਿਲੀ ਮੰਗ–** ਸਰਕਾਰ ਵਲੋਂ ਅਨੁਸੂਚਿਤ ਜਾਤੀਆਂ ਦੀ ਲਿਸਟ ਛੇ ਨੂੰ ਪੂਰਨ ਦੱਸਦਿਆਂ ਕਿਹਾ ਕਿ ਸ਼ੁੱਧੀਕਰਨ ਹਿੰਦੂਆਂ ਨੂੰ ਇਸ ਵਿਚ ਸ਼ਾਮਲ ਨਾ ਕੀਤਾ ਜਾਏ। ਕਿਉਂਕਿ ਜਦੋਂ ਹਿੰਦੂ ਧਰਮ ਅਪਣਾ ਲੈਂਦੇ ਹਨ ਤਾਂ ਉਨ੍ਹਾਂ ਨੂੰ ਹਿੰਦੂਆਂ ਵਲੋਂ ਸਿਖਾਇਆ ਜਾਂਦਾ ਹੈ , ਉਹ ਅਛੂਤਾਂ ਨਾਲ ਕੋਈ ਸਬੰਧ ਨਾ ਰੱਖੇ।

2. **ਦੂਜੀ ਮੰਗ–** ਹੈਰਾਨੀ ਦੀ ਗੱਲ ਹੈ ਕਿ ਜਦੋਂ ਅਸੀਂ ਆਦਿ ਕਹਿੰਦੇ ਹਾਂ ਕਿ ਸਾਨੂੰ 'ਵੱਖਰੇ ਚੋਣ ਖੇਤਰ ਪ੍ਰਬੰਧ' ਚਾਹੀਦਾ ਹੈ ਕਿਉਂਕਿ ਅਸੀਂ ਹਿੰਦੂ ਨਹੀਂ ਅਛੂਤ ਹਾਂ। ਤਾਂ ਹੰਕਾਰੀ ਹਿੰਦੂ ਕਹਿੰਦੇ ਹਨ: ਪੰਜਾਬ ਵਿੱਚ ਕੋਈ ਅਛੂਤ ਨਹੀਂ ਹਨ"। ਹੁਣ ਜਦੋਂ ਅਛੂਤਾਂ ਨੂੰ ਹੱਕ ਮਿਲੇ ਹਨ ਤਾਂ ਹਿੰਦੂ ਇਤਰਾਜ਼ ਕਰਦੇ ਹਨ ਅਤੇ ਸੁਧੀਕਰਣ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿਚ ਸ਼ਾਮਿਲ ਕਰਨਾ ਚਾਹੁੰਦੇ ਹਨ। ਇਸ ਤੋਂ ਸਾਫ ਦਿਖਾਈ ਦਿੰਦਾ ਹੈ ਕਿ ਹਿੰਦੂ ਆਦਿ ਧਰਮੀਆਂ ਨੂੰ ਮਿਲੇ ਹੱਕ ਖੋਹਣੇ ਚਾਹੁੰਦੇ ਹਨ ਪਰ ਅਸੀਂ ਸਰਕਾਰ ਵਲੋਂ ਐਲਾਨੀ ਅਨੁਸੂਚਿਤ ਜਾਤੀਆਂ ਦੀ ਲਿਸਟ ਤੋਂ ਸਤੁੰਸ਼ਟ ਹਾਂ।

3. **ਤੀਜੀ ਮੰਗ –** ਰਿਜ਼ਰਵੇਸ਼ਨ ਦਾ ਹੱਕ ਸਿਰਫ ਆਦਿ ਧਰਮੀਆਂ ਨੂੰ ਹੋਣਾ ਚਾਹੀਦਾ ਹੈ। ਕਿਉਂਕਿ ਉਹ ਹੀ ਅਛੂਤ ਹਨ। ਇੱਥੋਂ ਤੱਕ ਕਿ ਹਿੰਦੂ ਲੀਡਰ ਰਾਜਾ ਨਰਿੰਦਰ ਨਾਥ, ਮੈਂਬਰ ਗੋਲਮੇਜ਼ ਕਾਰਨਫਰੰਸ ਨੇ ਵੀ ਦੂਜੀ ਗੋਲਮੇਜ਼ ਕਾਨਫਰੰਸ ਲੰਡਨ ਵਿਚ ਜ਼ੋਰ ਦੇ ਕੇ ਕਿਹਾ, "ਪੰਜਾਬ ਵਿਚ ਆਦਿਧਰਮੀਆਂ ਤੋਂ ਬਿਨਾਂ ਕੋਈ ਅਛੂਤ ਨਹੀਂ ਹੈ"। ਇਸੇ ਤਰ੍ਹਾਂ ਦਯਾਨੰਦ ਦਲਿਤ ਉਦਾਰ ਮੰਡਲ, ਹੁਸ਼ਿਆਰਪੁਰ ਨੇ ਕਿਹਾ ਹੈ ਅਤੇ ਇੰਡੀਅਨ ਫਰੈਂਚਾਈਜ਼ ਕਮੇਟੀ (ਲਾਰਡ ਲੋਥੀਅਨ ਕਮੇਟੀ) ਦੀਆਂ ਸਿਫਾਰਿਸ਼ਾਂ ਵਿਚ ਵੀ ਇਸੇ ਤਰ੍ਹਾਂ ਕਿਹਾ ਹੈ। ਇਸ ਲਈ ਆਦਿ ਧਰਮੀ ਹੀ ਇਸ ਹੱਕ ਦੇ ਯੋਗ ਹਨ ਅਤੇ ਜਿਨ੍ਹਾਂ ਨੇ ਇਹ ਹੱਕ ਪ੍ਰਾਪਤ ਕਰਨ ਲਈ ਕੁਰਬਾਨੀਆਂ ਦਿੱਤੀਆਂ ਹਨ ਜਦੋਂ ਕਿ ਸੁੱਧੀਕਰਣ ਹਿੰਦੂਆਂ ਨੇ ਨਾ ਤਾਂ ਕੁਰਬਾਨੀਆਂ ਦਿੱਤੀਆਂ ਹਨ ਨਾ ਹੀ ਉਹ ਇਹ ਹੱਕ ਪ੍ਰਾਪਤ ਕਰਨ ਲਈ ਖਾਹਿਸ਼ਮੰਦ ਹਨ। ਇਸ ਲਈ ਸ਼ੁੱਧੀਕਰਨ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਵਿੱਚ ਸ਼ਾਮਿਲ ਨਾ ਕੀਤਾ ਜਾਵੇ।

4. **ਚੌਥੀ ਮੰਗ–** ਸ਼ੁੱਧੀਕਰਣ ਹਿੰਦੂਆਂ ਨੂੰ ਕਦੇ ਵੀ ਅਨੁਸੂਚਿਤ ਜਾਤੀਆਂ ਵਿਚ ਸ਼ਾਮਿਲ ਨਾ ਕੀਤਾ ਜਾਵੇ ਕਿਉਂਕਿ ਜੇ ਉਨ੍ਹਾਂ ਨੂੰ ਸ਼ਾਮਿਲ ਕੀਤਾ ਤਾਂ ਗਰੀਬ ਆਦਿ-ਧਰਮੀ ਸਰਕਾਰ ਵਲੋਂ ਮਿਲੇ ਹੱਕਾਂ ਨੂੰ ਪ੍ਰਾਪਤ ਕਰ ਸਕਣਗੇ, ਕਿਉਂ ਹਿੰਦੂ ਸਾਡੀਆਂ ਰਿਜ਼ਰਵ ਸੀਟਾਂ 'ਤੇ ਸਰਮਾਏਦਾਰ ਹੋਣ ਕਰਕੇ ਕਬਜ਼ਾ ਕਰ ਲੈਣਗੇ ਅਤੇ ਸ਼ੁੱਧੀਕਰਣ ਹਿੰਦੂ ਉਹਨਾਂ ਦੇ ਦਬਾਅ ਥੱਲੇ ਹਨ । ਇਸ ਤਰਾਂ ਗਰੀਬ ਆਦਿ-ਧਰਮੀ ਆਪਣੇ ਨੁਮਾਇੰਦਗੇ ਭੇਜਣ ਵਿੱਚ ਸਫਲ ਨਹੀ ਹੋਣਗੇ ਅਤੇ ਆਦਿ-ਧਰਮੀ ਤਬਾਹ ਹੋ ਜਾਣਗੇ। ਇਸ ਨਾਲ ਈਸਾਈਆਂ ਅਤੇ ਮੁਸਲਮਾਨਾ ਵਿੱਚਲੇ ਅਛੂਤ ਵੀ ਸਾਡੇ ਹੱਕ ਮੰਗਣਗੇ। ਇਸ ਲਈ ਸ਼ੁੱਧੀਕਰਣ ਹੋਏ ਹਿੰਦੂਆਂ ਨੂੰ ਅਨੁਸੂਚਿਤ ਜਾਤੀਆਂ ਦੀ ਲਿਸਟ ਵਿੱਚ ਸ਼ਾਮਿਲ ਨਾ ਕੀਤਾ ਜਾਵੇ।

5. **ਪੰਜਵੀਂ ਮੰਗ:–** ਸਾਡੇ ਲੋਕ ਗਰੀਬ ਹਨਇਸ ਲਈ ਪੜੇ ਲਿਖਿਆ ਨੂੰ ਚੋਣ ਮਹਿਕਮੇ ਵਿੱਚ ਭਰਤੀ ਖੀਤਾ ਜਾਵੇ ਅਤੇ ਡਿਪ੍ਰੈਸਡ ਕਲਾਸਜ ਦੀਆ ਵੋਟਾ ਬਣਾਉਣ ਵੇਲੇ ਖਾਸ ਧਿਆਨ ਦਿੱਤਾ ਜਾਵੇ। ਪੱਤਰ ਤੇ ਬਾਬੂ ਮੰਗੂ ਰਾਮ ਪ੍ਰਧਾਨ, ਹਜਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ , ਪੰਡਤ ਬਖਸ਼ੀ ਰਾਮ ਜਨਰਲ ਸਕੱਤਰ, ਅਤੇ ਬਾਬੂ ਡੋਗਰ ਮੱਲ ਉੱਪ ਪ੍ਰਧਾਨ ਪੰਜਾਬ ਬਾਲਮੀਕ ਅਛੂਤ ਐਸੋਸੀਏਸ਼ਨ ਜਲੰਧਰ ਸ਼ਹਿਰ ਦੇ ਨਾ ਹਨ।

ਇਸ ਪੱਤਰ ਤੇ Punjab Ad-Dharmi (Depressed Casses ) Federation Jalandhar City ਅੰਗਰੇਜੀ ਅਤੇ ਉਰਦੂ ਵਿੱਚ ਛਪਿਆ ਹੈ ਖੱਬੇ ਹੱਥ ਡੱਬੀ ਵਿੱਚ ਅੰਗਰੇਜੀ ਵਿੱਚ ਛਪਿਆ ਹੈ (Principles)

1. No work in every way for the uplift for all Ad-Dharmi (Aborging depressed classes) of punjab generally calles Achhuts and Shudras especially.
2. To work without religious prejudge for the unity of all.
3. To obtain all political rights in cooperation with the government.
4. To keep government intouch with the true state of Ad-Dharmi's.
5. To organizes and execute by mean of publication of History Literature etc and to popularize arts and science by means of school , press and libraries .

### ਗਵਰਨਰ ਪੰਜਾਬ ਨੂੰ 1935 ਵਿੱਚ ਯਾਦ ਪੱਤਰ

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 3 ਜਨਵਰੀ 1935 ਨੂੰ ਹੈਰਬਰਟ ਵਿਲੀਅਮ ਸੀ.ਐਸ. ਆਈ., ਸੀ. ਆਈ. ਈ., ਓ.ਬੀ. ਈ. ਗਵਰਨਰ, ਪੰਜਾਬ, ਲਾਹੌਰ ਨੂੰ ਹਜ਼ਾਰਾਂ ਆਦਿ ਧਰਮੀਆਂ ਸਣੇ ਇਕ ਮੈਮੋਰੰਡਮ ਦਿੱਤਾ। ਇਸ ਮੈਮੋਰੰਡਮ ਤੋਂ ਪਤਾ ਲੱਗਦਾ ਹੈ ਕਿ ਪਹਿਲੀ ਜੂਨ 1933 ਨੂੰ ਵੀ ਬਾਬੂ ਮੁੱਗੋਵਾਲੀਆ ਨੇ ਗਵਰਨਰ ਨੂੰ ਇਕ ਮੈਮੋਰੰਡਮ ਦਿੱਤਾ ਸੀ। 1933 ਦੇ ਮੈਮੋਰੰਡਮ ਸਬੰਧੀ ਪੰਜਾਬ ਸਰਕਾਰ ਲਾਹੌਰ ਦੇ ਮੁੱਖ ਸਕੱਤਰ ਨੇ ਪੱਤਰ ਨੰ.33246 ਜਨਰਲ ਮਿਤੀ 18 ਦਸੰਬਰ 1933 ਰਾਹੀਂ ਦੱਸਿਆ ਕਿ ਪੰਜਾਬ ਮੰਤਰੀ ਮੰਡਲ ਨੇ ਆਦਿ ਧਰਮੀਆਂ ਦੀਆਂ ਮੰਗਾਂ ਬਾਰੇ ਵਿਚਾਰ ਕਰਕੇ ਉਨ੍ਹਾਂ ਨੂੰ ਪੂਰਾ ਕਰਨ ਲਈ ਉਦਮ ਸ਼ੁਰੂ ਕਰ ਦਿੱਤੇ ਹਨ।

ਬਾਬੂ ਮੁੱਗੋਵਾਲੀਆ ਨੇ 1935 ਦੇ ਮੈਮੋਰੰਡਮ ਵਿਚ ਗਵਰਨਰ ਨੂੰ ਲਿਖਿਆ ਕਿ ਪੰਜਾਬ ਸਰਕਾਰ ਵਲੋਂ ਬਗਾਰ ਪ੍ਰਥਾ ਜਾਰੀ ਹੈ ਖਾਸ ਕਰ ਜਿਲਾ ਕਾਂਗੜਾ ਵਿੱਚ ਮੁਰਦਿਆਂ ਨੂੰ ਚੁੱਕਣ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਸ ਵਾਰੇ ਜਿਲਾ ਅਧਿਕਾਰੀਆਂ ਨੂੰ ਲਿਖਿਆ, ਪਰ ਵਿਅਰਥ ਗਿਆ ਹੈ। ਪਰ ਬਾਬੂ ਜੀ ਨੇ ਗਵਰਨਰ ਨੂੰ ਲਿਖਿਆ ਕਿ ਉਹ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਕਰਨ। ਦਰਿਆ ਬਿਆਸ ਪਾਰ ਕਰਨ ਵੇਲੇ ਬੇੜੀ ਵਾਲੇ ਆਦਿ-ਧਰਮੀਆਂ ਨੂੰ ਬਿਠਾਉਂਦੇ ਨਹੀਂ ਜਦੋਂ ਕਿ ਦਰਿਆ ਸਰਕਾਰੀ ਜਾਇਦਾਦ ਹਨ।

ਬਾਬੂ ਨੇ ਅੱਗੇ ਲਿਖਿਆ ਕਿ ਮਿਊਂਸਪਲ ਕਮੇਟੀਆਂ ਅਤੇ ਜ਼ਿਲ੍ਹਾ ਬੋਰਡਾਂ ਵਿਚਲੇ ਗੈਰ-ਆਦਿਧਰਮੀ, ਆਦਿ ਧਰਮੀਆਂ ਤੇ ਪ੍ਰੋਫੈਸ਼ਨਲ ਟੈਕਸ ਮਨਮਰਜ਼ੀ ਨਾਲ ਲਾਉਂਦੇ ਹਨ ਜੋ ਕਿ ਬੇਇਨਸਾਫੀ ਹੈ। ਨੰਬਰਦਾਰ, ਸਫੈਦ ਪੋਸ਼, ਪਟਵਾਰੀ ਅਤੇ ਜ਼ੈਲਦਾਰ ਬਗਾਰ ਨਾ ਕਰਨ ਵਾਲੇ ਆਦਿ-ਧਰਮੀਆਂ ਤੇ ਮਨਮਰਜ਼ੀ ਦਾ ਟੈਕਸ ਲਾਕੇ ਪੁਲਿਸ ਰਾਹੀਂ ਪ੍ਰੇਸ਼ਾਨ ਕਰਦੇ ਹਨ। ਬਾਬੂ ਜੀ ਨੇ ਸਖਤ ਸ਼ਬਦਾਂ ਵਿਚ ਲਿਖਿਆ ਕਿ ਜੇ ਅਛੂਤ ਆਪਣਾ ਧਰਮ ਆਦਿ-ਧਰਮ ਦੱਸਦੇ ਹਨ ਤਾਂ ਉਨ੍ਹਾਂ ਤੇ ਪ੍ਰੋਫੈਸ਼ਨਲ ਟੈਕਸ ਠੋਕਕੇ ਲਾਇਆ ਜਾਂਦਾ ਹੈ। ਜੇ ਉਹ ਆਪਣਾ ਧਰਮ ਸਿੱਖ, ਹਿੰਦੂ, ਮੁਸਲਿਮ ਦੱਸਦੇ ਹਨ ਤਾਂ ਕੋਈ ਟੈਕਸ ਨਹੀਂ ਲਾਉਂਦੇ। ਬਾਬੂ ਜੀ ਨੇ ਆਦਿਧਰਮੀਆਂ 'ਤੋਂ ਇਸ ਟੈਕਸ ਨੂੰ ਹਟਾਉਣ ਦੀ ਅਪੀਲ ਕੀਤੀ। ਉਨ੍ਹਾਂ ਨੇ ਲੋਕਲ ਬਾਡੀਜ਼ ਵਿਚ ਆਦਿ ਧਰਮੀਆਂ ਦੀ ਨੁਮਾਇੰਦਗੀ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਦਸੂਹਾ ਦੇ ਪਿੰਡ ਰਲਹਣ ਵਿਚ ਅਫਸਰਾਂ ਵਲੋਂ ਆਦਿਧਰਮੀਆਂ 'ਤੇ ਕੀਤੇ ਜ਼ੁਲਮਾਂ ਲਈ ਇੰਨਕੁਆਰੀਆਂ ਕਰਵਾਉਣ ਤੇ ਵੀ ਜੋਰ ਦਿੱਤਾ।

ਬਾਬੂ ਜੀ ਨੇ ਆਦਿ ਧਰਮੀਆਂ ਨੂੰ ਉਨ੍ਹਾਂ ਦੀ ਆਬਾਦੀ ਅਨੁਸਾਰ ਸਰਕਾਰੀ ਨੌਕਰੀਆਂ ਵਿੱਚ ਰਿਜ਼ਰਵੇਸ਼ਨ ਤੇ ਜੋਰ ਦਿੱਤਾ। 1901 ਈ. ਵਿੱਚ ਆਦਿ-ਧਰਮੀਆਂ ਨੂੰ ਦਬਾਉਣ ਲਈ ਪੰਜਾਬ ਭੂਮੀ ਇੰਤਕਾਲ ਆਰਜੀ ਐਕਟ ਬਣਿਆ ਜਿਸ ਨੂੰ ਬਾਬੂ ਜੀ ਨੇ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਐਲਾਨਦਿਆਂ ਰੱਦ ਕਰਨ ਲਈ ਕਿਹਾ ਤਾ ਜੋ ਆਦਿ-ਧਰਮੀ ਆਪਣੀ ਰਿਹਾਇਸ਼ ਲਈ ਥਾਂ ਖਰੀਦ ਸਕਣ। ਸਰਕਾਰ ਵਲੋਂ ਨਵੇਂ ਸਵਿਧਾਨ ਵਿੱਚ ਐਲਾਨੀਆਂ ਅਨੁਸੂਚਿਤ ਜਾਤੀਆਂ ਦੀ ਲਿਸਟ ਵੇਖ ਕੇ ਵੱਖ ਵੱਖ ਮਹਿਕਮਿਆਂ ਵਿੱਚ ਭੇਜਣ ਬਾਰੇ ਅਤੇ ਇਹਨਾ ਜਾਂਤਾ ਦਾ ਧਰਮ ਅਦਿ-ਧਰਮ ਮੰਨਣ ਬਾਰੇ ਵੀ ਗਵਰਨਰ ਨੂੰ ਲਿਖਿਆ। ਇਹ ਮੈਮੋਰੰਡਮ ਅੰਗਰੇਜੀ ਵਿੱਚ ਪਾਪੂਲਰ ਪ੍ਰੈਸ ਜਲੰਧਰ ਸ਼ਹਿਰ ਤੋਂ ਛਪਵਾ ਕੇ ਵੰਡਿਆ ਗਿਆ। ਸਾਡੇ ਕੋਲ ਮੈਨੋਰੰਡਮ ਦੀ ਕਾਪੀ ਉੱਪਰ ਬਾਬੂ ਹਜਾਰਾ ਰਾਮ ਪਿੱਪਲਾਂਵਾਲਾ ਦੇ ਹਸਤਾਖਰ ਅਤੇ ਆਦਿ-ਧਰਮ ਮੰਡਲ ਆਫ ਪੰਜਾਬ ਦੀ ਪੰਜਾਬੀ /ਅੰਗਰੇਜੀ ਵਿੱਚ ਮੋਹਰ ਲੱਗੀ ਹੋਈ ਹੈ ਜਿਸ ਦੇ ਵਿੱਚਕਾਰ ਸੋਹੰ ਲਿਖਿਆ ਹੋਇਆ ਹੈ।

### ਰਿਫਾਰਮਜ ਕਮਿਸ਼ਨਰ ਸ਼ਿਮਲਾ ਨੂੰ 1935 ਵਿੱਚ ਯਾਦ ਪੱਤਰ

ਬਾਬੂ ਮੰਗੂ ਰਾਮ ਮੁਗੋਵਾਲੀਆ ਨੇ 18 ਸਤੰਬਰ 1935 ਨੂੰ ਰਿਫਾਰਮਜ਼ ਕਮਿਸ਼ਨਰ ਅਤੇ ਜਾਇੰਟ ਸੈਕਟਰੀ, ਟ੍ਰਾਂਸਫਰਡ ਡਿਪਾਰਟਮੈਂਟ, ਪੰਜਾਬ ਸਰਕਾਰ, ਸ਼ਿਮਲਾ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਮਿਲ ਕੇ ਇੱਕ ਮੈਮੋਰੈਂਡਮ ਦਿੱਤਾ। ਪੰਜਾਬ ਸਰਕਾਰ ਨੇ ਇਸ ਤੋ ਪਹਿਲਾਂ 13 ਅਗਸਤ ਅਤੇ ਸਤੰਬਰ 1935 ਨੂੰ ਕ੍ਰਮਵਾਰ ਅਸਥਾਈ ਪੰਜਾਬ ਅਸੰਬਲੀ ਹਲਕਿਆਂ ਦਾ ਐਲਾਨ ਕਰ ਦਿੱਤਾ ਗਿਆ।

ਬਾਬੂ ਜੀ ਨੇ ਅੰਮ੍ਰਿਤਸਰ ਅਤੇ ਜਲੰਧਰ ਜਿਲ੍ਹਿਆਂ ਦੀ ਇੱਕ ਸੀਟ ਐਲਾਨਣ ਦਾ ਵਿਰੋਧ ਕਰਦਿਆਂ ਕਿਹਾ ਕਿ ਜਲੰਧਰ ਅਤੇ ਅੰਮ੍ਰਿਤਸਰ ਜਿਲ੍ਹਿਆਂ ਨੂੰ ਦੋ ਸੀਟਾਂ ਚਾਹੀਦੀਆਂ ਹਨ । ਇੱਕ ਸੀਟ ਜਲੰਧਰ ਅਤੇ ਦੂਜੀ ਅਮ੍ਰਿਤਸਰ ਜ਼ਿਲ੍ਹੇ ਦੀ। ਬਾਬੂ ਜੀ ਨੇ ਦਲੀਲ ਦਿੱਤੀ ਕਿ ਕਿਉਂਕਿ ਬਹੁਗਿਣਤੀ ਆਦਿ-ਧਰਮੀ ਪਿੰਡਾ ਵਿੱਚ ਰਹਿੰਦੇ ਹਨ ਇਸ ਲਈ ਇਨ੍ਹਾਂ ਸੀਟਾਂ 'ਤੇ ਪੇਂਡੂ ਉਮੀਦਵਾਰਾਂ ਨੂੰ ਹੀ ਖੜ੍ਹੇ ਕਰਨ ਦਾ ਨਿਯਮ ਹੋਣਾ ਚਾਹੀਦਾ ਹੈ। ਉਸ ਸਮੇਂ ਪੇਂਡੂ ਅਤੇ ਸ਼ਹਿਰੀ ਸੀਟਾਂ ਦੀ ਰਿਜ਼ਰਵ ਸੀਟਾਂ ਵਿੱਚ ਸਿਰਫ ਪੇਂਡੂ ਖੇਤਰ ਵਿੱਚੋਂ ਹੀ ਬਣਨ। 5 ਸਤੰਬਰ 1935 ਵਿੱਚ ਅਸੰਬਲੀ ਹਲਕਿਆਂ ਵਿੱਚ ਤਬਦੀਲੀ ਕਰਨ ਤੇ ਜ਼ੋਰ ਦਿੰਦਿਆਂ ਉਨ੍ਹਾਂ ਨੇ ਕਿਹਾ ਜੇ ਹੱਦਬੰਦੀ ਕਮੇਟੀ (Delimitation Committee) ਸਾਹਮਣੇ ਜ਼ੁਬਾਨੀ ਗਵਾਹੀ ਦੇਣਾ ਵੀ ਸਮਝਿਆ ਤਾਂ ਉਹ ਆਪਣਾ ਪੱਖ ਪੇਸ਼ ਕਰਨ ਲਈ ਤਿਆਰ ਹਨ। ਇਸ ਯਾਦ ਪੱਤਰ ਵਿੱਚ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬੂ ਹਜ਼ਾਰਾ ਰਾਮ ਪਿੱਪਲਾਂਵਾਲਾ ਜਨਰਲ ਸਕੱਤਰ, ਸੰਤ ਰਾਮ ਅਜ਼ਾਦ ਮਿਸ਼ਨਰੀ, ਸੇਠ ਕਿਸ਼ਨ ਦਾਸ ਵਿੱਤ ਸਕੱਤਰ ਅਤੇ ਮਾਸਟਰ ਗੁਰਬੰਤਾ ਸਿੰਘ ਜਨਰਲ ਸਕੱਤਰ ਦੇ ਨਾਂ ਛਪੇ ਹਨ। ਪਾਪੂਲਰ ਪ੍ਰੈਸ, ਜਲੰਧਰ ਸ਼ਹਿਰ ਵਿੱਚ ਇਹ ਪੱਤਰ ਛਪਿਆ।

### ਮੁੱਖ ਮੰਤਰੀ ਨੂੰ ਰੋਸ ਪੱਤਰ

ਬਾਬੂ ਮੁੱਗੋਵਾਲੀਏ ਨੇ 11-04-1942 ਨੂੰ ਮੁੱਖ ਮੰਤਰੀ ਪੰਜਾਬ ਨੂੰ ਇੱਕ ਰੋਸ ਪੱਤਰ ਲਿਖਿਆ ਕਿ ਜਿਸ ਤਰਾਂ ਦੂਜੀਆਂ ਕੌਮਾਂ ਨੂੰ ਦੂਜੀ ਸੰਸਾਰ ਜੰਗ ਵਿੱਚ ਫੌਜ ਵਿੱਚ ਭਰਤੀ

(ਬਾਕੀ ਅਗਲੇ ਸਫੇ ਤੇ)

# ਆਦਿ ਧਰਮ ਲਹਿਰ ਤੇ ਡਾ: ਅੰਬੇਡਕਰ

**ਮੂਲ ਲੇਖਕ: ਡੀ. ਸੀ. ਅਹੀਰ**

1915 ਵਿਚ ਜਦੋਂ ਡਾ. ਬੀ. ਆਰ. ਅੰਬੇਦਕਰ ਨਿਊਯਾਰਕ ਵਿਚ ਕੋਲੰਬੀਆ ਯੂਨੀਵਰਸਿਟੀ ਵਿਖੇ ਆਪਣੇ ਪੀ. ਐਚ. ਡੀ. ਥੀਸਿਸ ਨੂੰ ਅੰਤਿਮ ਛੋਹਾਂ ਦੇ ਰਹੇ ਸਨ ਤਾਂ ਇਕ ਪੰਜਾਬੀ ਨੌਜਵਾਨ ਜਿਹੜਾ ਕੁਝ ਸਾਲ ਪਹਿਲਾਂ ਅਮਰੀਕਾ ਗਿਆ ਸੀ, ਭਾਰਤ ਵਿਚ ਗਦਰ ਮਚਾਉਣ ਲਈ ਕੈਲੀਫੋਰਨੀਆ ਤੋਂ ਪੰਜਾਬ ਵਾਸਤੇ ਹਥਿਆਰਾਂ ਦੀ ਸਮਗਲਿੰਗ ਦੇ ਖਤਰਨਾਕ ਮਿਸ਼ਨ ਵਿਚ ਸ਼ਾਮਲ ਸੀ। ਇਹ ਪੰਜਾਬੀ ਨੌਜਵਾਨ ਮਗਰੋਂ ਬਾਬੂ ਮੰਗੂ ਰਾਮ, ਬਾਨੀ ਆਦਿ ਧਰਮ ਲਹਿਰ ਵਜੋਂ ਮਸ਼ਹੂਰ ਹੋਇਆ। ਮੰਗੂ ਰਾਮ ਦਾ ਜਨਮ 14 ਜਨਵਰੀ 1886 ਈ. ਵਿਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਇਕ ਛੋਟੇ ਜਿਹੇ ਪਿੰਡ ਮੁੱਗੋਵਾਲ ਵਿਚ ਇਕ ਅਛੂਤ ਪਰਿਵਾਰ ਵਿਚ ਹੋਇਆ। ਉਨ੍ਹਾਂ ਦੇ ਪਿਤਾ ਚਮੜੇ ਦਾ ਵਪਾਰੀ ਸੀ। ਉਦੋਂ ਬਰਤਾਨਵੀ ਹਕੂਮਤ ਨੇ ਸਾਰੇ ਲੋਕਾਂ ਵਾਸਤੇ ਸਿੱਖਿਆ ਲਈ ਦਰਵਾਜ਼ੇ ਖੋਲ੍ਹ ਦਿੱਤੇ ਸਨ। ਮੰਗੂ ਰਾਮ ਨੂੰ ਪਿੰਡ ਦੇ ਨੇੜੇ ਮਾਹਿਲਪੁਰ ਵਿਚਲੇ ਸਕੂਲੇ ਪੜ੍ਹਨ ਪਾਇਆ ਗਿਆ ਪਰ ਉਨ੍ਹਾਂ ਨਾਲ ਹਿੰਦੂ ਅਧਿਆਪਕ ਨੇ ਅਣਮਨੁੱਖੀ ਸਲੂਕ ਕੀਤਾ। ਸਤਾਰਾ ਵਿਚ ਭੀਮ ਰਾਓ ਵਾਂਗ, ਮੰਗੂ ਰਾਮ ਨੂੰ ਵੀ ਕਲਾਸ ਤੋਂ ਬਾਹਰ ਬੈਠਣਾ ਪੈਂਦਾ ਸੀ। ਇੱਥੇ ਹੀ ਬੱਸ ਨਹੀਂ, ਅਧਿਆਪਕ ਉਨ੍ਹਾਂ ਨੂੰ ਸਿੱਧਿਆਂ ਨਹੀਂ ਪੜ੍ਹਾਉਂਦਾ ਸੀ, ਉਨ੍ਹਾਂ ਨੂੰ ਹਮੇਸ਼ਾ ਇਕ ਮੁਸਲਿਮ ਵਿਦਿਆਰਥੀ ਰਾਹੀਂ ਸਬਕ ਦਿੱਤਾ ਜਾਂਦਾ ਸੀ। ਫਿਰ ਵੀ ਮੰਗੂ ਰਾਮ ਮਿਡਲ ਦਾ ਇਮਤਿਹਾਨ ਪਾਸ ਕਰ ਗਏ ਤੇ ਨੇੜੇ ਦੇ ਕਸਬੇ, ਬਜਵਾੜਾ ਵਿਚਲੇ ਸਕੂਲ ਵਿਚ ਦਾਖਲਾ ਲੈ ਲਿਆ। ਇੱਥੇ ਵੀ, ਉਨ੍ਹਾਂ ਨਾਲ ਅਪਮਾਨ ਜਨਕ ਸਲੂਕ ਹੋਇਆ ਤੇ ਉਨ੍ਹਾਂ ਨੂੰ ਕਲਾਸ ਰੂਮ ਤੋਂ ਬਾਹਰ ਬੈਠਣਾ ਪੈਂਦਾ ਸੀ। ਇਕ ਦਿਨ, ਇੰਨੀ ਭਾਰੀ ਵਰਖਾ ਹੋਈ ਕਿ ਦਰੱਖਤ ਦੀ ਓਟ ਦੇ ਬਾਵਜੂਦ, ਮੰਗੂ ਰਾਮ ਪਾਣੀ ਨਾਲ ਬੁਰੀ ਤਰ੍ਹਾਂ ਭਿੱਜ ਗਏ। ਜਦੋਂ ਨ੍ਹੇਰੀ-ਝੱਖੜ ਨਾਲ ਅਹਿਣ ਉਨ੍ਹਾਂ ਉਤੇ ਮਿਸਾਈਲਾਂ ਵਾਂਗ ਡਿੱਗੀ ਤਾਂ ਉਨ੍ਹਾਂ ਤੋਂ ਹੋਰ ਬਹੁਤਾ ਬਰਦਾਸ਼ਤ ਨਾ ਹੋ ਸਕਿਆ। ਸੋ, ਉਹ ਭੱਜ ਕੇ ਕਲਾਸ ਰੂਮ ਅੰਦਰ ਜਾ ਵੜੇ। ਉਹ ਜਿਉਂ ਹੀ ਕਮਰੇ ਅੰਦਰ ਦਾਖਲ ਹੋਏ, ਅਧਿਆਪਕ ਨੇ ਉਨ੍ਹਾਂ ਨੂੰ ਦੇਖ ਲਿਆ। ਕੋਈ ਹਮਦਰਦੀ ਦਿਖਾਉਣ ਦੀ ਬਜਾਏ ਉਸ ਨੇ ਉਹਨਾਂ ਉਤੇ ਡੰਡੇ ਵਰ੍ਹਾਉਣੇ ਸ਼ੁਰੂ ਕਰ ਦਿੱਤੇ ਕਿ ਉਹ ਅੰਦਰ ਕਿਉਂ ਆਏ ਹਨ। ਰੋਂਦਿਆਂ-ਵਿਲਕਦਿਆਂ ਮੰਗੂ ਰਾਮ ਬਾਹਰ ਆਏ ਤੇ ਜਿਵੇਂ-ਕਿਵੇਂ ਆਪਣੇ ਘਰ ਪਹੁੰਚ ਗਏ।

ਬੇਇੱਜ਼ਤੀ ਤੇ ਕੁੱਟਮਾਰ ਨੂੰ ਨਜ਼ਰ ਅੰਦਾਜ਼ ਕਰਦਿਆਂ, ਮੰਗੂ ਰਾਮ ਅਗਲੇ ਦਿਨ ਫਿਰ ਸਕੂਲ ਗਏ। ਉਹ ਜਿਉਂ ਹੀ ਉਥੇ ਪਹੁੰਚੇ, ਉਨ੍ਹਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਕਿ ਅਧਿਆਪਕ ਪਾਣੀ ਦੇ ਛਿੱਟੇ ਮਾਰ ਕੇ ਕਲਾਸ ਰੂਮ ਵਿਚਲੇ ਮੇਜ਼-ਕੁਰਸੀ ਤੇ ਟਾਟ ਜਿਹਨਾਂ ਉਤੇ ਵਿਦਿਆਰਥੀ ਬੈਹਿੰਦੇ ਸਨ, ਨੂੰ ਭਿੱਟ ਦੂਰ ਕਰਕੇ ਪਵਿੱਤਰ ਕਰ ਰਿਹਾ ਸੀ। ਮੰਗੂ ਰਾਮ ਵੱਲ ਦੇਖਦਿਆਂ ਬ੍ਰਾਹਮਣ ਅਧਿਆਪਕ ਉੱਚੀ ਦੇਣੀ ਬੋਲਿਆ, 'ਤੂੰ ਫਿਰ ਆ ਗਿਆ ਉਏ ਚੰਡਾਲ।'

ਹੋਰ ਕੁਟਾਪੇ ਤੋਂ ਡਰਦਿਆਂ ਮੰਗੂ ਰਾਮ ਉਨ੍ਹੀਂ ਪੈਰੀਂ ਵਾਪਸ ਮੁੜ ਗਏ ਤੇ ਫਿਰ ਕਦੇ ਸਕੂਲ ਨਾ ਗਏ। ਇਹ ਉਨ੍ਹਾਂ ਦੀ ਪੜ੍ਹਾਈ ਦਾ ਅੰਤ ਸੀ।

ਆਪਣੀ ਪੜ੍ਹਾਈ ਦੇ ਅਚਨਚੇਤ ਖਾਤਮੇ ਨਾਲ ਮੰਗੂ ਰਾਮ ਵਿਹਲੇ ਹੋ ਗਏ ਤੇ ਪ੍ਰੇਸ਼ਾਨ ਵੱਖਰਾ। ਸਾਲ 1909 ਵਿਚ ਪਿੰਡ ਦੇ ਹੋਰ ਮੁੰਡਿਆਂ ਨਾਲ ਉਹ ਅਮਰੀਕਾ ਵਿਚਲੇ ਕੈਲੀਫੋਰਨੀਆ ਨੂੰ ਕਮਾਈਆਂ ਕਰਨ ਲਈ ਚਲੇ ਗਏ। ਉਹ ਫਰੇਜ਼ਨੋ ਦੇ ਪੀਚ ਔਰਚਰਡ ਤੇ ਕੇਂਦਰੀ ਕੈਲੀਫੋਰਨੀਆ ਦੀ ਸਾਂ ਜੋਆਕੁਇਨ ਵਿਚ ਕੰਮ ਕਰਦੇ ਰਹੇ। ਪੈਸੇ ਕਮਾਉਣ ਦੀ ਬਜਾਏ, ਉਹ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ। ਪਾਰਟੀ ਦੀ ਅਗਵਾਈ ਅੰਤਰ-ਰਾਸ਼ਟਰੀ ਪੱਧਰ ਉਤੇ ਲਾਲਾ ਹਰਦਿਆਲ ਕਰ ਰਹੇ ਸਨ। ਭਾਰਤ ਦੀ ਆਜ਼ਾਦੀ ਦੇ ਮਨੋਰਥ ਪ੍ਰਤੀ ਮੰਗੂ ਰਾਮ ਦੀ ਲਗਨ ਤੇ ਸੁਹਿਰਦਤਾ ਨੂੰ ਦੇਖਦਿਆਂ ਉਹਨਾਂ ਉਤੇ ਬਹੁਤ ਭਰੋਸਾ ਕੀਤਾ ਗਿਆ ਤੇ ਪਾਰਟੀ ਦਾ ਵਫ਼ਾਦਾਰ ਮੰਨਿਆ ਗਿਆ, ਸਾਲ 1915 ਵਿਚ, ਮੰਗੂ ਰਾਮ ਪੰਜ ਗਦਰੀਆਂ ਵਿਚੋਂ ਇਕ ਸਨ, ਜਿਹਨਾਂ ਨੂੰ ਹਥਿਆਰ ਤੇ ਤਰਥੱਲੀ ਮਚਾਉਣ ਵਾਲਾ ਸਾਹਿਤ ਦੇ ਕੇ ਭਾਰਤ ਭੇਜਿਆ ਗਿਆ। ਉਹ ਜਹਾਜ਼, ਬਦਕਿਸਮਤੀ ਨੂੰ ਬਰਤਾਨਵੀ ਹਕੂਮਤ ਵੱਲੋਂ ਬਤਾਵੀਆ ਵਿਚ ਫੜਿਆ ਗਿਆ ਤੇ ਸੀਲ ਕਰ ਦਿੱਤਾ ਗਿਆ। ਇਹ ਤਕਰੀਬਨ ਇਕ ਸਾਲ ਸੀਲ ਰਿਹਾ ਤੇ ਉਹ ਪੰਜ ਗਦਰੀ ਕੈਦੀਆਂ ਵਜੋਂ ਉਸ ਦੇ ਅੰਦਰ ਹੀ ਰਹੇ। ਇਸੇ ਦੌਰਾਨ, ਉਨ੍ਹਾਂ ਉਤੇ ਮੁਕੱਦਮਾ ਚਲਾਇਆ ਗਿਆ ਤੇ ਜਹਾਜ਼ ਰਾਹੀਂ ਗੈਰ-ਕਾਨੂੰਨੀ ਤੌਰ ਤੇ ਹਥਿਆਰਾਂ ਨੂੰ ਲਿਜਾ-ਇਉਣ ਬਦਲੇ ਮੌਤ ਦੀ ਸਜ਼ਾ ਸੁਣਾਈ ਗਈ। ਸਜ਼ਾ ਸੁਣਾਏ ਜਾਣ ਮਗਰੋਂ ਕਈ ਦੇਸ਼-ਭਗਤ ਹਿੰਦੁਸਤਾਨੀ, ਜੋ ਜਰਮਨ ਵਿਚ ਰਹਿੰਦੇ ਸਨ, ਨੇ ਇਹਨਾਂ ਗਦਰੀਆਂ ਦੀ ਮਦਦ ਕਰਨ ਦਾ ਫੈਸਲਾ ਕੀਤਾ। ਕਿਸੇ ਤਰ੍ਹਾਂ, ਉਹ ਸੀਲ ਕੀਤੇ ਜਹਾਜ਼ ਵਿਚੋਂ ਕੈਦੀਆਂ ਨੂੰ ਕੱਢ ਕੇ ਲੈ ਗਏ। ਫਿਰ ਉਨ੍ਹਾਂ ਨੂੰ ਵੱਖ-ਵੱਖ ਦਿਸ਼ਾਵਾਂ ਵਿਚ ਭੇਜ ਦਿੱਤਾ। ਮੰਗੂ ਰਾਮ ਨੂੰ ਮਨੀਲਾ ਜਾਣ ਵਾਲੇ ਜਹਾਜ਼ ਵਿਚ ਬਿਠਾ ਦਿੱਤਾ ਗਿਆ। ਤੇ ਫਿਰ ਗਲਤੀ ਨਾਲ (ਕੰਪਾਸ ਖਰਾਬ ਹੋਣ ਕਾਰਨ- ਅਨੁਵਾਦਕ) ਜਹਾਜ਼ ਸਿੰਗਾਪੁਰ ਪਹੁੰਚ ਗਿਆ। ਬਦਕਿਸਮਤੀ ਨੂੰ, ਮੰਗੂ ਰਾਮ ਨੂੰ ਇੱਥੇ ਕੁਝ ਦੇਸ਼-ਧਰੋਹੀਆਂ ਨੇ ਪਛਾਣ ਜੋ ਪਹਿਲਾਂ ਗਦਰ ਪਾਰਟੀ ਲਈ ਕੰਮ ਕਰਦੇ ਸਨ। ਉਨ੍ਹਾਂ ਪੁਲਿਸ ਨੂੰ ਸੂਹ ਦੇ ਦਿੱਤੀ। ਹੁਣ ਬਤਾਵੀਆ ਤੋਂ ਭਗੌੜੇ ਹੋਇਆਂ ਦਾ ਡੈਥ ਵਾਰੰਟ ਬਰਤਾਨਵੀ ਸਰਕਾਰ ਵੱਲੋਂ ਜਾਰੀ ਕਰ ਦਿੱਤਾ ਗਿਆ ਕਿ ਉਨ੍ਹਾਂ ਪੰਜਾਂ ਵਿਚੋਂ ਕੋਈ ਵੀ ਫੜਿਆ ਜਾਵੇ ਤਾਂ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ। ਉਸੇ ਅਨੁਸਾਰ, ਸਿੰਗਾਪੁਰ ਪੁਲਿਸ ਮੌਤ ਦੇ ਘਾਟ ਉਤਾਰਨ ਦੀ ਤਿਆਰੀ ਕਰ ਰਹੀ ਸੀ ਕਿ ਸਬੱਬੀਂ ਇਕ ਚਮਤਕਾਰ ਹੋਇਆ। ਮੌਤ ਦੇ ਮੂੰਹ ਵਿਚ ਜਾਣ ਤੋਂ ਅੱਧਾ ਘੰਟਾ ਪਹਿਲਾਂ, ਬਰਡੇ ਨਾਂ ਦਾ ਇਕ ਬੰਦਾ ਆਇਆ, ਜਿਸ ਨੂੰ ਮੰਗੂ ਰਾਮ ਨੇ ਪਹਿਲਾਂ ਕਦੇ ਨਹੀਂ ਦੇਖਿਆ ਸੀ, ਬਾਹੋਂ ਫੜ ਕੇ ਥਾਣੇ ਤੋਂ ਬਾਰ ਲੈ ਗਿਆ ਤੇ ਮੁੜ ਉਸੇ ਜਹਾਜ਼ ਵਿਚ ਬਿਠਾ ਦਿੱਤਾ, ਜਿਸ ਵਿਚ ਮੰਗੂ ਰਾਮ ਆਏ ਸਨ, ਤੇ ਉਸ ਨੇ ਕੈਪਟਨ ਨੂੰ ਕਿਹਾ ਕਿ ਜਹਾਜ਼ ਮਨੀਲਾ ਨੂੰ ਲੈ ਜਾਵੇ। ਇੰਨੇ ਨੂੰ ਪੁਲਿਸ ਹਰਕਤ ਵਿਚ ਆ ਗਈ ਤੇ ਜਹਾਜ਼ ਸਿੰਗਾਪੁਰ ਦੀ ਹੱਦ ਪਾਰ ਕਰ ਗਿਆ ਸੀ। ਜਹਾਜ਼ ਨੂੰ ਫੜ ਨਾ ਸਕਣ ਕਾਰਨ, ਪੁਲਿਸ ਨੇ ਆਪਣੀ ਨਲ-ਾਇਕੀ ਨੂੰ ਛੁਪਾਉਣ ਖਾਤਰ ਕਿਸੇ ਸ਼ਰਾਬੀ (ਹਿੰਦੁਸਤਾਨੀ) ਨੂੰ ਫੜ ਕੇ ਫਾਂਸੀ ਚੜ੍ਹਾ ਦਿੱਤਾ। ਮਗਰੋਂ ਇਹ ਖ਼ਬਰ ਭਾਰਤੀ ਅਖ਼ਬਾਰਾਂ ਵਿਚ ਛਪੀ।



**ਡੀ. ਸੀ. ਅਹੀਰ**

ਇਸ ਘਟਨਾ ਉਪਰੰਤ ਮੰਗੂ ਰਾਮ 7-8 ਸਾਲ ਫਿਲਪੀਨਜ਼ ਵਿਚ ਲੁਕ-ਛਿਪ ਕੇ ਰਹਿੰਦੇ ਰਹੇ। ਇਸ ਸਮੇਂ ਦੌਰਾਨ ਉਨ੍ਹਾਂ ਦਾ ਆਪਣੇ ਪਰਿਵਾਰ ਨਾਲ ਕੋਈ ਸੰਪਰਕ ਨਾ ਰਿਹਾ। ਫੜੇ ਜਾਣ ਦੇ ਡਰੋਂ ਉਹਨਾਂ ਕੋਈ ਚਿੱਠੀ-ਪੱਤਰ ਵੀ ਨਹੀਂ ਲਿਖਿਆ ਸੀ। ਉਹਨਾਂ ਨੂੰ ਮਰ-ਮੁੱਕੇ ਸਮਝ ਕੇ ਉਹਨਾਂ ਦੀ ਪਤਨੀ ਨੂੰ ਮੰਗੂ ਰਾਮ ਦੇ ਵੱਡੇ ਭਰਾ ਜੋ ਰੰਡਾ ਸੀ, ਦੇ ਬਿਠਾ ਦਿੱਤਾ। ਸਾਲ 1924 ਵਿਚ ਬਰਤਾਨਵੀ ਹਕੂਮਤ ਵੱਲੋਂ ਜਾਰੀ ਡੈਥ ਵਾਰੰਟ ਦੀ ਮਿਆਦ ਪੁੱਗ ਗਈ। ਫਿਰ ਮੰਗੂ ਰਾਮ ਨੇ ਭਾਰਤ ਪਰਤਣ ਲਈ ਸੋਚਿਆ। ਸਾਲ 1925 ਵਿਚ ਉਹ ਵਾਪਸ ਪੰਜਾਬ ਆ ਗਏ। ਛੇਤੀ ਹੀ ਮਗਰੋਂ, ਮੰਗੂ ਰਾਮ ਇਕ ਹੋਰ ਸੁਤੰਤਰਤਾ ਸੰਗਰਾਮ ਵਿਚ ਸ਼ਾਮਲ ਹੋ ਗਏ, ਉਹ ਸੀ ਅਛੂਤਾਂ ਦੀ ਮੁਕਤੀ। ਉਹ ਲੋਕ ਜਿਨ੍ਹਾਂ ਵਿਚਾਲੇ ਉਹ ਪੈਦਾ ਹੋਏ- ਜਿਹੜੇ ਹਿੰਦੂਆਂ ਦੇ ਅੱਤਿਆਚਾਰਾਂ ਦਾ ਅਕਸਰ ਸ਼ਿਕਾਰ ਹੁੰਦੇ ਰਹਿੰਦੇ ਸਨ। ਬਾਬੂ ਮੰਗੂ ਰਾਮ ਦੇ ਗਦਰ ਪਾਰਟੀ ਨਾਲ ਗਹਿਗੱਚ ਮੇਲ ਜੋਲ ਸਦਕਾ ਉਹਨਾਂ ਦਾ ਨਜ਼ਰੀਆ ਵਿਆਪਕ ਤੇ ਵਿਸ਼ਾਲ ਹੋ ਗਿਆ ਸੀ ਤੇ ਇਕ ਜਥੇਬੰਦਕ ਵਜੋਂ ਉਨ੍ਹਾਂ ਦੀ ਮਹਾਰਤ ਤੇਜ਼-ਤਿੱਖੀ ਹੋ ਗਈ ਸੀ। ਛੇਤੀ ਹੀ ਉਹਨਾਂ ਆਪਣੀ ਸੋਚ ਵਾਲੇ ਸਾਥੀਆਂ ਨੂੰ ਤਲਾਸ਼ਿਆ ਤੇ ਹਿੰਦੂ ਸਮਾਜਿਕ ਗੁਲਾਮੀ ਦੇ ਸ਼ਿਕੰਜੇ ਵਿਚੋਂ ਦੱਬੇ-ਕੁਚਲੇ ਲੋਕਾਂ ਨੂੰ ਮੁਕਤੀ ਕਰਾਉਣ ਲਈ ਉਹਨਾਂ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ।

ਆਪਣੇ ਵਿਚਾਰਾਂ ਨੂੰ ਵੱਡੇ ਹੁਲਾਰੇ ਤੇ ਹੁੰਗਾਰੇ ਤੋਂ ਉਤਸ਼ਾਹਿਤ ਹੁੰਦਿਆਂ, ਬਾਬੂ ਮੰਗੂ ਰਾਮ ਨੇ 11-12 ਜੂਨ 1926 ਨੂੰ ਆਪਣੇ ਪਿੰਡ ਮੁੱਗੋਵਾਲ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਇਕ ਕਾਨਫਰੰਸ ਬੁਲਾਈ। ਕਾਨਫਰੰਸ ਵਿਚ ਵੱਡੀ ਗਿਣਤੀ ਵਿਚ ਪਹੁੰਚੇ ਅਛੂਤਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਆਖਿਆ ਕਿ ਅਛੂਤ ਇਕ ਵੱਖਰੀ ਕੌਮ ਹਨ, ਮੁਸਲਮਾਨਾਂ, ਸਿੱਖਾਂ ਤੇ ਹਿੰਦੂਆਂ ਵਾਂਗ। ਅਛੂਤ ਇਸ ਦੇਸ਼ ਦੇ ਮੂਲ ਨਿਵਾਸੀ ਹਨ। ਖੈਰ, ਲਹਿਰ ਦਾ ਨਾਂ ਆਦਿ ਧਰਮ ਰੱਖਿਆ ਗਿਆ। ਲੀਡਰਾਂ ਨੇ ਵੱਖਰਾ ਤੇ ਨਿਆਰਾ ਪਹਿਰਾਵਾ ਪਹਿਨਿਆ ਜਿਵੇਂ ਗੂਹੜੀ ਲਾਲ ਪੱਗੜੀ ਤੇ ਨਵਾਂ ਪਵਿੱਤਰ ਮੰਤਰ ਜਾਂ ਪ੍ਰਤੀਕ (ਬੀਜ), ਸੋਂਹ ਸ਼ਬਦ ਅਪਣਾਇਆ। ਲੋਕਾਂ ਨੂੰ ਆਪਣੇ-ਆਪ ਨੂੰ ਆਦਿ ਧਰਮੀ ਕਹਿਣ-ਕਹਾਉਣ ਲਈ ਆਖਿਆ।

ਆਦਿ ਧਰਮ ਦਾ ਮੁਢਲਾ ਮਨੋਰਥ ਅਛੂਤਾਂ ਨੂੰ ਇਕ ਬਦਲਵਾਂ ਧਰਮ ਮੁਹੱਈਆ ਕਰਵਾਉਣਾ ਸੀ। ਇਸ ਦਾ ਇਕ ਹੋਰ ਮਨੋਰਥ ਆਪਣੇ ਸਮਾਜ ਨੂੰ ਅੰਦਰੋਂ ਸੁਧਾਰਨਾ ਸੀ। ਆਦਿ ਧਰਮ ਨੇ ਲੋਕਾਂ ਨੂੰ ਅਮਰ ਅਭਿਆਸਾਂ ਤੋਂ ਮੁਕਤ ਕੀਤਾ ਤੇ ਸਾਫ-ਸੁਥਰੀ ਜ਼ਿੰਦਗੀ ਜਿਉਣ ਲਈ ਆਖਿਆ। ਸ਼ਰਾਬ ਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਦੀ ਮਨਾਹੀ ਕੀਤੀ। ਲੜਕੇ ਤੇ ਲੜਕੀਆਂ ਨੂੰ ਪੜ੍ਹਾਉਣ ਤੇ ਸਮਾਜ ਦੇ ਸਾਰੇ ਮਰਦਾਂ ਤੇ ਔਰਤਾਂ ਨਾਲ ਬਰਾਬਰੀ ਦਾ ਸਲੂਕ ਕਰਨ ਲਈ ਹਦਾਇਤਾਂ ਕੀਤੀਆਂ। ਸਮੁੱਚੇ ਤੌਰ ਤੇ ਲਹਿਰ ਦਾ ਮਨੋਰਥ ਅਛੂਤਾਂ ਨੂੰ ਆਦਿ ਧਰਮ ਦੇ ਮੈਂਬਰਾਂ ਵਜੋਂ ਮਾਣ-ਸਤਿਕਾਰ ਦੀ ਭਾਵਨਾ ਦੇਣਾ ਸੀ। ਆਦਿ ਧਰਮ ਮੰਡਲ ਦਾ ਹੈਡਕੁਆਰਟਰ ਜਲੰਧਰ ਸ਼ਹਿਰ ਵਿਚ ਸਥਾਪਤ ਕੀਤਾ ਗਿਆ, ਜਿੱਥੋਂ ਲਹਿਰ ਨੂੰ ਯੋਜਨਾਬੱਧ ਤਰੀਕੇ ਨਾਲ ਚਲਾਇਆ ਗਿਆ ਤੇ ਸਮਰਪਿਤ ਮਿਸ਼ਨਰੀਆਂ ਨੇ ਪੰਜਾਬ (ਲਹਿੰਦੇ ਪੰਜਾਬ ਸਮੇਤ) ਦੇ ਦੂਰ-ਦੁਰਾਡੇ ਇਲਾਕਿਆਂ ਤੇ ਉਸ ਤੋਂ ਵੀ ਬਾਹਰ ਦੇ ਇਲਾਕਿਆਂ ਵਿਚ ਲਹਿਰ ਦੇ ਸੰਦੇਸ਼ ਨੂੰ ਪ੍ਰਚਾਰਿਆ ਤੇ ਪ੍ਰਸਾਰਿਆ। ਮੰਡਲ ਨੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੂੰ ਆਪਣਾ ਅਧਿਆਤਮਕ ਰਹਿਬਰ ਮੰਨਿਆ ਤੇ ਲਹਿਰ ਚਮਾਰਾਂ (ਤੇ ਬਾਲਮੀਕੀਆਂ) ਦਰਮਿਆਨ ਸ਼ੁਰੂ ਵਿਚ ਹਰਮਨ ਪਿਆਰੀ ਹੋ ਗਈ।

ਉਸ ਵੇਲੇ, ਬਾਬੂ ਮੰਗੂ ਰਾਮ ਆਦਿ ਧਰਮ ਦੇ ਝੰਡੇ ਹੇਠ ਅਛੂਤਾਂ ਨੂੰ ਜਥੇਬੰਦ ਕਰ ਰਹੇ ਸਨ ਤੇ ਉਧਰ ਡਾ. ਅੰਬੇਦਕਰ ਦੇਸ਼ ਦੇ ਇਕ ਹੋਰ ਹਿੱਸੇ ਵਿਚ ਅਜਿਹੀ ਹੀ ਲੜਾਈ ਲੜ ਰਹੇ ਸਨ। ਭਾਵੇਂ ਉਹਨਾਂ ਦੇ ਕੰਮ ਦਾ ਖੇਤਰ ਸੈਂਕੜੇ-ਹਜ਼ਾਰਾਂ ਮੀਲ ਦੂਰ ਸੀ ਪਰ ਉਹਨਾਂ ਦੇ ਵਿਚਾਰ ਤੇ ਸੰਘਰਸ਼ ਦੇ ਤਰੀਕੇ ਤਕਰੀਬਨ ਇਕੋ-ਜਿਹੇ ਸਨ। ਦੋਵਾਂ ਦਾ ਵਿਸ਼ਵਾਸ ਸੀ ਕਿ ਅਨੁਸੂਚਿਤ ਜਾਤੀਆਂ ਹਿੰਦੂ ਨਹੀਂ ਹਨ ਅਤੇ ਉਹਨਾਂ ਦੀ ਗੁਲਾਮੀ ਦਾ ਛੁਟਕਾਰਾ ਹਿੰਦੂ ਧਰਮ ਤੋਂ ਮੁਕਤ ਹੋਣ ਵਿਚ ਹੈ।

ਦੋਵਾਂ ਆਗੂਆਂ ਦਾ ਵਿਸ਼ਵਾਸ ਆਪਣੀ ਮਦਦ ਆਪ ਕਰਨ ਵਿਚ ਸੀ ਅਤੇ ਆਪਣੇ ਮੰਤਵ-ਮਨੋਰਥ ਦੀ ਪ੍ਰਾਪਤੀ ਲਈ ਸ਼ਾਂਤਮਈ ਤਰੀਕਿਆਂ ਦੀ ਵਕਾਲਤ ਸੀ। ਦੋਵਾਂ ਨੇ ਸਿੱਖਿਆ ਉਤੇ ਭਰਵਾਂ ਜ਼ੋਰ ਦਿੱਤਾ। ਬਾਬਾ ਸਾਹਿਬ ਨੇ ਸਿੱਖਿਆ ਨੂੰ ਸਮੁੱਚੀ ਤਰੱਕੀ ਦੀ ਚਾਬੀ ਵਜੋਂ ਵਿਚਾਰਿਆ ਜਦਕਿ ਮੰਗੂ ਰਾਮ ਦਾ ਕਹਿਣਾ ਸੀ ਕਿ 'ਸਿੱਖਿਆ ਸਾਨੂੰ ਸਚਖੰਡ (ਸਚਾਈ ਦਾ ਮੰਡਲ) ਵੱਲ ਲਿਜਾਂਦੀ ਹੈ।' ਹੋਰ ਅੱਗੇ, ਬਾਬਾ ਸਾਹਿਬ ਨੇ ਸਿੱਖਿਆ, ਸੰਘਰਸ਼ ਤੇ ਸੰਗਠਨ' ਦੀਆਂ ਤਿੰਨ ਪ੍ਰਮੁੱਖ ਗੱਲਾਂ ਲੋਕਾਂ ਨੂੰ ਮੰਨਣ ਲਈ ਆਖਿਆ ਜਦਕਿ ਮੰਗੂ ਰਾਮ ਅਨੁਸਾਰ ਗਰੀਬਾਂ ਕੋਲ ਤਿੰਨ ਕਿਸਮ ਦੀਆਂ ਤਾਕਤਾਂ ਹਨ: ਕੌਮੀਅਤ (ਸਮੂਹਿਕ ਇਕਮੁੱਠਤਾ), ਮਜ਼ਹਬ (ਅਧਿਆਤਮਕਤਾ) ਤੇ ਮਜਲਿਸ (ਸੰਗਠਨ)।'

ਆਦਿ ਧਰਮ ਦੀ ਸਥਾਪਨਾ ਤੋਂ ਇਕ ਸਾਲ ਮਗਰੋਂ ਲਹਿਰ ਨੇ ਲਗਾਤਾਰ ਰੈਲੀਆਂ ਤੇ ਕਾਨਫਰੰਸਾਂ ਸਦਕਾ ਪੰਜਾਬ ਵਿਚ ਇਕ ਵਿਆਪਕ ਲਹਿਰ ਖੜ੍ਹੀ ਕਰ ਦਿੱਤੀ ਜਿਸ ਕਾਰਨ ਉਸ ਵੇਲੇ ਦੀ ਸਰਕਾਰ ਅਛੂਤਾਂ ਦੀਆਂ ਸਮੱਸਿਆਵਾਂ ਉਤੇ ਧਿਆਨ ਦੇਣ ਲੱਗ ਪਈ। ਅਛੂਤਾਂ ਦੀ ਗਰੀਬੀ ਤੇ ਸ਼ੋਸ਼ਣ ਦੇ ਕਾਰਨਾਂ ਵਿਚੋਂ ਇਕ ਬੇਗਾਰ ਦੀ ਪ੍ਰਥਾ ਸੀ ਯਾਨਿ ਉਹ ਪ੍ਰਥਾ ਜਿਸ ਅਧੀਨ ਉਹ ਰਹਿਣ ਲਈ ਮਜਬੂਰ ਸਨ, ਉਹ ਸੀ ਜਬਰੀ ਕੰਮ ਕਰਾਉਣਾ ਤੇ ਇਵਜ਼ ਵਿਚ ਉਜਰਤ ਕੋਈ ਨਹੀਂ। ਆਦਿ ਧਰਮ ਮੰਡਲ ਨੇ ਬੇਗਾਰ ਪ੍ਰਥਾ ਵਿਰੁੱਧ ਸੰਘਰਸ਼ ਕੀਤਾ ਤੇ ਉਹਨਾਂ ਨੂੰ ਖਤਮ ਕਰਵਾਇਆ। ਮੰਡਲ ਨੇ ਪੰਜਾਬ ਇੰਤਕਾਲ ਇਰਾਜ਼ੀ ਕਾਨੂੰਨ ਵਿਰੁੱਧ ਜ਼ਬਰਦਸਤ ਸੰਘਰਸ਼ ਕੀਤਾ ਜਿਸ ਰਾਹੀਂ ਅਛੂਤਾਂ ਨੂੰ ਜ਼ਮੀਨ ਦਾ ਇਕ ਛੋਟਾ ਜਿੰਨਾ ਟੁਕੜਾ ਖਰੀਦਣ ਦੀ ਵੀ ਮਨਾਹੀ ਸੀ। ਆਦਿ ਧਰਮ ਮੰਡਲ 1931 ਦੀ ਮਰਦਮਸ਼ੁਮਾਰੀ ਸਮੇਂ ਆਪਣੀ ਪੂਰੀ ਚੜ੍ਹਤ ਉਤੇ ਸੀ। ਲਗਾਤਾਰ ਪ੍ਰਚਾਰ ਦੇ ਨਤੀਜੇ ਵਜੋਂ, ਤਕਰੀਬਨ 5 ਲੱਖ ਲੋਕਾਂ ਨੇ ਆਪਣੇ ਆਪ ਨੂੰ ਆਦਿ ਧਰਮੀ ਐਲਾਨਿਆ। ਇਹ ਹਕੀਕਤ ਆਦਿ ਧਰਮ ਦੇ ਆਗੂਆਂ ਦੀ ਜਥੇਬੰਦਕ ਮਹਾਰਤ ਨੂੰ ਦਰਸਾਉਂਦੀ ਹੈ। ਜਿਵੇਂ ਕਿ ਮਾਰਕ ਜੁਰਗਨਮੇਅਰ ਲਿਖਦਾ ਹੈ, ''ਵੱਡੀ ਗਿਣਤੀ ਵਿਚ ਲੋਕਾਂ ਦੇ ਸਮਰਥਨ ਨੇ ਰਾਜਨੀਤਿਕ ਸਰਮਾਇਆ ਪੈਦਾ ਕੀਤਾ ਤੇ ਮੰਗੂ ਰਾਮ ਨੇ ਇਸ ਸਰਮਾਏ ਨੂੰ ਰਾਜਸੀ ਤਰੀਕਿਆਂ ਨਾਲ ਵਰਤਿਆ।'' ਆਦਿ ਧਰਮ ਉਮੀਦਵਾਰ ਜਨਤਕ ਮਹਿਕਮਿਆਂ ਲਈ ਖੜ੍ਹੇ ਹੋਏ ਤੇ ਯੂਨੀਅਨਿਸਟ ਪਾਰਟੀ ਨਾਲ ਗੱਠਜੋੜ ਕੀਤਾ। ਦੋਹਾਂ ਮਿਸਾਲਾਂ ਵਿਚ ਆਦਿ ਧਰਮ ਮੰਡਲ ਦੁਆਰਾ ਅਨੁਸੂਚਿਤ ਜਾਤੀਆਂ ਦੇ ਆਗੂਆਂ ਨੇ ਲੋਕ-ਰੁਤਬਿਆਂ ਨੂੰ ਪ੍ਰਾਪਤ ਕੀਤਾ। - *Ad Dharm Movement and Dr. Ambedkar* ਵਿਚੋਂ ਧੰਨਵਾਦ ਸਹਿਤ।

**ਅਨੁਵਾਦ: ਬਲਬੀਰ ਮਾਧੋਪੁਰੀ**

# ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886 ਤੋਂ 22 ਅਪ੍ਰੈਲ 1980)

ਕਰਨ ਤੇ ਜਮੀਨਾਂ ਅਲਾਟ ਕੀਤੀਆ ਹਨ ਉਸੇ ਤਰਾਂ ਆਦਿ-ਧਰਮੀਆਂ ਨੂੰ ਵੀ ਜਮੀਨਾਂ ਅਲਾਟ ਕੀਤੀਆ ਜਾਣ। ਇਸ ਪੱਤਰ ਵਿੱਚ ਪਤਾ ਲੱਗਦਾ ਹੈ ਕਿ ਸਰਕਾਰ ਵਲੋ ਆਦਿ-ਧਰਮੀਆਂ ਨੂੰ ਵੀ ਜਮੀਨਾਂ ਅਲਾਟ ਕਰਨ ਦੀ ਸਕੀਮ ਬਣਾਈ ਹੋਈ ਹੈ। ਇਸ ਪੱਤਰ ਵਿੱਚ ਸੂਚੀ ਹੈ ਕਿ ਕਿਹੜੇ-ਕਿਹੜੇ ਸਥਾਨਾਂ ਤੇ ਆਦਿ-ਧਰਮੀਆਂ ਨੂੰ ਫੌਜ ਵਿੱਚ ਭਰਤੀ ਹੋਣ ਲਈ ਆਦਿ-ਧਰਮੰਡਲ ਨੇ ਕਾਨਫਰੰਸਾਂ ਕੀਤੀਆਂ ਜਿਵੇਂ ਕਿ ਕਾਲਾ ਬੱਕਰਾ ਜਲੰਧਰ, ਪਿੱਪਲਾਂਵਾਲਾ, ਮਾਹਿਲਪੁਰ, ਹਰਿਆਣਾ ਹਾਜੀਪੁਰ, ਜਿਲਾ ਹੁਸ਼ਿਆਰਪੁਰ, ਜਗਰਾਓਂ, ਪੀਰੋਂ ਦਾਖਾ, ਡੇਹਲੋਂ, ਜਿਲਾ ਲੁਧਿਆਣਾ, ਜਿਲਾ ਲਾਇਲਪੁਰ ਜੋ ਕਿ ਅੱਜਕੱਲ ਪਾਕਿਸਤਾਨ ਵਿੱਚ ਹੈ ,ਦਰੋਕਾ ਜਿਲਾ ਕਾਂਗੜਾਂ, ਮਿੰਟ-ਗੁੰਮਟੀ, ਮੁਲਤਾਨ, ਸਰਗੋਧਾ, ਸ਼ੇਖੂਪੁਰਾ, ਲਾਹੌਰ (ਹੁਣ ਪਾਕਿਸਤਾਨ 'ਚ), ਅੰਮ੍ਰਿਤਸਰ, ਗੁਰਦਾਸਪੁਰ ਅੰਬਾਲਾ (ਹੁਣ ਹਰਿਆਣਾ ਵਿੱਚ) ਅਤੇ ਸ਼ਿਮਲਾ ਜੋ ਕਿ ਅੱਜਕੱਲ ਹਿਮਾਚਲ ਪ੍ਰਦੇਸ਼ ਵਿੱਚ ਆਦਿ। ਇਸ ਪੱਤਰ ਉੱਪਰ ਬਾਬੂ ਮੰਗੂਰਾਮ ਮੁਗੋਵਾਲੀਆ ਪ੍ਰਧਾਨ, ਬਾਬੂ ਸ਼ਾਮ ਲਾਲ ਸਕੱਤਰ (ਬਾਬੂ ਲੱਭੂ ਰਾਮ ਸੂਚੀ ਪਿੰਡ ਪ੍ਰਧਾਨ ਪ੍ਰਬੰਧਕੀ ਕਮੇਟੀ ) ਬਾਬੂ ਰਾਮ ਚੰਦ ਸਹਾਇਕ ਸਕੱਤਰ ਅਤੇ ਸੰਪਾਦਕ ਉਆਦਿ ਡੰਕਾਂ "ਬਾਬੂ ਸੰਤ ਰਾਮ ਅਜਾਦ ਮਿਸ਼ਨਰੀ ਸੇਠ ਕਿਸ਼ਨ ਦਾਸ ਐਮ.ਐਲ.ਏ ਖਜਾਨਚੀ, ਬਾਬੂ ਸੰਸਾਰ ਚੰਦ ਮਹਾਂ ਉਪਦੇਸ਼ਕ, ਪੂਰਨ ਚੰਦ ਰਮਤਾ ਪ੍ਰਚਾਰਕ, ਖੇਮ ਚੰਦ ਪ੍ਰਚਾਰਕ (ਇਹਨਾ ਦੇ ਨਾਮ ਤੇ ਲੀਕ ਵੱਜੀ ਹੈ) ਦੇ ਨਾਮ ਟਾਈਪ ਹਨ।

**ਗਵਰਨਰ ਪੰਜਾਬ ਨੂੰ ਯਾਦ ਪੱਤਰ**

18-05-1934 ਨੂੰ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਨੇ ਪੰਜਾਬ ਦੇ ਗਵਰਨਰ ਨੂੰ ਇੱਕ ਮੈਮੋਰੰਡਮ ਦਿੱਤਾ ਕਿ ਆਦਿ-ਧਰਮੀ ਲੜਕੀਆਂ ਨਾਲ ਹਿੰਦੂ ਸਿੱਖ ਸਰਮਾਏਦਾਰ ਜਗੀਰਦਾਰਾਂ ਨੇ ਬਲਾਤਕਾਰ ਕੀਤੇ ਜਿਹਨਾ ਦੇ ਨਾ ਪਤੇ ਦਿੱਤੇ ਹਨ ਜੋ ਜਿਲ੍ਹਾ ਹੁਸ਼ਿਆਰਪੁਰ, ਜਲੰਧਰ ਅਤੇ ਲੁਧਿਆਣੇ ਨਾਲ ਸਬੰਧਤ ਹਨ । ਇਸ ਲਈ ਸ਼ਾਰਧਾ ਐਕਟ ਨੂੰ ਜੁੰਮੇਵਾਰ ਦੱਸਿਆ। ਪ੍ਰੋਫੈਸ਼ਨਲ ਟੈਕਸ ਨੂੰ ਆਦਿ-ਧਰਮੀਆਂ ਨੂੰ ਦਬਾਉਣ ਵਾਲਾ ਦੱਸਿਆ ਕਿ ਜੇ ਉਹ ਆਪਣਾ ਧਰਮ ਹਿੰਦੂ , ਸਿੱਖ, ਇਸਲਾਮ ਦੱਸਣ ਤਾਂ ਇਹ ਟੈਕਸ ਨਹੀ ਲਾਉਂਦੇ। ਇਸ ਦਾ ਹੱਲ ਦੱਸਦਿਆ ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਲਿਖਿਆ ਕਿ ਸਾਨੂੰ ਸ਼ਾਸ਼ਨ ਅਤੇ ਪ੍ਰਸ਼ਾਸ਼ਨ ਵਿੱਚ ਬਣਦਾ ਹੱਕ ਦਿੱਤਾ ਜਾਵੇ ਅਤੇ ਪ੍ਰੋਫੈਸ਼ਨਲ ਟੈਕਸ ਉਗਰਾਹਣ ਦੇ ਅਧਿਕਾਰ ਦੇਣ ਲਈ ਕਿਹਾ। ਤੀਜੀ ਮੰਗ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਲਈ ਕੀਤੀ। ਇਹ ਯਾਦ ਪੱਤਰ ਵੀ ਕਿਸ਼ਨ ਸਟੀਮ ਪ੍ਰੈਸ ਰੇਲਵੇ ਰੋਡ ਜਲੰਧਰ ਸ਼ਹਿਰ ਵਿੱਚ ਛਪਿਆ ਹੈ।

ਇਹ ਤਾਂ ਕੁੱਝ ਦਸਤਾਵੇਜ ਜੋ ਆਪ ਦੇ ਸਨਮੁਖ ਰੱਖੇ ਹਨ। ਖੋਜ ਵਿਦਿਆਂਰਥੀਆਂ ਲਈ ਅੱਗੇ ਰੱਖੇ ਹਨ। ਅੰਤ ਵਿੱਚ ਕਿਸੇ ਸ਼ਾਇਰ ਦੇ ਸ਼ਬਦ ਦੁਹਰਾਉਣਾ ਚਾਹੁੰਦਾ ਹਾਂ:

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਤੇ ਬਣੀਆਂ ਸੰਸਥਾਂ ਨੂੰ ਬੇਨਤੀ।

ਸਾਡੀ ਕੌਮ ਦੇ ਸਿਰਫ ਇੱਕੋ-ਇੱਕ ਮਹਾਨ ਲੀਡਰ, ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆਂ, ਜਿਨ੍ਹਾਂ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਨੂੰ ਗੁਰੂ ਧਾਰਿਆ ਅਤੇ ਭਗਤ ਰਵਿਦਾਸ ਨੂੰ ਗੁਰੂ ਰਵਿਦਾਸ ਦੀ ਮਾਨਤਾ ਭਾਰਤੀ ਸਮਾਜ ਤੋਂ ਸੰਘਰਸ਼ ਕਰਕੇ ਪ੍ਰਾਪਤ ਕੀਤੀ। ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਨਾਮ ਤੇ ਬਣੀਆਂ ਸੰਸਥਾਂ ਅਤੇ ਹੋਰਨਾਂ ਸਮਾਜ ਭਲਾਈ ਸੰਸਥਾਵਾਂ ਨੂੰ ਬੇਨਤੀ ਹੈ ਕਿ ਹਰ ਸਾਲ ਬਾਬੂ ਜੀ ਦਾ ਜਨਮ ਦਿਨ ਅਤੇ ਬਰਸੀ ਮਨਾ ਕੇ ਸਾਡੇ ਸਮਾਜ ਦੇ ਇਸ ਚਾਨਣ ਮੁਨਾਰੇ ਦੀ ਮਿੱਠੀ ਯਾਦ ਨੂੰ ਤਾਜ਼ਾ ਰੱਖਣ।

"ਨਾਮ ਮੰਗੂ ਰਾਮ ਦਾ ਭੁੱਲਣਾ ਨਹੀਂ ਚਾਹੀਦਾ,
ਹੀਰਾ ਅਨਮੋਲ ਮਿੱਟੀ ਵਿੱਚ ਰੁਲਣਾ ਨਹੀ ਚਾਹੀਦਾ"

**- ਸੀ. ਐਲ ਚੁੰਬਰ**
**ਜਲੰਧਰ ਸ਼ਹਿਰ, ਪੰਜਾਬ**

**ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਸਪੁੱਤਰ ਚਤਰ ਸੈਨ ਦੁਆਰਾ ਦਸੰਬਰ 1985 ਵਿਚ 'ਕੌਮੀ ਉਡਾਰੀਆਂ' ਦੇ ਸੰਪਾਦਕ ਸ੍ਰੀ ਸੀ. ਐਲ. ਚੁੰਬਰ ਨੂੰ ਭੇਜਿਆ ਗਿਆ ਪੱਤਰ**

**ਚਤਰ ਸੈਨ ਸਪੁੱਤਰ ਬਾਬੂ ਮੰਗੂ ਰਾਮ ਮੁੱਗੋਵਾਲੀਆ**

ਗੜ੍ਹਸ਼ੰਕਰ (ਹੁਸ਼ਿਆਰਪੁਰ)- ਆਪ ਜੀ ਨੇ ਬਾਬੂ ਜੀ ਦੀ 99ਵੀਂ ਜਨਮ ਵਰ੍ਹੇਗੰਢ ਉਤੇ ਸੋਵੀਨਰ ਛਾਪ ਕੇ ਕਈ ਸਾਲਾਂ ਤੋਂ ਅਧੂਰਾ ਪਿਆ ਕੰਮ ਸਿਰੇ ਚਾੜ੍ਹ ਦਿੱਤਾ ਹੈ ਅਤੇ ਆਦਿ-ਧਰਮੀ ਕੌਮ ਉਤੇ ਇਕ ਬਹੁਤ ਵੱਡਾ ਅਹਿਸਾਨ ਕਰ ਦਿੱਤਾ ਹੈ।


You have done a very big task which was lying pending from many years.

ਤੁਹਾਡੇ ਇਸ ਕੰਮ ਦੀ ਜਿੰਨੀ ਸ਼ਲਾਘਾ ਕਰ ਲਈ ਜਾਵੇ ਉਨੀ ਹੀ ਥੋੜ੍ਹੀ ਹੈ। ਤੁਸੀਂ ਸਾਡੇ ਕੰਮ ਨੂੰ ਆਪਣਾ ਨਿੱਜੀ ਕੰਮ ਸਮਝ ਕੇ ਬੜੀ ਮਿਹਨਤ ਅਤੇ ਲਗਨ ਨਾਲ ਬਾਬੂ ਜੀ ਬਾਰੇ ਸੋਵੀਨਰ ਛਾਪ ਕੇ ਸਾਡੀ ਖਵਾਹਿਸ਼ ਪੂਰੀ ਕੀਤੀ ਹੈ, ਇਸ ਲਈ ਤੁਹਾਡਾ ਇਹ ਅਹਿਸਾਨ ਜ਼ਿੰਦਗੀ ਭਰ ਨਹੀਂ ਭੁੱਲ ਸਕਦੇ। ਅਸੀਂ ਆਪ ਜੀ ਦੇ ਅਤੀ ਧੰਨਵਾਦੀ ਹਾਂ। ਜਿੰਨਾ ਸਤਿਕਾਰ ਤੁਹਾਡੇ ਲਈ ਸਾਡੇ ਦਿਲ ਵਿਚ ਹੈ, ਉਹ ਚਿੱਠੀ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਤੁਸੀਂ ਸਾਡਾ ਹੀ ਨਹੀਂ ਬਲਕਿ ਸਾਰੀ ਕੌਮ ਦਾ ਸਿਰ ਉਚਾ ਕੀਤਾ ਹੈ ਅਤੇ ਮਨੂੰਵਾਦੀਆਂ ਦੇ ਮੂੰਹ ਉਤੇ ਕਰਾਰੀ ਚਪੇੜ ਮਾਰੀ ਹੈ।

ਹੁਣ ਬਾਬੂ ਜੀ ਦੀ 14 ਜਨਵਰੀ 1986 ਨੂੰ ਜਨਮ ਸ਼ਤਾਬਦੀ ਆ ਰਹੀ ਹੈ। ਅਸੀਂ ਇਹ ਸ਼ੁਭ ਦਿਹਾੜਾ ਗੜ੍ਹਸ਼ੰਕਰ ਵਿਖੇ ਬੜੀ ਧੂਮ ਧਾਮ ਨਾਲ ਮਨਾਉਣਾ ਚਾਹੁੰਦੇ ਹਾਂ। ਇਸ ਮੌਕੇ ਉਤੇ ਤੁਹਾਡਾ ਸਨਮਾਨ ਭੀ ਕੀਤਾ ਜਾਵੇਗਾ।

## ਮਾਂ-ਬੋਲੀਆਂ ਦੇ ਦਰਦ

# ਪੰਜਾਬੀ ਲਈ ਇਕ ਗੂੰਜ ਇੰਗਲੈਂਡ ਵਿਚ ਵੀ!



ਐੱਸ ਬਲਵੰਤ
s.balwantuk@yahoo.co.uk
(0044) 7450211512

ਯੂਨੈਸਕੋ ਵਲੋਂ ਕੀਤੇ ਗਏ ਇਕ ਫੈਸਲੇ ਅਨੁਸਾਰ ਹਰ ਸਾਲ ਇਕ ਦਿਹਾੜਾ "ਅੰਤਰ-ਰਾਸ਼ਟਰੀ-ਮਾਂ-ਬੋਲੀਆਂ" ਨੂੰ ਚੇਤੇ ਕਰਨ ਤੇ ਉਨ੍ਹਾ ਨੂੰ ਪ੍ਰਫੁੱਲਤ ਕਰਨ ਲਈ ਮਿਲਬੈਠਣ ਦਾ ਦਿਹਾੜਾ ਵੀ ਮਿਥਿਆ ਗਿਆ ਸੀ। ਪਰ ਇਸ ਸਾਲ ਇਕ ਅਚੰਭਾ ਹੀ ਹੋਇਆ ਕਿ ਜਿਵੇਂ ਸਾਰੇ ਪਾਸੇ ਇਕ ਉਮਾੜ ਹੀ ਉਤਰ ਆਇਆ ਹੋਵੇ। ਯੂਨੈਸਕੋ ਦੇ ਇਸੇ ਹੁਕਮ ਅਨੁਸਾਰ, ਇਥੇ ਅੱਜਕਲ ਮਾਂ-ਬੋਲੀਆਂ ਦਾ ਚਾਰੋਂ ਪਾਸੇ ਚਰਚਾ ਹੋ ਰਿਹਾ। ਸੈਮੀਨਾਰ ਹੋ ਰਹੇ ਹਨ। ਬਹੁਤ ਸਾਰੀਆਂ ਮਾਂ-ਬੋਲੀਆਂ ਨਾਲ ਹਮੇਸ਼ਾਂ ਤੋਂ ਮਤਰੇਈ ਮਾਂ ਵਾਲਾ ਸਲੂਕ ਹੋਣ ਕਰਕੇ ਉਨ੍ਹਾ ਦੀ ਹੋਂਦ ਬਾਰੇ ਵੀ ਖਦਸ਼ੇ ਦੱਸੇ ਜਾ ਰਹੇ ਹਨ। ਪੰਜਾਬੀ ਬੋਲੀ ਨੂੰ ਉਸ ਦੇ ਹਕੂਕ ਨਾ ਮਿਲਣ ਕਰਕੇ ਪੰਜਾਬੀ ਦੇ ਲੇਖਕਾਂ ਵਲੋਂ ਪੰਜਾਬ 'ਚ ਮੁਜ਼ਾਹਰੇ ਵੀ ਹੋ ਰਹੇ ਹਨ। ਗ੍ਰਿਫਤਾਰੀਆਂ ਵੀ ਦਿੱਤੀਆਂ ਜਾ ਰਹੀਆਂ ਹਨ। ਚੰਗਾ ਹੈ। ਬਹੁਤ ਚੰਗਾ ਹੈ। ਮਾਂ-ਬੋਲੀ ਹੀ ਮਨੁੱਖ ਦੀ ਅਸਲ ਆਤਮਾ ਹੁੰਦੀ ਹੈ। ਰੂਹ ਹੁੰਦੀ ਹੈ। ਇਹਦੀ ਵਰਤੋਂ ਹੀ ਹਰ ਪਾਸੇ ਤਰੱਕੀਆਂ ਪ੍ਰਦਾਨ ਕਰਾਉਂਦੀ ਹੈ। ਬਹੁਤ ਸਾਰੀਆਂ ਗੱਲਾਂ ਕਰਕੇ ਯੂਨੈਸਕੋ ਨੂੰ ਬਹੁਤ ਲੋਕ ਨਿੰਦਦੇ ਹਨ ਪਰ ਮਾਂ-ਬੋਲੀ ਨੂੰ ਚੇਤੇ ਕਰਨ ਲਈ ਇਹ ਪ੍ਰੇਰਨਾ ਇਕ ਬਹੁਤ ਹੀ ਮਹੱਤਵ-ਪੂਰਣ ਕਦਮ ਕਿਹਾ ਜਾ ਸਕਦਾ ਹੈ। ਤੇ ਇਸ ਗੱਲੇ ਤਾਂ ਯੂਨੈਸਕੋ ਦਾ ਧੰਨਵਾਦ ਵੀ ਕਰਨਾ ਚਾਹੀਦਾ ਕਿਉਂਕਿ ਮਾਂ-ਬੋਲੀ ਹੀ ਸਭਿਆਚਾਰ ਦਾ ਸਭ ਤੋਂ ਵੱਡਾ ਅੰਗ ਹੁੰਦਾ ਤੇ ਜਦੋਂ ਅਸੀਂ ਨਿੱਠ ਕੇ ਇਸ ਅਹਿਸਾਸ ਨੂੰ ਫਰੋਲਦੇ ਹਾਂ ਤਾਂ ਸਾਡੇ ਸਾਹਮਣੇ ਸਭਿਆਚਾਰ 'ਚੋਂ ਮਾਂ-ਬੋਲੀ ਨਾਲ ਸੰਬੰਧਤ ਹੋਰ ਵੀ ਬਹੁਤ ਸਾਰੀਆਂ ਪਰਤਾਂ ਖੁੱਲ੍ਹਦੀਆਂ ਹਨ। ਮਾਂ-ਬੋਲੀ ਦੇ ਜਨਮ ਤੋਂ ਲੈ ਕੇ ਉਸ ਦੀ ਪ੍ਰਵਰਿਸ਼ ਬਾਰੇ ਸਮੇਂ ਸਮੇਂ ਪੇਸ਼ ਆਈਆਂ ਔਕੜਾਂ ਦਾ ਪਤਾ ਵੀ ਲਗਦਾ ਹੈ। ਆਪਣੀ ਮਾਂ-ਬੋਲੀ ਪ੍ਰਤੀ ਜਾਗਰੁਕਤਾ ਪੈਦਾ ਹੁੰਦੀ ਹੈ। ਵਰਨਾ ਸਾਡੀਆਂ ਸੂਬਾਈ ਤੇ ਕੇਂਦਰੀ ਸਰਕਾਰਾਂ ਤਾਂ ਸਭਿਆਚਾਰਕ ਪੱਖੋਂ ਸਦਾ ਹੀ ਘੋੜੇ ਵੇਚ ਕੇ ਸੌਣ ਵਾਂਗ ਖਰਪੱਟੀ ਤਾਣ ਕੇ ਪਈਆਂ ਰਹਿੰਦੀਆਂ ਹਨ।

ਮਾਂ-ਬੋਲੀ ਦਾ ਮਹੱਤਵ ਸਮਝਣ ਲਈ ਜਦ ਅਸੀਂ ਇਸ ਦੀਆਂ ਅੰਦਰਲੀਆਂ ਤੇ ਬਾਹਲੀਆ ਪਰਤਾਂ 'ਤੇ ਝਾਤ ਹੀ ਮਾਰਦੇ ਹਾਂ ਤਾਂ ਇਸ ਨਾਲ ਸੰਬੰਧਤ ਹੋਰ ਵੀ ਬਹੁਤ ਸਾਰੇ ਪਹਿਲੂ ਸਾਡੇ ਸਾਹਮਣੇ ਉੱਘੜਦੇ ਹਨ। ਇਹ ਵੀ ਮੰਨਿਆਂ ਗਿਆ ਹੈ ਕਿ ਕਿਸੇ ਵੀ ਲੇਖਕ ਲਈ ਕਿਸੇ ਵੀ ਦੂਸਰੀ ਭਾਸ਼ਾ ਵਿਚ ਲਿਖਣ ਨਾਲੋਂ ਆਪਣੀ ਮਾਂ-ਬੋਲੀ ਵਿਚ ਲਿਖਣਾ ਵਧੇਰੇ ਪ੍ਰਵਾਨ ਹੂੰਦਾ ਹੈ ਤੇ ਮਾਂ-ਬੋਲੀ ਵਿਚ ਹੀ ਲਿਖੀ ਗਈ ਰਚਨਾ ਹਮੇਸ਼ ਪਾਠਕਾਂ ਵਲੋਂ ਵਧੇਰੇ ਮਕਬੂਲ ਕੀਤੀ ਗਈ ਹੈ। ਇਹ ਵੀ ਇਤਿਹਾਸਿਕ ਸੱਚ ਹੈ ਕਿ ਜਦ ਮਸ਼ਹੂਰ ਸ਼ਾਇਰ ਇਕਬਾਲ ਨੇ ਠਾਕੁਰ ਰਾਬਿੰਦਰ ਨਾਥ ਟੈਗੋਰ ਨੂੰ ਸੁਆਲ ਕੀਤਾ ਕਿ "ਮੈਂ ਵੀ ਤੇਰੇ ਤੋਂ ਛੋਟਾ ਸ਼ਾਇਰ ਨਹੀਂ, ਪਰ ਨੋਬਲ-ਪ੍ਰਾਈਜ਼ ਤੈਨੂੰ ਹੀ ਮਿਲਿਆ, ਮੈਨੂੰ ਕਿਓਂ ਨਹੀਂ?" ਤਾਂ ਠਹਾਕੁਰ ਟੈਗੋਰ ਦਾ ਜਵਾਬ ਸੀ ਕਿ "ਕਿਉਂਕਿ ਮੈ ਮਾਂ-ਬੋਲੀ ਵਿਚ ਲਿਖਦਾ ਹਾਂ।" ਇਸੇ ਤਰ੍ਹਾਂ ਟੈਗੋਰ ਨੇ ਬਲਵੰਤ ਗਾਰਗੀ ਤੇ ਦੇਵਿੰਦਰ ਸਤਿਆਰਥੀ ਨੂੰ ਵੀ ਇਹੋ ਸੀਖ ਦਿੱਤੀ ਸੀ ਕਿ "ਜੇ ਮਾਂ ਬੋਲੀ ਵਿਚ ਲਿਖੋਗੇ ਤਾਂ ਨਾਮਣਾ ਖੱਟੋਗੇ।" ਸੋ ਇਹ ਦੋਵੇਂ ਨਾਂਅ ਵੀ ਅੱਜ ਭਰਪੂਰ ਤਰ੍ਹਾਂ ਮਕਬੂਲ ਹਨ ਸਾਹਿਤ ਦੀਆਂ ਵਿਧਾਵਾਂ ਵਿਚ ਕਿਉਂਕਿ ਇਨ੍ਹਾਂ ਦੋਹਾਂ ਟੈਗੋਰ ਦੀ ਗੱਲ ਮੰਨ ਕੇ ਹਮੇਸ਼ਾਂ ਮਾਂ-ਬੋਲੀ ਪੰਜਾਬੀ ਵਿਚ ਹੀ ਲਿਖਣ ਨੂੰ ਵਧੇਰੇ ਤਰਜੀਹ ਦਿੱਤੀ ਤੇ ਲਿਖਿਆ ਵੀ।

ਮੈਂ ਖੁਦ ਜਦ ਆਪਣੀ ਜ਼ਿੰਦਗੀ 'ਚ ਆਪਣੇ-ਆਪ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਕਰਨ ਦੀ ਕੋਸ਼ਿਸ਼ ਵਿਚ ਸਾਂ ਤਾਂ ਇਹ ਮੇਰੀ ਮਾਂ-ਬੋਲੀ ਪੰਜਾਬੀ ਹੀ ਸੀ ਜਿਸ ਨੇ ਮੈਨੂੰ ਅੱਗੇ ਤੁਰਨ ਦੀ ਰਾਹ ਦਿੱਤੀ। ਉਦੋਂ ਭਾਵੇਂ ਇੰਨੀ ਸਮਝ ਨਹੀਂ ਸੀ, ਪਰ ਅੱਜ ਮਾਣ ਨਾਲ ਕਹਿ ਸਕਦਾਂ ਕਿ ਜੇ ਮੈਨੂੰ ਪੰਜਾਬੀ ਭਾਸ਼ਾ ਨਾ ਆਉਂਦੀ ਹੁੰਦੀ ਤਾਂ ਪਤਾ ਨਹੀਂ ਮੈਂ ਕਿੱਥੇ ਹੋਣਾ ਸੀ। ਹੋਇਆ ਇਸ ਤਰ੍ਹਾਂ ਕਿ ਜਦੋਂ ਮੈਂ 1960-61 ਦੇ ਨੇੜੇ ਤੇੜੇ ਦਿੱਲੀ ਚਲਾ ਗਿਆ ਤਾਂ ਉਦੋਂ ਉੱਥੇ ਨਾ ਤਾਂ ਪੰਜਾਬੀ ਦਾ ਕੋਈ ਪਰੂਫ ਰੀਡਰ ਹੀ ਮਿਲਦਾ ਸੀ ਤੇ ਨਾ ਹੀ ਕੋਈ ਅਨੁਵਾਦਕ। ਇਸੇ ਲਈ ਮੈਨੂੰ ਪੰਜਾਬੀ ਦੇ ਅਖਬਾਰ "ਖਾਲਸਾ ਸੇਵਕ" ਵਿਚ ਫਟਾ ਫੱਟ ਨੌਕਰੀ ਵੀ ਮਿਲ ਗਈ। ਫਿਰ ਪ੍ਰਾਈਵੇਟ ਪਰੂਫ ਰੀਡਿੰਗ ਦਾ ਕੰਮ ਵੀ ਮਿਲਣ ਲੱਗਾ। ਤੇ ਮੇਰੇ ਲਈ ਸੰਗਮਰਮਰ ਦੀ ਨੀਂਹ ਤਿਆਰ ਕੀਤੀ ਮੇਰੀ ਅਨੁਵਾਦ ਕੀਤੀ ਕਿਤਾਬ ਨੇ, ਜਿਸ ਦਾ ਨਾਂਅ ਸੀ "ਹਿਸਟਰੀ ਆਫ ਇੰਡੀਆ"। ਇਹ ਕਿਤਾਬ ਮੈਟ੍ਰਿਕ ਦੇ ਵਿਦਿਆਰਥੀਆਂ ਲਈ ਜ਼ਰੂਰੀ ਟੈਕਸਟ-ਬੁਕ ਸੀ ਤੇ ਲੱਖਾਂ ਕਾਪੀਆਂ ਹਰ ਸਾਲ ਵਿਕਦੀਆਂ ਸਨ। ਸੋ ਇਸ ਬਾਅਦ "ਮੇਰੀ ਦੁਕਾਨ ਚੱਲ ਪਈ" ਵਾਲੀ ਗੱਲ ਹੀ ਹੋਈ। ਕੰਮ ਤੇ ਨੌਕਰੀਆਂ ਦੇ ਢੇਰ ਲੱਗ ਗਏ। ਜਦੋਂ ਮੈਂ ਪ੍ਰਕਾਸ਼ਨ ਦਾ ਕੰਮ ਸ਼ੁਰੂ ਕੀਤਾ ਤਾਂ ਉਸ ਲਈ ਅੰਗ੍ਰੇਜ਼ੀ ਬੋਲੀ ਦੀ ਚੋਣ ਮੇਰੀ ਮਜਬੂਰੀ ਸੀ। ਪਰ ਇਸ ਦੌਰਾਨ ਮੈਂ ਭਾਵੇਂ ਲਿਖਦਾ ਮੈਂ ਅੰਗ੍ਰੇਜ਼ੀ ਵਿਚ ਵੀ ਸਾਂ, ਪਰ ਪ੍ਰਭਾਵ ਹਮੇਸ਼ਾਂ ਪੰਜਾਬੀ ਦਾ ਹੀ ਰਿਹਾ। "ਪੰਜਾਬੀ ਟ੍ਰਿਬਿਊਨ" ਵਿਚ "ਦਿੱਲੀ ਡਾਇਰੀ", ਹੋਰ ਮੈਗਜੀਨਾਂ ਵਿਚ "ਤੀਸਰੀ ਅੱਖ" ਤੇ ਕੈਨੇਡਾ ਦੇ ਹਫਤਾਵਾਰੀ ਮੈਗਜ਼ੀਨ "ਪੰਜ ਪਾਣੀ" ਵਿਚ "ਭਾਰਤ ਤੋਂ ਖਤ"। ਹੋਰ ਵੀ ਕਈ ਨਾਂਅ ਸਨ, ਜੋ ਪੰਜਾਬੀ ਦੇ ਅਖਬਾਰਾਂ ਮੈਗਜ਼ੀਨਾਂ ਵਿਚ ਛਪਦੇ ਰਹੇ। ਫਿਰ ਹਿੰਦੀ ਦੇ "ਦੈਨਿਕ ਭਾਸਕਰ" ਵਿਚ "ਅੰਤਰ-ਰਾਸ਼ਟਰ ਸੈਰ-ਸਪਾਟੇ" ਬਾਰੇ ਵੀ ਲਗਾਤਾਰ ਕਈ ਸਾਲ ਲਿਖਦਾ ਰਿਹਾ। ਕੁੱਲ ਮਿਲਾ ਕੇ ਮੇਰੇ ਇਹ ਕਾਲਮ ਸਾਲੋ-ਸਾਲ ਚਲਦੇ ਰਹੇ। ਮੈਂ ਮਾਂ-ਬੋਲੀ 'ਚ ਲਿਖਦਾ ਹੋਣ ਕਰਕੇ ਮੈਂ ਬਾਕੀ ਕਿਤਾਬਾਂ ਵੀ ਪੰਜਾਬੀ ਭਾਸ਼ਾ ਜਾਂ ਪੰਜਾਬੀ ਸਭਿਆਚਾਰ ਬਾਰੇ ਹੀ ਲਿਖੀਆਂ ਜਾਂ ਸੰਪਾਦ ਕੀਤੀਆਂ, ਜਿਨ੍ਹਾਂ ਵਿਚੋਂ ਕੁਝ ਕਿਤਾਬਾਂ ਬਹੁਤ ਅਹਿਮ ਵੀ ਸਨ, ਜਿਵੇਂ "ਐਨ ਇਨਸਾਈਕਲੋਪੀਡੀਆ ਆਫ ਪੰਜਾਬੀ ਕਲਚਰ", "ਇੰਗਲਿਸ਼-ਪੰਜਾਬੀ (ਰੋਮਨ ਸਕਰਿਪਟ)-ਗੁਰਮੁਖੀ-ਡਿਕਸ਼ਨਰੀ" ਜਾਂ "ਲਵ-ਡਾਇਲਾਗ: ਸੀਲੈਕਸ਼ਨਸ ਫਰੌਮ ਹੀਰ ਵਾਰਿਸ: ਓਰਿਜਨਲ ਪੰਜਾਬੀ, ਦੇਵਾਨਾਗਰੀ ਐਂਡ ਰੋਮਨ ਸਕਰਪਿਟ"। "ਮੇਰੀਆਂ ਅਣਭੁੱਲ ਯਾਦਾਂ" ਵਰਗੀਆਂ ਤੇ ਹੋਰ ਅਨੁਵਾਦ ਵੀ ਦੂਸਰੀਆਂ ਭਾਸ਼ਾਵਾਂ ਅਤੇ ਅੰਗ੍ਰੇਜ਼ੀ ਵਿਚੋਂ ਪੰਜਾਬੀ ਵਿਚ ਹੀ ਕੀਤੇ। ਕਹਾਣੀਆਂ ਤੇ ਕਵਿਤਾਵਾਂ ਵੀ ਪੰਜਾਬੀ ਵਿਚ ਹੀ ਲਿਖੀਆਂ।












ਮੇਰੇ ਲਈ ਇਹ ਪਹਿਲੀ ਵਾਰੀ ਸੀ ਜਦ ਇੰਗਲੈਂਡ ਵਿਚ ਮਾਂ-ਬੋਲੀ ਪੰਜਾਬੀ ਦੀ ਪ੍ਰਫੁੱਲਤਾ ਬਾਰੇ ਇੰਨਾਂ ਉਤਸਾਹ ਦੇਖਣ ਨੂੰ ਮਿਲਿਆ। ਥਾਂ-ਥਾਂ ਸੈਮੀਨਾਰ ਹੋਏ। ਗੋਸ਼ਟੀਆਂ ਹੋਈਆਂ। ਟੈਲੀਵੀਜ਼ਨਾਂ ਨੇ ਵੀ ਪੰਜਾਬੀ ਬੋਲੀ ਬਾਰੇ ਪ੍ਰੋਗਰਾਮ ਪ੍ਰਸਾਰਿਤ ਕਰਕੇ ਆਪੋ-ਆਪਣਾ ਯੋਗਦਾਨ ਪਾਇਆ।

ਇਥੇ ਹੀ ਇਕ ਹੋਰ ਗੱਲ ਦਾ ਜ਼ਿਕਰ ਕਰਨਾ ਬਣਦਾ ਹੈ ਤੇ ਉਹ ਇਹ ਹੈ ਕਿ ਪਿਛਲੇ ਦਿਨੀ ਜਦੋਂ ਬੀਬੀਸੀ ਨੇ ਭਾਰਤ ਤੇ ਏਸ਼ੀਆ ਦੀਆਂ ਖਬਰਾਂ ਦੇ ਪ੍ਰਸਾਰਣ ਲਈ, ਆਪਣੀ ਇਕ ਵੈੱਬ-ਸਾਈਟ ਤਿਆਰ ਕਰਨ ਦਾ ਹੀਆ ਕੀਤਾ ਤਾਂ ਉਸ ਵਿਚ ਐਸੀਆਂ-ਐਸੀਆਂ ਭਾਸ਼ਾਵਾਂ ਵੀ ਸ਼ਾਮਲ ਕੀਤੀਆਂ ਜਿਹੜੀਆਂ ਬਹੁਤ ਘੱਟ ਬੋਲੀਆਂ ਜਾਂਦੀਆਂ ਹਨ। ਪਰ ਹੈਰਾਨੀ ਦੀ ਗੱਲ ਇਹ ਹੋਈ ਕਿ ਉਸ ਵਿਚ ਪੰਜਾਬੀ ਭਾਸ਼ਾ ਸ਼ਾਮਿਲ ਨਹੀਂ ਸੀ। ਜਦੋਂ ਇੰਗਲੈਂਡ 'ਚ ਪੰਜਾਬੀ ਭਾਸ਼ਾ ਦੇ ਮੁੱਦੇ 'ਤੇ ਸਰਗਰਮ ਵਰਕਰਾਂ ਤੇ ਆਗੂਆਂ ਨੇ ਅਧਿਕਾਰੀਆਂ ਕੋਲ ਇਸ ਵੈੱਬ-ਸਾਈਟ 'ਚ ਪੰਜਾਬੀ ਭਾਸ਼ਾ ਨੂੰ ਸ਼ਾਮਿਲ ਕਰਨ ਦੀ ਗੁਜ਼ਾਰਿਸ਼ ਕੀਤੀ ਤਾਂ ਬ਼ੀਬ਼ੀਸ਼ੀ ਦੇ ਅਧਿਕਾਰੀਆ ਵਲੋਂ ਅਸਮਰਥਤਾ ਜਤਾਉਣ 'ਤੇ ਇਹ ਡੈਲੀਗੇਸ਼ਨ ਹੈਰਾਨ ਰਹਿ ਗਿਆ ਕਿਊਂਕਿ ਬੀਬੀਸੀ ਵਾਲਿਆਂ ਇਹ ਜਵਾਬ ਦਿੱਤਾ ਕਿ ਉਨ੍ਹਾਂ ਦੀ ਇਤਲਾਹ ਮੁਤਾਬਕ ਪੰਜਾਬੀ ਬੋਲਣ ਵਾਲਿਆ ਦੀ ਇਹ ਮੰਗ ਹੈ ਹੀ ਨਹੀਂ। ਪਰ ਉਨ੍ਹਾਂ ਨਾਲ ਹੀ ਇਹ ਵਿਸ਼ਵਾਸ਼ ਜ਼ਰੂਰ ਦਿੱਤਾ ਕਿ ਜੇ ਪੰਜਾਬੀ ਪੰਜਾਬੀਆਂ ਦੀ ਇਸ ਮੰਗ ਨੂੰ ਹਾਂ-ਪੱਖੀ ਹੁੰਗਾਰਾ ਹੈ ਤਾਂ ਇਹ ਡੈਲੀਗੇਸ਼ਨ ਬ਼ੀਬ਼ੀਸ਼ੀ ਨੂੰ ਇਕ ਲੱਖ ਪੰਜਾਬੀਆਂ ਦੇ ਦਸਤਖਤ ਕਰਵਾ ਕੇ ਦੇਵੇ ਤਾਂ ਉਹ ਇਸ ਵਿਚ ਪੰਜਾਬੀ ਬੋਲੀ ਨੂੰ ਸ਼ਾਮਿਲ ਕਰ ਦੇਣਗੇ। ਇਸ ਮੁੱਦੇ ਨੂੰ ਇਕ ਵੰਗਾਰ ਸਮਜ ਇਸ ਮੁਹਿਮ ਵਿਚ ਜੁਟੇ ਸੁਰਿੰਦਰਪਾਲ ਸਿੰਘ ਤੇ ਬਲਦੇਵ ਸਿੰਘ ਕੰਦੋਲਾ ਦੇ ਸੱਦੇ 'ਤੇ ਬਹੁਤ ਸਾਰੇ ਹੋਰ ਪੰਜਾਬੀ ਲੇਖਕ, ਬੁੱਧੀਜੀਵੀ ਤੇ ਲੋਕਲ ਪੰਜਾਬੀ ਨੇਤਾ ਵੀ ਇਸ ਮੁਹਿੰਮ ਵਿਚ ਜੁੜ ਗਏ। ਪਰ ਮਹੀਨਿਆਂ ਦੀ ਅੱਤ ਮਿਹਨਤ, ਜ਼ਾਤੀ ਪਹੁੰਚ, ਗੁਰਦੁਆਰਿਆਂ ਨੂੰ ਬੇਨਤੀਆਂ, ਸਾਹਿਤ ਸੰਥਾਵਾਂ ਨਾਲ ਜੁੜੇ ਲੋਕਾਂ ਨੂੰ ਬੇਨਤੀਆਂ, ਸਿਰਕੱਢ ਲੇਖਕਾਂ (ਜਿਨ੍ਹਾਂ ਵਿਚ ਸਾਥੀ ਲੁਧਿਅਣਵੀ, ਡਾ ਮੁਹਿੰਦਰ ਗਿੱਲ, ਮਨਮੋਹਣ ਮਹੇੜੂ ਵਰਗੇ ਹੋਰ ਵੀ ਕਈ ਲੋਕ) ਨੂੰ ਸ਼ਾਮਿਲ ਕਰ ਕੇ ਵੀ ਇਸ ਪਾਸੇ ਹੰਭਲਾ ਮਾਰਿਆ, ਪਰ ਸਾਰੀ ਟੀਮ ਨੂੰ ਇਕੱਠਿਆਂ ਹੋਕੇ ਇਸ ਮਹਿੰਮ ਵਿਚੋਂ ਕੁਲ ਤੀਹ ਹਜ਼ਾਰ ਦਸਤਖਤ ਕਰਾਉਣ ਵਿਚ ਹੀ ਕਾਮਯਾਬੀ ਮਿਲੀ ਹੈ ਤੇ ਹਾਲੇ ਸੱਤਰ ਹਜ਼ਾਰ ਹੋਰ ਕਰਾਉਣੇ ਬਾਕੀ ਹਨ। ਪਰ ਇਹ ਟੀਮ ਹਿੰਮਤ ਨਹੀਂ ਹਾਰ ਰਹੀ ਤੇ ਇਨ੍ਹਾ ਦਾ ਧੱਈਆ ਹੈ ਕਿ ਇਹ ਟੀਚਾ ਹਰ ਹੀਲੇ ਪੂਰਾ ਕਰਨਾ ਹੈ ਤੇ ਪੰਜਾਬੀ ਨੂੰ ਬੀਬੀਸੀ ਦੀ ਵੈੱਬ-ਸਾਈਟ 'ਤੇ ਲਾਗੂ ਕਰਵਾ ਕੇ ਹੀ ਰਹਿਣਾ । ਜੇ ਉਪਰਾਲਾ ਕਾਮਯਾਬ ਹੋਇਆ ਤਾਂ ਮੇਰਾ ਵਿਸ਼ਵਾਸ ਹੈ ਕਿ ਇਸ ਨਾਲ ਇੰਗਲੈਂਡ ਵਿਚ ਹੀ ਨਹੀਂ ਹੋਰ ਦੇਸ਼ਾਂ ਵਿਚ ਵੀ ਪੰਜਾਬੀ ਭਾਸ਼ਾ ਦੀ ਤਰੱਕੀ ਲਈ ਕਈ ਹੋਰ ਬੂਹੇ ਖੁੱਲ੍ਹ ਜਾਣਗੇ ਤੇ ਨਾਲੇ ਇਥੋਂ ਦੀ ਸਰਕਾਰ ਦੇ ਇਹ ਖਦਸ਼ੇ ਵੀ ਮੁੱਕ ਜਾਣਗੇ ਕਿ ਪ਼ੰਜਾਬੀਆਂ ਨੂੰ ਭਾਸ਼ਾ ਦੇ ਮਸਲੇ 'ਤੇ ਕਿਸੇ ਪੱਖੋਂ ਵੀ ਇਗਨੋਰ ਨਹੀਂ ਕੀਤਾ ਜਾ ਸਕਦਾ। ਇਸ ਨਾਲ ਕੁਝ ਨਵੀਆਂ ਨੌਕਰੀਆਂ ਵੀ ਕਰੀਏਟ ਹੋਣਗੀਆਂ ਤੇ ਪੰਜਾਬੀ ਘਰਾਂ ਵਿਚ ਖਬਰਾਂ ਤੇ ਹੋਰ ਸਾਮੱਗਰੀ ਪੰਜਾਬੀ ਵਿਚ ਸੁਣਨKਪੜ੍ਹਨ ਦੇ ਮੌਕੇ ਮਿਲਣਗੇ।

**ਮਾਂ-ਬੋਲੀ ਦਾ ਮਹੱਤਵ ਸਮਝਣ ਲਈ ਜਦ ਅਸੀਂ ਇਸ ਦੀਆਂ ਅੰਦਰਲੀਆਂ ਤੇ ਬਾਹਲੀਆ ਪਰਤਾਂ 'ਤੇ ਝਾਤ ਹੀ ਮਾਰਦੇ ਹਾਂ ਤਾਂ ਇਸ ਨਾਲ ਸੰਬੰਧਤ ਹੋਰ ਵੀ ਬਹੁਤ ਸਾਰੇ ਪਹਿਲੂ ਸਾਡੇ ਸਾਹਮਣੇ ਉੱਘੜਦੇ ਹਨ। ਇਹ ਵੀ ਮੰਨਿਆਂ ਗਿਆ ਹੈ ਕਿ ਕਿਸੇ ਵੀ ਲੇਖਕ ਲਈ ਕਿਸੇ ਵੀ ਦੂਸਰੀ ਭਾਸ਼ਾ ਵਿਚ ਲਿਖਣ ਨਾਲੋਂ ਆਪਣੀ ਮਾਂ-ਬੋਲੀ ਵਿਚ ਲਿਖਣਾ ਵਧੇਰੇ ਪ੍ਰਵਾਨ ਹੂੰਦਾ ਹੈ ਤੇ ਮਾਂ-ਬੋਲੀ ਵਿਚ ਹੀ ਲਿਖੀ ਗਈ ਰਚਨਾ ਹਮੇਸ਼ ਪਾਠਕਾਂ ਵਲੋਂ ਵਧੇਰੇ ਮਕਬੂਲ ਕੀਤੀ ਗਈ ਹੈ। ਇਹ ਵੀ ਇਤਿਹਾਸਿਕ ਸੱਚ ਹੈ ਕਿ ਜਦ ਮਸ਼ਹੂਰ ਸ਼ਾਇਰ ਇਕਬਾਲ ਨੇ ਠਾਕੁਰ ਰਾਬਿੰਦਰ ਨਾਥ ਟੈਗੋਰ ਨੂੰ ਸੁਆਲ ਕੀਤਾ ਕਿ "ਮੈਂ ਵੀ ਤੇਰੇ ਤੋਂ ਛੋਟਾ ਸ਼ਾਇਰ ਨਹੀਂ, ਪਰ ਨੋਬਲ-ਪ੍ਰਾਈਜ਼ ਤੈਨੂੰ ਹੀ ਮਿਲਿਆ, ਮੈਨੂੰ ਕਿਓਂ ਨਹੀਂ?"**

ਇਸੇ ਸਿਲਸਿਲੇ ਤੇ ਪੰਜਾਬੀ ਭਾਸ਼ਾ ਦੀ ਹੋਂਦ ਤੇ ਤਰੱਕੀ ਲਈ ਇਸ ਸਾਲ ਇਥੇ ਪਹਿਲੀ ਵਾਰ ਮਾਂ-ਬੋਲੀਆਂ ਨੂੰ ਲੈ ਕੇ ਕਈ ਸੈਮੀਨਾਰ ਤੇ ਗੋਸ਼ਟੀਆਂ ਵੀ ਕੀਤੀਆਂ ਗਈਆਂ। ਔਰ ਖੁਸ਼ੀ ਦੀ ਗੱਲ ਇਹ ਵੀ ਹੈ ਕਿ ਪੰਜਾਬ ਦੇ ਪੰਜਾਬੀਆਂ ਹੀ ਨਹੀਂ ਸਗੋਂ ਪਾਕਿਸਤਾਨੀ ਪੰਜਾਬੀਆਂ ਨੇ ਵੀ ਮਾਂ-ਬੋਲੀ ਪੰਜਾਬੀ ਦੇ ਮਸਲੇ ਨੂੰ ਲੇ ਕੇ ਕਈ ਸੈਮੀਨਾਰ ਤੇ ਗੋਸ਼ਟੀਆਂ ਵੀ ਕੀਤੀਆਂ। 18 ਫਰਵਰੀ ਨੂੰ "ਪੰਜਾਬ ਲੋਕ-ਲਹਿਰ ਯੂ ਕੇ ਸ਼ਾਖਾ", ਵਲੋਂ ਸਟੋਕ-ਓਨ-ਟਰੈਂਟ ਵਿਖੇ ਵਕਾਸ ਬੱਟ ਦੀ ਲੀਡਰਸ਼ਿਪ ਵਿਚ "ਅੰਤਰਰਾਸ਼ਟਰੀ ਮਾਂ ਬੋਲੀ ਦਿਹਾੜਾ" ਮਨਾਇਆ ਗਿਆ। ਕਰੀਬ ਚੋਣਵੇਂ ਸੌ ਬੰਦਿਆਂ ਦੇ ਇਸ ਇਕੱਠ ਵਿਚ ਬਹੁਤ ਸਾਰੇ ਵਿਦਵਾਨਾਂ, ਸਾਹਿਤਕਾਰਾਂ, ਆਵਾਜ਼ ਦੇ ਜਾਦੂਗਰਾਂ ਵਲੋਂ ਪੇਸ਼ ਕੀਤੀਆਂ ਪਰੈਜ਼ੈਂਟੇਸ਼ਨਜ਼ ਦਾ ਸਭ ਲੋਕਾਂ ਇਕ-ਮੁਘਧ ਹੋ ਕੇ ਲੁੱਤਫ ਹੀ ਨਹੀਂ ਉਠਾਇਆ ਸਗੋਂ ਮਾਂ-ਬੋਲੀ ਪੰਜਾਬੀ ਦੀ ਵਿਦਿਆ ਅਤੇ ਹੋਰ ਫੈਲਾਅ ਲਈ ਅੱਗੋਂ ਪੁੱਟੇ ਜਾਣ ਵਾਲੇ ਕਦਮਾਂ ਦੀ ਨਿਸ਼ਾਨਦੇਹੀ ਕਰਨ ਵਿਚ ਵੀ ਰਾਹ ਮਿਲਿਆ। ਇਸ ਅਤੇ ਹੋਰ ਸਮਾਗਮਾਂ ਵਿਚ ਸਭ ਤੋਂ ਅਹਿਮ ਗੱਲ ਸੀ ਕਿ ਭਾਰਤ ਅਤੇ ਪਾਕਿਸਤਾਨ ਵਿਚ ਤਾਂ ਹੈ ਹੀ ਪਰ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਬੱਚਿਆਂ ਨੂੰ ਉਨ੍ਹਾਂ ਦੀ ਮਾਂ-ਬੋਲੀ ਪੜ੍ਹਾਉਣ ਵਿਚ ਪੇਸ਼ ਆ ਰਹੀਆਂ ਔਕੜਾਂ ਤੇ ਵਿਚਾਰ ਕਰ ਉਨ੍ਹਾਂ ਨੂੰ ਦੂਰ ਕਰਨ ਦੇ ਲਈ ਰਾਹਾਂ ਦੱਸੀਆਂ ਗਈਆਂ।

ਇਸੇ ਸਮਾਗਮ ਵਿਚ ਬਰਮਿੰਘਮ ਤੋਂ ਵੀਰਿੰਦਰ ਕਾਲਰਾ,(ਵਾਰੇਕ ਯੂਨੀਵਰਸਿਟੀ), ਮੈਨਚੈਸਟਰ ਤੋਂ ਸ਼ੱਮਸ ਰਹਿਮਾਨ, ਨਗਮਾਨਾ ਕੰਵਲ, ਆਸਿਫ ਹਾਸ਼ਮੀ, ਟੈਮਵਰਥ ਤੋਂ ਮੈਂ, ਲੰਡਨ ਤੋਂ ਨਵਾਜ਼ ਵੱਟੋ, ਸਮੀਨਾ ਯਾਸਮੀਨ, ਮਲਿਕ ਵਾਸੀਨ ਅੱਬਾਸ (ਸਕੋਟਲੈਂਡ) ਨੇ ਆਪੋ-ਆਪਣੇ ਵਿਚਾਰਾਂ ਜਾਂ ਲਿਖਤਾਂ ਰਾਹੀਂ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਕਈ ਪੱਖਾਂ ਨੂੰ ਬਹੁਤ ਬਾਰੀਕੀ ਨਾਲ ਉਭਾਰਿਆ। ਇਸੇ ਸਿਲਸਿਲੇ ਵਿਚ ਸੇਮੇਰੇ ਕਿਬਰੀਬ (ਤਿਗਰੀਨੀਆ ਭਾਸ਼ਾ), ਹਾਸ਼ਿਮ ਫਰਾਜ (ਕੁਦਰਿਸ਼), ਨੇ ਜ਼ਮੀਨੀ ਹਕੀਕਤਾਂ ਦਰਜ ਕਰਦਿਆਂ ਇਹ ਦੱਸਿਆ ਕਿ ਕਿਵੇਂ ਕਿਸੇ ਜ਼ਬਾਨ ਨੂੰ ਦਬਾਇਆ ਜਾਂ ਖਤਮ ਕੀਤਾ ਜਾ ਸਕਦਾ ਹੈ ਤੇ ਉਨ੍ਹਾ ਦੀਆਂ ਬੋਲੀਆਂ ਨੂੰ ਦਬਾਉਣ ਤੇ ਜ਼ਿੰਦਾ ਰੱਖਣ ਲਈ ਉਥੋਂ ਦੇ ਲੋਕਾਂ ਵਲੋਂ ਕੀ-ਕੀ ਉਪਰਾਲੇ ਕੀਤੇ ਗਏ।

ਪਰ ਸਭ ਤੋਂ ਜ਼ਿਆਦਾ ਕੀਲਿਆ ਆਸਫੋਰਡ ਤੋਂ ਆਈ ਨੁਜ਼ਹਤ ਅੱਬਾਸ ਨੇ। ਨੁਜ਼ਹਤ ਇਕ ਬਹੁਤ ਹੀ ਲਗਨ ਤੇ ਮਿਹਨਤ ਨਾਲ ਕੰਮ ਕਰਨ ਵਾਲੀ ਸਮਾਜਕ ਕਾਮੀ ਹੈ ਤੇ ਅੱਜਕਲ੍ਹ ਉਨ੍ਹਾਂ ਦਾ ਆਕਸਫੋਰਡ ਵਿਚ ਬੱਚਿਆਂ ਵਿਚ ਮਾਨਸਿਕ ਬੁਲੰਦੀ ਪੈਦਾ ਕਰਨ ਵਿਚ ਰੁਝਾਨ ਹੈ। ਉਨ੍ਹਾਂ ਇਹੋ ਜਿਹੇ ਬੱਚਿਆਂ ਲਈ ਖੁਦ ਤਿਆਰ ਕੀਤੀਆਂ ਕਹਾਣੀਆਂ ਵੀ ਸੁਣਾਈਆਂ ਤੇ ਆਪਣੇ ਕੰਮ ਕਰਨ ਦੇ ਤਰੀਕੇ 'ਤੇ ਵੀ ਚਾਨਣਾ ਪਾਇਆ। ਭਾਸ਼ਾ ਨੂੰ ਬੋਲਣ ਸਮੇਂ ਕਿਹੜੀ-ਕਿਹੜੀ ਤਕਨੀਕ ਵਰਤੀ ਜਾ ਸਕਦੀ ਹੈ ਇਸ ਬਾਰੇ ਵੀ ਉਨ੍ਹਾਂ ਬਹੁਤ ਹੀ ਰੌਚਕ ਗੱਲਾਂ ਦੱਸੀਆਂ। ਨੁਜ਼ਹਤ ਅੱਬਾਸ ਵਲੋਂ ਪੇਸ਼ ਸੁਲਤਾਨ ਬਾਹੂ ਦੀ "ਅਲਿਫ ਅੱਲਾਹ" ਦੀ ਪੇਸ਼ਕਾਰੀ ਨੇ ਵੀ ਹਾਜ਼ਿਰ ਲੋਕਾਂ ਨੂੰ ਸਭ ਤੋਂ ਵੱਧ ਨੂੰ ਕੀਲਿਆ। ਲਾਲਾ ਕਦੀਰ ਵਲੋਂ ਸੁਰੀਲੀ ਤੇ ਬੁਲੰਦ ਆਵਾਜ਼ ਵਿਚ ਪੇਸ਼ ਸੂਫੀ ਕਲਾਮ ਤੇ ਲੋਕ-ਸਾਹਿਤ 'ਚੋਂ ਪੇਸ਼ ਕੀਤੇ ਗੀਤਾਂ ਨੇ ਵੀ ਸਭ ਨੂੰ ਮੋਹ ਲਿਆ।

ਇਸ ਸਮਾਗਮ ਦੀ ਇਕ ਹੋਰ ਖੂਬਸੂਰਤੀ ਇਹ ਸੀ ਕਿ ਇਸ ਵਿਚ ਧਰਮ-ਜ਼ਾਤ-ਨੇਸ਼ਨ ਦੇ ਮਸਲੇ ਇਸ ਕਾਨਫਰੰਸ ਦੇ ਦਰਵਾਜ਼ੇ ਤੋਂ ਬਾਹਰ ਸਨ ਤੇ ਸਮਾਗਮ ਵਿਚ ਸਭ ਲੋਕ ਇਕੋ ਭਾਈਚਾਰੇ ਦੇ ਸਨ ਤੇ ਜਿਸ ਦਾ ਨਾਂਅ ਸੀ "ਪੰਜਾਬੀ ਭਾਈਚਾਰਾ"।

ਠੀਕ ਇਸੇ ਤਰ੍ਹਾਂ ਦਾ ਸਮਾਗਮ ਨੁਜ਼ਹਤ ਅੱਬਾਸ ਦੇ ਯਤਨਾਂ ਨਾਲ ਆਕਸਫੋਰਡ ਵਿਚ ਹੋਇਆ। ਉੱਥੇ ਵੀ ਸਟੋਕ-ਓਨ-ਟਰੈਂਟ ਸ਼ਹਿਰ ਵਾਂਗ ਹੁੰਗਾਰਾ ਮਿਲਿਆ। ਲੋਕਾਂ ਦੀ ਆਮਦ ਅਤੇ ਮੁੱਦੇ ਵਿਚ ਸ਼ਮੂਲੀਅਤ ਨੇ ਸਭ ਨੂੰ ਗੜਗੱਚ ਕਰ ਦਿੱਤਾ।

ਇਨ੍ਹਾਂ ਲੀਹਾਂ 'ਤੇ ਤੀਜਾ ਤੇ ਕਾਮਯਾਬ ਸੈਮੀਨਾਰ ਹੋਇਆ ਇੰਗਲੈਂਡ ਦੇ ਲੈਸਟਰ ਸ਼ਹਿਰ ਵਿਚ। "ਪੰਜਾਬੀ ਵਿਕਾਸ ਮੰਚ" ਵੱਲੋਂ ਇੰਗਲੈਂਡ 'ਚ ਇਹ ਪਹਿਲੀ ਵਾਰੀ ਮਾਂ ਬੋਲੀ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ ਜਿਸ ਵਿਚ ਪੰਜਾਬੀ ਬੋਲੀ ਦੇ ਵਿਕਾਸ ਤੇ ਆ ਰਹੀਆਂ ਔਕੜਾਂ 'ਤੇ ਵਿਚਾਰਾਂ ਕੀਤੀਆ ਗਈਆਂ। ਇਸ ਮੌਕੇ ਡਾਕਟਰ ਸੁਖਜਿੰਦਰ ਸਿੰਘ ਸੰਘਾ ਨੇ 'ਵਿਸ਼ਵੀ ਕਰਨ ਦੇ ਦੌਰ ਵਿਚ ਪੰਜਾਬੀ ਭਾਸ਼ਾ ਦਾ ਮੱਹਤਵ', ਡਾਕਟਰ ਮੰਗਤ ਭਾਰਦਵਾਜ ਨੇ 'ਵਿਦੇਸ਼ਾਂ ਵਿਚ ਪੰਜਾਬੀ ਦੀ ਸੰਭਾਲ ਤੇ ਪ੍ਰਸਾਰ' ਤੇ ਡਾਕਟਰ ਬਲਦੇਵ ਕੰਦੋਲਾ ਨੇ 'ਪੰਜਾਬੀ ਭਾਸ਼ਾ ਸਿੱਖਣ ਤੇ ਸਿਖਾਲਣ ਵਿਚ ਆ ਰਹੀਆਂ ਔਕੜਾਂ' ਬਾਰੇ ਖੋਜ ਭਰਪੂਰ ਤੇ ਪ੍ਰਭਾਵਸ਼ਾਲੀ ਖੋਜ-ਪੱਤਰ ਪੜ੍ਹ ਕੇ ਆਏ ਸਰੋਤਿਆਂ ਨੂੰ ਆਪਣੀ ਵਿਦਵਤਾ ਨਾਲ ਪ੍ਰਭਾਵਤ ਕੀਤਾ। (ਖੋਜ-ਪੱਤਰਾਂ ਤੋਂ ਬਾਅਦ ਇੰਦਰਜੀਤ ਗੁਗਨਾਨੀ ਦੀ ਪਲੇਠੀ ਵਾਰਤਿਕ ਪੁਸਤਕ 'ਕੌਣ ਲਿਖਦੈ ਸਾਡੀ ਕਿਸਮਤ' ਲੈਸਟਰ ਦੇ ਸਿਟੀ ਮੇਅਰ ਸਰ ਪੀਟਰ ਸੋਲਸਬੀ ਤੇ ਸਹਾਇਕ ਸਿਟੀ ਮੇਅਰ ਕੌਂਸਲਰ ਮੰਜੂਲਾ ਸੂਦ ਐਮ਼ਬ਼ੀਈ਼ ਵੱਲੋਂ ਲੋਕ ਅਰਪਣ ਕੀਤੀ ਗਈ। ਪੰਜਾਬੀ ਵਿਕਾਸ ਮੰਚ ਵੱਲੋਂ ਮੰਚ ਦੇ ਜਨਰਲ ਸਕੱਤਰ ਸ਼ਿੰਦਰਪਾਲ ਸਿੰਘ ਮਾਹਲ ਨੇ ਜ਼ੋਰ ਦਿੱਤਾ ਕਿ ਸਾਨੂੰ ਯੂਕ਼ੇ ਵਿਚ ਪੰਜਾਬੀ ਬੋਲੀ ਦੇ ਵਿਕਾਸ ਲਈ ਰਲ ਮਿਲ ਕੇ ਹੋਰ ਵੀ ਬਹੁਤ ਸਾਰੇ ਹੰਭਲੇ ਮਾਰਨੇ ਚਾਹੀਦੇ ਹਨ।

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ

ਬੋਲੇ ਸੋ ਨਿਰਭੈ ! ਗੁਰੂ ਰਵਿਦਾਸ ਮਹਾਰਾਜ ਕੀ ਜੈ !

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥1॥
ਅਬ ਮੋਹਿ ਖੂਬ ਵਤਨ ਗਹ ਪਾਈ ॥ ਹਾਂ ਖੈਰਿ ਸਦਾ ਮੇਰੇ ਭਾਈ ॥1॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥2

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ ਅਪ੍ਰੈਲ ਮਹੀਨੇ ਦੇ ਪ੍ਰੋਗਰਾਮ

**Guru Piari Sadh Sangat Ji,**

**April 28-29-30,2017 Samagam**

Samagam will start on Friday, April 28th 2017 at 5pm with "Naam Simran" and 3 Day Samagam will end on Sunday, April 30th 2017 at 12pm.

| Morning | | Evening | |
|---|---|---|---|
| Naam Simran | 05.00-06.00 | Naam Simran | 03.30-04.30 |
| Nitnem | 06.00-07.15 | Gurbani Vichar | 04.30-05.00 |
| Akhand Kirtan | 07.15-12.00 | Rehraas Sahib | 05.00-05.30 |
| Ardaas & Samapti | 12.00 | Akhand Kirtan | 05.30-09.00 |
| | | Ardaas & Samapti | 09.00 |

**May 07, 2017 Sukhmani Sahib Path and Langar Sewa by Bhai Harjit Singh Rattu & Saroj Rattu**

Sukhmani Sahib Path and Langar Sewa will be hosted by Bhai Harbans Rattu and Bibi Gian Rattu in celebration of their Grand-daughter Trisha Shreya Rattu's (Daughter of Harjit Singh Rattu and Saroj Rattu) 5th Birthday. May Waheguru bless Trisha Shreya Rattu with happy healthy and long life. Entire Sangat is requested to attend the function.

**May 14, 2017 Sukhmani Sahib Path by Bhai Naranjan Singh and Bibi Santosh Kumari**

Sukhmani Sahib Path and Langar Sewa will be hosted by Bhai Naranjan Singh, Bibi Santosh Kumari and family for Sukh Shanti and Chardi Kala of their family. Family is requesting everyone to come and join them. May Waheguru keep family in Chardi Kala.

**May 19-20-21, 2017 Akhand Path Sahib and Langar Sewa by Bhai Jaswant Singh Malhan**

Akhand Path and Langar Sewa will be hosted by Bhai Jaswant Singh Malhan (from Dallas) and whole family in the loving memories of their father Late Gurdev Singh Malhan and Brother late Nirmal Singh Malhan. Akhand Path will begin on May 19, 2017 and conclude on Sunday May 21, 2017. Family is requesting everyone to come and join them in the Ardaas. May Waheguru keep Malhan family in Chardi Kala.

**May 28, 2017 Barsi of Late Shri Yograj Singh Rattu Ji**

Sukhmani Sahib Path and Langar Sewa will be hosted by Bhai Surinder Rattu and Bibi Meena Rattu with the help and cooperation of entire family on the event of first Barsi of their father Late Yograj Singh Rattu ji. Family is requesting everyone to come and join them in the Ardaas. May Waheguru keep family in Chardi Kala.

**Chairperson**
**Shinder Pal Narabat**
**(925) 683-0178**

**President**
**Kashmiri Bhatia**
**(408)460-0262**

**General Secretary**
**Gina Bhatia**
**(925) 483-1629**

**Treasurer**
**Jasvir Chahal**
**(209)627-7944**




### ਗੁਰੂ ਘਰ ਦੇ ਸੇਵਾਦਾਰ

ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ)
530-713-1823
ਸ੍ਰੀ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ)
530-218-4468
ਸ੍ਰੀ ਸਤਨਾਮ ਸਿੰਘ (ਜਨਰਲ ਸਕੱਤਰ)
530-682-3962
ਸ੍ਰੀ ਦਲਵਿੰਦਰ ਰੱਲ੍ਹ (ਵਾਈਸ ਜਨ. ਸਕੱਤਰ)
530-933-3938
ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ)
530-682-3962
ਸ੍ਰੀ ਮਹਿੰਦਰ ਸਿੰਘ ਰੱਤੂ (ਚੇਅਰਮੈਨ)
530-790-5985
ਸ੍ਰੀ ਪ੍ਰਸ਼ੋਤਮ ਸੂਦ (ਵਾਈਸ ਚੇਅਰਮੈਨ)
530-565-5974
ਭੁਪਿੰਦਰ ਸਿੰਘ ਭੰਡਾਲ
(530) 301-2518

## ਸ੍ਰੀ ਕੰਦੋਲਾ ਪਰਿਵਾਰ ਵੱਲੋਂ, ਬਾਸੀ ਪਰਿਵਾਰ ਵੱਲੋਂ, ਸਹੋਤਾ ਪਰਿਵਾਰ ਵੱਲੋਂ, ਨਾਗਰਾ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ

28 ਅਪ੍ਰੈਲ 2017, ਦਿਨ ਸ਼ੁੱਕਰਵਾਰ, ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ

30 ਅਪ੍ਰੈਲ 2017 ਦਿਨ ਐਤਵਾਰ, ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ

ਇਹਨਾਂ ਸਮਾਗਮਾਂ ਵਿਚ ਜੇ ਕਿਸੇ ਵੀ ਗੁਰਸਿੱਖ ਪਰਿਵਾਰ ਨੇ ਜੇ ਕੋਈ ਵੀ ਸੇਵਾ ਕਰਨੀ ਹੋਵੇ ਤਾਂ ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ।

**ਬੇਨਤੀ ਕਰਤਾ : ਸ੍ਰੀ ਗੁਰੂ ਰਵਿਦਾਸ ਟੈਂਪਲ ਪ੍ਰਬੰਧਕ ਕਮੇਟੀ, ਯੂਬਾ ਸਿਟੀ**

**1480 HAYNE AVE YUBA CITY, (Phone- 530-674-2564)**

## ਧਰਮ ਮੰਦਰਾਂ 'ਚੋਂ ਧੱਕੇ?



ਬਾਣਾ ਧਰਮੀਆਂ ਵਾਲਾ ਬਹੁਰੂਪੀਆਂ ਦਾ
ਹੁੰਦੇ ਅਸਲ ਇਹ ਗੁਰੂ ਨਾ ਪੀਰ ਵਾਲੇ।

ਮਾਧੋ ਮਿੱਟੀ ਦੇ ਉਹਨਾਂ ਨੂੰ ਸਮਝ ਲੈਣਾ
ਬੇਸ਼ੱਕ 'ਦਰਸ਼ਨੀ' ਹੋਣ ਸਰੀਰ ਵਾਲੇ।

ਕਹੀ ਜਾਣ 'ਸਰਬੱਤ ਦਾ ਭਲਾ' ਮੂੰਹੋਂ
ਅੱਖਾਂ ਵਿਚ ਖੁਦਗਰਜ਼ੀ ਦੇ ਟੀਰ ਵਾਲੇ।

ਕਾਹਦਾ ਰੋਹਬ ਹੈ ਪਦਵੀਆਂ ਉਚੀਆਂ ਦਾ
ਅਹੁਦੇਦਾਰ ਜਦ ਮਰੀ ਜ਼ਮੀਰ ਵਾਲੇ।

ਸੱਚ ਬੋਲਣੇ ਵਾਲੇ ਨੂੰ ਸਜ਼ਾ ਦੇ ਕੇ
ਪੱਖ ਝੂਠ-ਤੂਫਾਨ ਦਾ ਲੈਣ ਲੱਗੇ।

ਧਰਮ-ਸਥਾਨਾਂ ਦੇ ਵਿਚੋਂ ਵੀ ਬਾਹਰ ਹੋਊ
ਧੱਕੇ ਸੱਚ ਵਿਚਾਰੇ ਨੂੰ ਪੈਣ ਲੱਗੇ!

– ਤਰਲੋਚਨ ਸਿੰਘ 'ਦੁਪਾਲਪੁਰ'
001-408-915-1268

# ਕਰੰਦਰਜ਼ ਵਿਖੇ ਬੱਚਿਆਂ ਦੇ ਵਿਸਾਖੀ ਮੇਲੇ ਤੇ ਚਮਕਿਆ ਪੰਜਾਬੀਅਤ ਦਾ ਅਨੋਖਾ ਰੰਗ






**ਫਰਿਜ਼ਨੋ (ਕੁਲਵੰਤ ਊਭੀ ਧਾਲੀਆਂ/ ਨੀਟਾ ਮਾਛੀਕੇ):** ਕੈਲੀਫੋਰਨੀਆਂ ਦੇ ਸ਼ੈਟਰਲ ਵੈਲੀ ਵਿਖੇ ਫਰਿਜ਼ਨੋ ਨਜ਼ਦੀਕੀ ਸ਼ਹਿਰ ਹਰਿਆਲੇ ਬਾਗਾ ਦੇ ਸ਼ਹਿਰ ਕਰੰਦਰਜ਼ ਦੇ ਗੁਰੂਘਰ ਦੀਆਂ ਖੁਲੀਆਂ ਗਰਾਊਡਾਂ ਵਿੱਚ ਬੱਚਿਆ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਦੇ ਹੋਏ 24 ਵਾਂ ਵਿਸਾਖੀ ਮੇਲਾ ਬੜੇ ਜੋਸ਼ ਨਾਲ ਮਨਾਇਆਂ ਗਿਆ। ਸਭ ਤੋਂ ਪਹਿਲਾ ਗੁਰੂਘਰ ਵਿੱਚ ਧਾਰਮਿਕ ਪ੍ਰੋਗਰਾਮਾ ਦਾ ਆਗਾਜ਼ ਕੀਤਾ ਗਿਆ। ਲੰਗਰਾ ਅਤੇ ਅਖੰਡ ਪਾਠ ਦੀ ਸੇਵਾ 'ਬਾਠ ਫਾਰਮ' ਦੇ ਸਮੂੰਹ ਪੰਜਾਬੀ ਵਰਕਰਾਂ ਨੇ ਨਿਭਾਈ। ਖੇਡਾਂ ਨੂੰ ਮੁੱਖ ਰੱਖਦੇ ਹੋਏ ਮੇਲੇ ਦੌਰਾਨ ਬੱਚਿਆਂ ਤੋਂ ਬਜੁਰਗਾ ਤੱਕ ਉਮਰ ਦੇ ਦੌੜਾਂ ਦੇ ਮੁਕਾਬਲੇ ਹੋਏ। ਬੱਚਿੱਆ ਵੱਲੋਂ ਬਾਸ਼ਕਟ ਬਾਲ ਦੇ ਮੈਂਚ ਵੀ ਹੋਏ। ਜਿਸ ਉਪਰੰਤ ਲੱਗੇ ਮੇਲੇ ਵਿੱਚ ਬਹੁਤ ਸਾਰੇ ਵੱਖ ਵੱਖ ਖਾਣਿਆ ਅਤੇ ਖੇਡਾਂ ਦੇ ਲੱਗੇ ਸਟਾਲ, ਦੇਸੀ ਪੰਜਾਬੀ ਘਰ 'ਸੁੱਖ ਆਲਣਾ' ਦੀ ਪ੍ਰਦਰਸ਼ਨੀ, ਮੁਫਤ ਡਾਕਟਰੀ ਕੈਂਪ, ਚਡੋਲ, ਰਾਈਡਾ ਆਦਿਕ ਬੱਚਿਆਂ ਦੇ ਮੰਨੋਰੰਜ਼ਨ ਕਰ ਰਹੇ ਸਨ। ਦਸਤਾਰ ਸਜਾਉਣ ਅਤੇ ਲੰਮੇ ਕੇਸ਼ ਦੇ ਮੁਕਾਬਲੇ ਵੀ ਹੋਏ। ਇਸ ਤੋਂ ਇਲਾਵਾ ਸੋਹਣੀਆ ਦਸ਼ਤਾਰਾ ਅਤੇ ਚੁੰਨੀਆਂ ਨਾਲ ਰੰਗਦਾਰ ਪੁਸਾਕਾ ਵਿੱਚ ਏਧਰ ਉਧਰ ਜਾ ਰਹੇ ਲੋਕ ਪੰਜਾਬ ਅਤੇ ਪੰਜਾਬੀਅਤ ਦੀ ਤਰਜ਼ਮਾਨੀ ਕਰ ਰਹੇ ਸਨ। ਮੇਲੇ ਦੀ ਸੁਰੂਆਤ ਯਮਲਾ ਜੱਟ ਦੇ ਸਗਿਰਦ ਗਾਇਕ ਰਾਜ ਬਰਾੜ ਨੇ ਕੀਤੀ। ਉਪਰੰਤ ਸਾਹੋਕੇ ਵਾਲੇ ਕਵੀਸ਼ਰੀ ਜੱਥੇ ਅਤੇ ਜਗਦੇਵ ਸਿੰਘ ਧੰਜਲ ਨੇ ਵੀਰ ਰਸ਼ ਬੰਨਿਆਂ। ਜਦ ਕਿ ਪੰਜਾਬ ਦੀ ਉੱਚੀ ਹੇਕ ਦੀ ਮਲਕਾ ਬੀਬੀ ਜੋਤ ਰਣਜੀਤ ਨੇ ਸਿੱਖਾ ਦੀ ਬਹਾਦਰੀ ਦਾ ਇਤਿਹਾਸ ਸਾਂਝਾ ਕੀਤਾ। ਪਿਸ਼ੌਰਾ ਸਿੰਘ ਢਿੱਲੋਂ ਨੇ ਕਵਿਤਾ ਦਾ ਪਾਠ ਅਤੇ ਨੌਜਵਾਨ ਗਾਇਕ ਪਵਨ ਸਿੰਘ ਨੇ ਵੀ ਗੀਤ ਗਾਏ। ਇਸ ਸਮੇਂ ਪੰਜਾਬੀ ਗਾਇਕੀ ਅਤੇ ਗੀਤਕਾਰੀ ਵਿੱਚ ਆਪਣਾ ਵਿਸ਼ੇਸ਼ ਸਥਾਨ ਬਣਾ ਚੁੱਕੇ ਗਾਇਕ ਧਰਮਵੀਰ ਥਾਂਦੀ ਨੇ ਆਪਣੀ ਬੁਲੰਦ ਆਵਾਜ਼ ਰਾਹੀ ਹਾਜ਼ਰੀਨ ਦਾ ਖੂਬ ਮੰਨੋਰੰਜ਼ਨ ਕੀਤਾ। ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਹੀਆਂ ਸਖਸੀਅਤਾਂ ਵਿੱਚ ਉਸਤਾਦ ਕਵੀ ਹਰਜਿੰਦਰ ਕੰਗ, ਗੀਤਕਾਰ ਅਤੇ ਕਵੀ ਸੁੱਖੀ ਧਾਲੀਵਾਲ, ਕਵੀ ਪਿਸ਼ੌਰਾ ਸਿੰਘ ਢਿੱਲੋ ਅਤੇ ਪ੍ਰਸਿੱਧ ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ ਦਾ ਸਨਮਾਨ ਕੀਤਾ ਗਿਆਂ। ਸਟੇਜ਼ ਰਾਹੀਂ ਸਥਾਨਿਕ ਕਰੰਦਰਜ਼ ਦੀਆਂ ਕੁੜੀਆਂ ਵੱਲੋਂ ਗਿੱਧਾ, ਸਾਡਾ ਵਿਰਸ਼ਾ ਗਰੁੱਪ, ਜੀ. ਐਚ. ਜੀ. ਡਾਂਸ਼ ਅਕੈਡਮੀ ਅਤੇ ਹੋਰ ਬਹੁਤ ਸਾਰੀਆਂ ਗਿੱਧੇ-ਭੰਗੜੇ ਦੀਆਂ ਬਹੁਤ ਸਾਰੀਆਂ ਟੀਮਾ ਨੇ ਸ਼ਿਰਕਤ ਕਰਕੇ ਪੰਜਾਬੀਅਤ ਦਾ ਰੰਗ ਬੰਨਿਆ। ਪ੍ਰਬੰਧਕਾ ਵੱਲੋਂ ਫਰੀ ਪਾਰਕਿੰਗ ਅਤੇ ਚਾਹ-ਪਕੌੜੇ, ਲੱਡੂ, ਜਲੇਬੀਆਂ, ਮਠਿਆਈਆਂ ਅਤੇ ਲੰਗਰਾਂ ਦੇ ਪ੍ਰਬੰਧ ਬਹੁਤ ਸਲਾਹੁਣਯੋਗ ਸਨ। ਪਰ ਇਸ ਤੋਂ ਇਲਾਵਾ ਖਾਣੇ ਲਾਏ ਸਟਾਲਾ ਵਾਲਿਆ ਨੇ ਵੀ ਆਪਣੀ ਦੁਕਾਨਦਾਰੀ ਕਰ ਖੂਬ ਕਮਾਈ ਕੀਤੀ। ਇਸ ਸਮੇਂ ਗੱਲਬਾਤ ਦੌਰਾਨ ਅਵਤਾਰ ਸਿੰਘ ਗਿੱਲ, ਜਸਵਿੰਦਰ ਸਿੰਘ ਗਰੇਵਾਲ, ਡਾ. ਸ਼ਰਨਜੀਤ ਸਿੰਘ ਪੁਰੇਵਾਲ, ਸੁਖਦੇਵ ਸਿੰਘ ਚੀਮਾਂ, ਬਲਰਾਜ਼ ਸਿੰਘ ਬਰਾੜ, ਜੌਗਿੰਦਰ ਸਿੰਘ ਧਾਲੀਵਾਲ ਆਦਿਕ ਨੇ ਸਮੂੰਹ ਪ੍ਰਬੰਧਕਾਂ ਅਤੇ ਮੇਲੀਆਂ ਦਾ ਧੰਨਵਾਦ ਕੀਤਾ। ਸਟੇਜ਼ ਸੰਚਾਲਨ ਸ੍ਰੀਮਤੀ ਆਸ਼ਾ ਸ਼ਰਮਾ ਅਤੇ ਬਲਵੀਰ ਸਿੰਘ ਢਿੱਲੋ ਨੇ ਹਮੇਸ਼ਾ ਵਾਗ ਬਹੁਤ ਖੂਬਸੂਰਤ ਸ਼ਾਇਰਾਨਾ ਅੰਦਾਜ਼ ਵਿੱਚ ਬਾਖੂਬੀ ਕੀਤਾ। ਸਮੂੰਹ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਸਾਰਾ ਦਿਨ ਚੱਲਿਆਂ ਇਹ ਵਿਸਾਖੀ ਮੇਲਾ ਅੰਤ ਆਪਣੀਆਂ ਅਮਿੱਟ ਯਾਦਾ ਛੱਡਦਾ ਹੋਇਆ ਸਮਾਪਤ ਹੋਇਆ।

# ਹੁਣ ਭਗਵੰਤ ਮਾਨ ਨੇ ਵੀ ਕੇਜਰੀਵਾਲ ਤੋਂ ਮੂੰਹ ਮੋੜਿਆ

(ਸਫਾ 1 ਦੀ ਬਾਕੀ)

'ਤੇ ਪੁੱਜੇ। ਦਿੱਲੀ ਦੀ ਜ਼ਿਮਨੀ ਚੋਣ ਅਤੇ ਐਮਸੀਡੀ ਚੋਣਾਂ ਤੋਂ ਭਗਵੰਤ ਮਾਨ ਦੂਰ ਹੀ ਰਹੇ। ਉਨ੍ਹਾਂ ਮੰਨਿਆ ਕਿ ਉਸ ਦੇ 'ਆਪ' ਕਨਵੀਨਰ ਨਾਲ ਪੰਜਾਬ ਚੋਣਾਂ ਦੇ ਕੁਝ ਨੁਕਤਿਆਂ 'ਤੇ ਗਿਲੇ ਸ਼ਿਕਵੇ ਹਨ, ਜਿਨ੍ਹਾਂ ਬਾਰੇ ਮੀਟਿੰਗ ਵਿੱਚ ਦੱਸ ਦਿੱਤਾ ਗਿਆ ਸੀ। ਉਨ੍ਹਾਂ ਦੇ ਦਿਲ ਵਿੱਚ ਕੇਜਰੀਵਾਲ ਦਾ ਬਹੁਤ ਸਤਿਕਾਰ ਹੈ ਅਤੇ ਪਾਰਟੀ ਨਾਲ ਡਟ ਕੇ ਖੜ੍ਹੇ ਹਨ ਪਰ ਦਿੱਲੀ ਦੀ ਲੀਡਰਸ਼ਿਪ ਦੇ ਅਤਿ ਵਿਸ਼ਵਾਸ ਨੇ ਨੁਕਸਾਨ ਜ਼ਰੂਰ ਕੀਤਾ ਹੈ। ਨਹਿਰੀ ਪਾਣੀਆਂ ਦੇ ਮਾਮਲੇ 'ਤੇ ਵੀ ਪਾਰਟੀ ਸਟੈਂਡ ਸਪੱਸ਼ਟ ਨਹੀਂ ਕਰ ਸਕੀ। ਉਨ੍ਹਾਂ ਆਖਿਆ ਕਿ 'ਆਪ' ਕਨਵੀਨਰ ਨੂੰ ਆਪਣੇ ਲਹਿਜੇ ਵਿੱਚ ਤਬਦੀਲੀ ਕਰਨੀ ਪਵੇਗੀ ਕਿਉਂਕਿ 'ਆਪ' ਤੋਂ ਲੋਕਾਂ ਨੂੰ ਉਮੀਦਾਂ ਹਨ। ਪਾਰਟੀ ਤੋਂ ਲਾਂਭੇ ਹੋਣ ਬਾਰੇ ਪੁੱਛਣ ਉਤੇ ਭਗਵੰਤ ਮਾਨ ਨੇ ਆਖਿਆ ਕਿ ਏਦਾਂ ਦੀ ਕੋਈ ਗੱਲ ਨਹੀਂ ਹੈ। ਉਨ੍ਹਾਂ ਦੇ ਕੁਝ ਗਿਲੇ ਸ਼ਿਕਵੇ ਹਨ, ਜਿਨ੍ਹਾਂ ਤੋਂ ਸ੍ਰੀ ਕੇਜਰੀਵਾਲ ਨੂੰ ਜਾਣੂ ਕਰਾਇਆ ਗਿਆ ਹੈ। ਉਨ੍ਹਾਂ ਪਾਰਟੀ ਕਨਵੀਨਰ ਨੂੰ ਆਪਣੀ ਨਾਰਾਜ਼ਗੀ ਦੱਸ ਦਿੱਤੀ ਕਿ ''ਮੇਰਾ ਪਾਰਟੀ ਨੇ ਮੁੱਲ ਨਹੀਂ ਪਾਇਆ।'' ਉਨ੍ਹਾਂ ਆਖਿਆ ਕਿ ਉਸ ਨੇ ਫਿਲਹਾਲ ਪਾਰਟੀ ਤੋਂ ਛੁੱਟੀ ਮੰਗੀ ਹੈ ਅਤੇ ਪਾਰਟੀ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਤੋਂ ਵੀ ਮੁਆਫ਼ੀ ਮੰਗੀ ਹੈ।

# ਸਫਲ ਗੀਤਕਾਰੀ ਤੋਂ ਗਾਇਕੀ ਵੱਲ ਵੱਧਦਾ ਹੋਇਆ : ਕੰਦੀ ਡੇਲਿਆਂ ਵਾਲੀ

ਮਾਲਵਾ ਖੇਤਰ ਦੇ ਜਦੋਂ ਗੀਤਕਾਰਾਂ ਦੀ ਗੱਲ ਕਰੀਏ ਤਾਂ ਹਰਚੰਦ ਕੰਦੀ ਡੇਲਿਆਂ ਵਾਲੀ ਦਾ ਨਾਂਅ ਆਪਣੇ-ਆਪ ਜ਼ਬਾਨ 'ਤੇ ਆ ਜਾਂਦਾ ਹੈ ਕਿਉਂਕਿ ਇਸ ਗੀਤਕਾਰ ਨੇ ਬਹੁਤ ਛੋਟੀ ਉਮਰ ਤੇ ਘੱਟ ਸਮੇਂ ਵਿਚ ਆਪਣੇ-ਆਪ ਨੂੰ ਚੰਗੇ ਗੀਤਕਾਰਾਂ ਦੀ ਕਤਾਰ ਵਿੱਚ ਖੜ੍ਹਾ ਕੀਤਾ ਹੈ। ਇਸਦਾ ਜਨਮ 16 ਮਈ 1973 ਨੂੰ ਪਿਤਾ ਸਵ. ਗੁਰਦੇਵ ਸਿੰਘ ਦੇ ਘਰ ਮਾਤਾ ਜਰਨੈਲ ਕੌਰ ਦੀ ਕੁੱਖੋਂ ਪਿੰਡ ਡੇਲਿਆਂ ਵਾਲੀ ਵਿਖੇ ਹੋਇਆ। ਅੱਜਕੱਲ ਉਹ ਆਪਣੀ ਪਤਨੀ ਵੀਰਪਾਲ ਕੌਰ ,ਬੇਟਾ ਹਰਜੀਤ ਸਿੰਘ 'ਤੇ ਬੇਟੀ ਹਰਪ੍ਰੀਤ ਕੌਰ ਨਾਲ ਸਮੇਤ ਪਰਿਵਾਰ ਆਪਣੇ ਪਿੰਡ ਡੇਲਿਆਂ ਵਾਲੀ ਵਿਖੇ ਰਹਿ ਰਿਹਾ ਹੈ। ਹਰਚੰਦ ਕੰਦੀ ਜੋ ਗੀਤਾਂ 'ਚ ਅਪਾਣੇ ਆਪ ਨੂੰ ਕੰਦੀ ਡੇਲਿਆਂ ਵਾਲੀਆ ਲਿਖਦੈ, ਯਾਰਾਂ ਦਾ ਯਾਰ, ਹੱਸਮੁੱਖ ਤੇ ਮਿਲਾਪੜੇ ਸੁਭਾਅ ਦਾ ਮਾਲਕ ਹੈ। ਸ਼ਾਇਦ ਇਹੀ ਵਜ੍ਹਾ ਹੈ ਕਿ ਉਸਦੇ ਲਿਖੇ ਗੀਤ ਨਾਮਵਰ ਗਾਇਕਾਂ/ਗਾਇਕਾਵਾਂ ਵੱਲੋਂ ਰਿਕਾਰਡ ਕਰਾਏ ਗਏ। ਗੀਤਕਾਰੀ ਅਤੇ ਗਾਇਕੀ ਦੀ ਗੁੜ੍ਹਤੀ ਉਸਨੂੰ ਆਪਣੇ ਪਿਤਾ ਸਵ. ਗੁਰਦੇਵ ਸਿੰਘ ਤੋਂ ਮਿਲੀ ਜਿੰਨਾਂ ਦੇ ਕਿੱਸੇ ਬੀਬੀ ਰਜਨੀ, ਦਹੂਦ ਬਾਦਸ਼ਾਹ,ਹਰੀ ਚੰਦ ਰਾਜਾ ਬਹੁਤ ਮਸ਼ਹੂਰ ਹੋਏ। ਕੰਦੀ ਡੇਲਿਆਂ ਵਾਲੀ ਹੁਣ ਤੱਕ 300 ਦੇ ਲੱਗਭਗ ਗੀਤ ਲਿਖ ਚੁੱਕਾ ਹੈ ਜਿਸ ਵਿਚੋਂ 150 ਦੇ ਕਰੀਬ ਰਿਕਾਰਡ ਹੋ ਚੁੱਕੇ ਹਨ ਤੇ 150 ਤੋਂ ਉੱਪਰ ਰਿਕਾਰਡ ਹੋਣੇ ਬਾਕੀ ਹਨ। ਕੰਦੀ ਆਪਣਾ ਗੀਤ ਲਿਖਣ ਦਾ ਸ਼ੋਕ 1991-92 ਤੋਂ ਲਗਾਤਾਰ ਹੁਣ ਤੱਕ ਪਾਲ ਰਿਹਾ ਹੈ।



ਉਸਦਾ ਪਹਿਲਾ ਗੀਤ ਗਾਇਕਾ ਸ਼ਮਾ ਲਵਲੀ ਦੀ ਅਵਾਜ ਵਿੱਚ 'ਮੁੰਦਰੀ ਦੇ ਨਗ ਨੂੰ ਨਗੀਨਾ ਕਹਿੰਦੇ ਨੇ' ਰਿਕਾਰਡ ਹੋਇਆ। ਇਸਦੀ ਘਾਲਣਾ ਉਦੋਂ ਰੰਗ ਲਿਆਈ ਜਦੋਂ ਸਟਾਰ ਗਾਇਕ ਮਰਹੂਮ ਰਾਜ ਬਰਾੜ ਨੇ ਉਸ ਦਾ ਗੀਤ 'ਉੱਡੀ ਚੱਲ ਮੋਰਨੀਏ' ਰਿਕਾਰਡ ਕਰਵਾਕੇ ਇਹਦਾ ਨਾਂਅ ਦੁਨੀਆਂ ਭਰ ਵਿੱਚ ਪਹੁੰਚਾ ਦਿੱਤਾ।

ਹਰਦੇਵ ਮਾਹੀਨੰਗਲ ਦਾ 'ਉਡਣੇ ਸੱਪ ਵਰਗੀ' ਗੀਤ ਵੀ ਇਸ ਦਾ ਲਿਖਿਆ ਹੈ। ਗਾਇਕ ਛਿੰਦਾ ਸ਼ੌਂਕੀ ਤੇ ਪ੍ਰੀਤ ਮਾਨ ਨੇ ਇਸਦਾ ਗੀਤ 'ਕਬੱਡੀ' ਗਾਇਆ। ਪ੍ਰੀਤ ਮਾਨ ਨੇ ਕੰਦੀ ਦਾ ਸੋਲੋ ਗੀਤ 'ਤਾਰੇ', ਕਰਤਾਰ ਰਮਲਾ ਤੇ ਲਵਜੋਤ ਰਾਣੀ ਨੇ ਇਸਦਾ ਦੋਗਾਣਾ 'ਜੈਤੋ ਵਾਲੇ ਫਾਟਕ' ਗਾਇਆ। ਇਸਤੋਂ ਇਲਾਵਾ ਰਿੰਪੀ ਗਰੇਵਾਲ,ਮਲਕੀਤ ਸੰਧੂ, ਵੇਦ ਹੰਸ, ਦੀਪੀ ਮਾਨ, ਪੰਮਾ ਸ਼ਾਇਰ, ਸੁਰਜੀਤ ਭੁੱਲਰ, ਸੁਦੇਸ਼ ਕੁਮਾਰੀ ਆਦਿ ਗਾਇਕ/ਗਾਇਕਾਵਾਂ ਨੇ ਉਸਦੇ ਗੀਤ ਰਿਕਾਰਡ ਕਰਵਾਏ ਹਨ ਜੋ ਸਰੋਤਿਆਂ ਵੱਲੋਂ ਪ੍ਰਵਾਨ ਕੀਤੇ ਗਏ ਹਨ।



ਪ੍ਰਮੋਦ ਧੀਰ ਜੈਤੋ
91-98550-31081

ਹੁਣ ਕੰਦੀ ਡੇਲਿਆਂ ਵਾਲੀ ਨੇ ਗੀਤਕਾਰੀ ਦੇ ਨਾਲ ਨਾਲ ਗਾਇਕੀ ਵਿੱਚ ਵੀ ਆਪਣਾ ਨਾਮ ਕਮਾਉਣਾ ਸ਼ੁਰੂ ਕਰ ਦਿੱਤਾ ਹੈ। ਉਸਦੇ ਗਾਏ ਗੀਤ 'ਮਾਂ' ਅਤੇ 'ਕਿਤਾਬਾਂ' ਸਰੋਤਿਆਂ ਵੱਲੋਂ ਬਹੁਤ ਹੀ ਪਸੰਦ ਕੀਤੇ ਗਏ। ਉਸਦੇ ਆਪਣੇ ਲਿਖੇ 'ਤੇ ਖੁਦ ਗਾਏ ਹੋਏ ਨਵੇਂ ਗੀਤ 'ਫਾਟਕ ਜੈਤੋ ਮੰਡੀ ਦਾ' ਅਤੇ 'ਲੰਮੀਆਂ ਉਮਰਾਂ' ਬਹੁਤ ਹੀ ਜਲਦ ਰਿਲੀਜ਼ ਹੋਣ ਵਾਲੇ ਹਨ। ਉਸਦੇ ਮਿੱਤਰ ਅਤੇ ਸਰੋਤੇ ਉਸਨੂੰ ਬੁਲੰਦੀਆਂ 'ਤੇ ਵੇਖਣਾ ਲੋਚਦੇ ਹਨ, ਰੱਬ ਮਿਹਰੇ ਕਰੇ ਇਹ ਇਸੇ ਤਰਾਂ ਮਾਂ ਬੋਲੀ ਪੰਜਾਬੀ ਦੀ ਸੇਵਾ ਕਰਦਾ ਹੋਇਆ ਪੂਰੇ ਵਿਸ਼ਵ ਵਿੱਚ ਪ੍ਰਸਿੱਧੀ ਹਾਸਲ ਕਰੇ।

# ਦਮੜਿਆ ਨੂੰ ਤਰਸ ਰਹੇ ਨੇ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੇ ਪਰਿਵਾਰ

ਪੰਜਾਬ ਵਿੱਚ ਕਥਿਤ ਤੌਰ 'ਤੇ ਕਰਜ਼ਾਈ ਕਿਸਾਨ ਵੱਲੋਂ ਕੀਤੀਆਂ ਗਈਆਂ ਆਤਮ- ਹੱਤਿਆਵਾਂ, ਨਵੀਂ ਬਣੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਲਈ 'ਗਲੇ ਦੀ ਹੱਡੀ' ਬਣਨ ਲੱਗੀਆਂ ਹਨ। ਬੇਸ਼ੱਕ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਖਜਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਰਜ਼ਾ ਮੁਆਫ਼ੀ ਦਾ ਵਾਅਦਾ ਹਰ ਹਾਲਤ ਵਿਚ ਨਿਭਾਉਣ ਦੀ ਗੱਲ ਕਹੀ ਹੈ। ਪਰ ਹਕੀਕਤ ਇਹ ਹੈ ਕਿ ਸਰਕਾਰੀ ਦਫ਼ਤਰਾਂ 'ਚ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਦੀਆਂ ਪਈਆਂ ਫ਼ਈਲਾਂ ਤੋ ਹਾਲੇ ਤੱਕ 'ਮਿੱਟੀ ਝਾੜਨ' ਦਾ ਅਮਲ ਵੀ ਆਰੰਭ ਨਹੀਂ ਹੋਇਆ ਹੈ। ਵਿਭਾਗੀ ਸੂਤਰਾਂ ਦਾ ਕਹਿਣਾ ਹੈ ਕਿ ਪਿਛਲੀ ਅਕਾਲੀ- ਭਾਜਪਾ ਸਰਕਾਰ ਵੱਲੋਂ ਆਤਮ- ਹੱਤਿਆ ਕਰਨ ਵਾਲੇ ਕਿਸਾਨਾਂ ਨੂੰ ਮੁਆਵਜ਼ਾ ਦੇਣ ਦੇ ਕੀਤੇ ਗਏ ਐਲਾਨ ਮਗਰੋਂ ਆਈਆਂ ਅਰਜ਼ੀਆਂ ਨੂੰ ਵੀ ਦਫ਼ਤਰੀ 'ਬਾਬੂ' ਹਾਲੇ 'ਦੱਬੀ' ਹੀ ਬੈਠੇ ਹਨ। ਸਰਕਾਰੀ ਅੰਕੜੇ ਦੱਸਦੇ ਹਨ ਕਿ ਪਿਛਲੇ ਸਵਾ ਤਿੰਨ ਵਰ੍ਹਿਆ ਦੌਰਾਨ ਸੈਂਕੜੇ ਕਿਸਾਨ ਕਥਿਤ ਤੌਰ ਤੇ ਕਰਜ਼ੇ ਦੀ ਮਾਰ ਕਾਰਨ ਆਪਣੀਆਂ ਜ਼ਿੰਦਗੀਆਂ ਗਵਾ ਚੁੱਕੇ ਹਨ ਤੇ ਇਹਨਾਂ ਆਤਮ- ਹੱਤਿਆਵਾਂ ਦਾ ਲੇਖਾਂ- ਜੋਖਾ ਤਹਿਸੀਲ ਪੱਧਰ ਤੇ ਕੀਤਾ ਜਾਂਦਾ ਹੈ। ਵਿਭਾਗੀ ਸੂਤਰਾਂ ਦਾ ਕਹਿਣਾ ਹੈ ਕਿ ਪਿਛਲੀ ਸਰਕਾਰ ਦੇ ਕਾਰਜਕਾਲ ਦੌਰਾਨ ਸੈਂਕੜੇ ਕਿਸਾਨਾਂ ਵਿਚੋਂ ਕੇਵਲ 25 ਫੀਸਦੀ ਪੀੜਤ ਪਰਿਵਾਰਾਂ ਨੂੰ ਹੇਠਲੇ ਪੱਧਰ ਤੇ ਪੜਤਾਲ ਮੁਆਵਜ਼ੇ ਦੀ ਰਾਸ਼ੀ ਜਾਰੀ ਕੀਤੀ ਗਈ ਹੈ, ਜਦੋਂ ਕਿ ਬਾਕੀ ਪੀੜਤ ਪਰਿਵਾਰ ਚੰਦ ਦਮੜਿਆਂ ਦੀ ਖ਼ਾਤਰ ਦਫ਼ਤਰਾਂ ਦੀਆਂ ਦਹਿਲੀਜ਼ਾਂ ਤੇ ਰੁਲ ਰਹੇ ਹਨ। ਖੇਤੀਬਾੜੀ ਮਹਿਕਮੇ ਦੇ ਆਲ੍ਹਾ ਅਧਿਕਾਰੀਆਂ ਦੀਆਂ ਹਦਾਇਤਾਂ ਤੋਂ ਮਗਰੋਂ ਕਥਿਤ ਤੌਰ ਤੇ ਕਰਜ਼ੇ ਕਾਰਨ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੀ ਮੌਤ ਦੇ ਕਾਰਨਾਂ ਦੀ ਪੜਤਾਲ 6 ਮਹੀਨੇ ਪਹਿਲਾ ਸ਼ੁਰੂ ਕੀਤੀ ਗਈ ਸੀ, ਜਿਹੜੀ ਕਿ ਸੂਬੇ ਦੀ ਸਤ੍ਹਾ ਬਦਲਦੇ ਹੀ ਮੁੜ ਠੰਢੇ 'ਬਸਤੇ' 'ਚ ਜਾ ਪਈ ਹੈ।

ਪੰਜਾਬ ਖੇਤੀਬਾੜੀ ਮਹਿਕਮੇ ਦੀ ਯੋਜਨਾ ਤਹਿਤ ਪੰਜਾਬ ਦੇ ਹਰ ਤਹਿਸੀਲ ਵਿੱਚ ਬਲਾਕ ਖੇਤੀਬਾੜੀ ਅਫ਼ਸਰ, ਐਸ ਡੀ ਉਪ ਪੁਲਿਸ ਕਪਤਾਨ ਅਤੇ ਸੀਨੀਅਰ ਮੈਡੀਕਲ ਅਫ਼ਸਰ ਦੇ ਅਧਾਰਤ ਕਮੇਟੀਆਂ ਬਣਾ ਕੇ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਅੰਕੜੇ ਤਾਂ ਇਕੱਤਰ ਕਰ ਲਏ ਗਏ ਹਨ ਅਤੇ ਇਸ ਸੰਬੰਧੀ ਰਿਪੋਰਟ ਜ਼ਿਲ੍ਹਾ ਸਦਰ ਮੁਕਾਮਾਂ 'ਤੇ ਪੁੱਜ ਗਈ ਹੈ ਪਰ ਹਾਲੇ ਤੱਕ ਅੱਗੇ ਦਾ ਅਮਲ ਸ਼ੁਰੂ ਨਹੀਂ ਹੋ ਸਕਿਆ। ਹੁਣ ਗੱਲ ਕਿਸਾਨਾਂ ਤੱਕ ਹੀ ਸੀਮਤ ਨਹੀਂ ਰਹੀ, ਔਰਤਾਂ ਵੀ ਇਸ ਦੁਖਾਂਤ ਵਿੱਚ ਸ਼ਾਮਲ ਹੋ ਗਈਆਂ ਹਨ ।

ਇਹ ਕੇਵਲ ਸੂਬੇ ਲਈ ਨਹੀਂ ਪੂਰੇ ਦੇਸ਼ ਲਈ ਸ਼ਰਮਨਾਕ ਗੱਲ ਹੈ। ਕਰਜ਼ੇ ਦੀ ਮਾਰ ਕਾਰਨ ਕਥਿਤ ਤੌਰ ਤੇ ਆਤਮ-ਹੱਤਿਆ ਕਰਨ ਵਾਲਿਆਂ ਵਿੱਚ ਜ਼ਿਲ੍ਹਾ ਮੋਗਾ ਦੀਆਂ ਕਿਸਾਨ ਔਰਤਾਂ ਵੀ ਸ਼ਾਮਲ ਹਨ। ਜਿਨ੍ਹਾਂ ਦੀ ਸੂਚੀ ਸੰਬੰਧਿਤ ਵਿਭਾਗ ਕੋਲ ਵੀ ਹੈ ਤੇ ਕਈ ਵਾਰ ਅਖ਼ਬਾਰਾਂ ਵਿੱਚ ਵੀ ਨਸਰ ਹੋਈ ਹੈ। ਅਸਲ ਵਿਚ ਕਿਸਾਨਾਂ ਦੀ ਬਿਹਤਰੀ ਲਈ ਦੇਸ਼ ਦੀ ਆਜ਼ਾਦੀ ਤੋ ਬਾਅਦ ਦੀ ਕਿਸੇ ਵੀ ਕੇਂਦਰੀ ਜਾਂ ਸੂਬਾ ਸਰਕਾਰ ਨੇ ਕੋਈ ਠੋਸ ਨੀਤੀ ਨਹੀਂ ਘੜੀ ਹੈ।

ਕਿਸਾਨਾਂ ਦੀਆਂ ਵੋਟਾਂ ਹਾਸਲ ਕਰਨ ਲਈ ਸਮੇਂ-ਸਮੇਂ ਤੇ ਸਮੁੱਚਾ ਸਿਆਸੀ ਦਲਾਂ ਤੇ ਕਿਸਾਨ ਹਿਤੈਸ਼ੀ ਹੋਣ ਦੀ ਚਾਲ ਚੱਲੀ ਹੈ ਪਰ ਸੱਤਾ ਪ੍ਰਾਪਤੀ ਮਗਰੋਂ ਕਿਸਾਨਾਂ ਦੇ ਹੱਥ ਖਾਲੀ ਹੀ ਰਹੇ ਹਨ। ਸਰਕਾਰੀ ਯੋਜਨਾ ਮੁਤਾਬਿਕ ਮਾਰਚ 2013 ਤੋ ਲੈ ਕੇ 22 ਜੁਲਾਈ 2015 ਤੱਕ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੇ ਵਾਰਸਾਂ ਨੂੰ 2-2 ਲੱਖ ਰੁਪਏ ਜਦੋਂ ਕਿ ਜੁਲਾਈ 2015 ਤੋ ਬਾਅਦ 'ਚ ਦੇ ਕੇਸਾਂ ਨਾਲ ਸੰਬੰਧਿਤ ਪੀੜਤਾਂ ਨੂੰ 3-3 ਲੱਖ ਰੁਪਏ ਦਿੱਤਾ ਜਾਣਾ ਹੈ।

ਪਰ ਕਈ ਜ਼ਿਲ੍ਹਿਆਂ ਦੇ ਮੁੱਖ ਖੇਤੀਬਾੜੀ ਅਫ਼ਸਰਾਂ ਦਾ ਕਹਿਣਾ ਹੈ ਕਿ ਵਿਭਾਗ ਕੋਲ ਆਤਮ ਹੱਤਿਆ ਕਰਨ ਵਾਲੇ ਕਿਸਾਨਾਂ ਸੰਬੰਧੀ ਫਾਈਲਾਂ ਆਈਆਂ ਸਨ ਅਤੇ ਇਹਨਾਂ ਦੀ ਅੰਤਮ ਪੜਤਾਲ ਵਿਚ ਦੇਖਿਆ ਗਿਆ ਕਿ ਜਾਂ ਤਾਂ ਆਤਮ ਹੱਤਿਆ ਕਰਨ ਵਾਲੇ ਵਾਰਸ ਕਰਜ਼ੇ ਦਾ ਸਬੂਤ ਪੇਸ਼ ਨਹੀਂ ਕਰ ਸਕੇ ਤੇ ਜਾਂ ਫਿਰ ਮ੍ਰਿਤਕ ਸੰਬੰਧੀ ਸੰਬੰਧਿਤ ਪੁਲਿਸ ਥਾਣੇ ਵਿਚ ਰਿਪੋਰਟ ਦਰਜ ਕਰਵਾ ਕੇ ਲਾਸ਼ ਦਾ ਪੋਸਟਮਾਰਟਮ ਨਹੀਂ ਕਰਵਾਇਆ ਗਿਆ ਸੀ। ਜਿਹੜੇ ਮੁਆਵਜ਼ੇ ਦੇ ਅਸਲ ਹੱਕਦਾਰ ਸੀ ਉਹਨਾਂ ਨੂੰ ਮੁਆਵਜ਼ਾ ਦੇ ਦਿੱਤਾ ਗਿਆ।

ਇਹ ਸਭ ਕੁਝ ਕਰਕੇ ਖੁਦਕੁਸ਼ੀਆਂ ਵਾਲੇ ਪੀੜਤ ਪਰਿਵਾਰ ਤੋ ਖਹਿੜਾ ਛੁਡਾਇਆ ਜਾ ਰਿਹਾ ਹੈ। ਖੁਦਕੁਸ਼ੀ ਆਤਮ ਹੱਤਿਆ ਸ਼ਬਦ ਕਹਿਣਾ ਬਹੁਤ ਸੌਖਾ ਹੈ ਪਰ ਕਰਨਾ ਬਹੁਤ ਔਖਾ ਹੈ ਇਹ ਉਹੀ ਕਰ ਸਕਦਾ ਹੈ ਜਿਸ ਦੀ ਜਿਉਣ ਦੀ ਇੱਛਾ ਬਿਲਕੁਲ ਖਤਮ ਹੋ ਚੁੱਕੀ ਹੋਵੇ। ਇਹ ਖੁਦਕੁਸ਼ੀਆਂ ਵਾਲੇ ਪੀੜਤ ਪਰਿਵਾਰ ਤਾਂ ਕਰਜ਼ੇ ਦੀ ਮਾਰ ਕਾਰਨ ਪਹਿਲਾ ਹੀ ਆਰਥਿਕ ਪੱਖੋ ਟੁੱਟੇ ਹੋਏ ਹਨ। ਹੁਣ ਇਹਨਾਂ ਨੂੰ ਮੁਆਵਜ਼ਾ ਦੇਣ ਲਈ ਸਰਕਾਰ ਨੇ ਸ਼ਰਤਾਂ ਲਾਗੂ ਕਰ ਕੇ ਦਰ- ਦਰ ਦੇ ਧੱਕੇ ਖਾਣ ਲਈ ਮਜਬੂਰ ਕਰ ਦਿੱਤਾ । ਜਿਸ ਤਰ੍ਹਾ ਕੈਪਟਨ ਅਮਰਿੰਦਰ ਸਿੰਘ ਨੇ ਵੋਟਾਂ ਤੋ ਪਹਿਲਾ ਆਪਣੀ ਸਰਕਾਰ ਬਣਨ ਤੇ ਕਰਜ਼ੇ ਮਾਫ਼ ਕਰਨ ਦਾ ਵਾਅਦਾ ਕੀਤਾ ਸੀ ਉਸੇ ਤੇ ਹੀ ਕਾਇਮ ਰਹਿਣ ਤੇ ਕੋਈ ਠੋਸ ਰਣਨੀਤੀ ਬਣਾ ਕੇ ਇਸ ਵਾਅਦੇ ਨੂੰ ਬਿਨ੍ਹਾਂ ਸ਼ਰਤ ਪੂਰਾ ਕਰਨ।



ਨਵਜੋਤ ਬਜਾਜ ਗੱਗੂ
91-98721-02614

ਕਿਉਂਕਿ ਕੈਪਟਨ ਅਮਰਿੰਦਰ ਸਿੰਘ 'ਜੋ ਕਹਿੰਦੇ ਹਨ ਉਹ ਕਰਦੇ ਹਨ'' ਵਜੋਂ ਜਾਣੇ ਜਾਂਦੇ ਹਨ। ਇਸੇ ਕਰਕੇ ਅੱਜ ਪੀੜਤ ਪਰਿਵਾਰ ਕੈਪਟਨ ਅਮਰਿੰਦਰ ਸਿੰਘ ਤੋ ਇਸ ਮਸਲੇ ਵਿੱਚ ਵੱਡੀ ਆਸ ਰੱਖਦੇ ਹਨ।

# PCS SACRAMENTO

Non Profit

Presents

Since 1990

(USA)

## 28ਵਾਂ

# ਵਿਸਾਖੀ ਮੇਲਾ

# Visakhi Mela




**Featuring : Songs, Gidha & Bhangra, Dances, Skits and Much More**

Celebration On

## Saturday 29th April 2017

at 3:00 P.M.

Performing Art Centre

## Sheldon High School

**8333 Kingsbridge Drive, Sacramento CA 95829**

Spcl. Appearance

**Bhangra & Gidda**

ਕੈਲੇਫੋਰਨੀਆ ਦੇ ਉੱਘੇ ਗਾਇਕ ਅਤੇ ਗਿੱਧੇ ਅਤੇ ਭੰਗੜੇ ਦੀਆਂ ਚੋਟੀ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ।

**ਪ੍ਰਬੰਧਕੀ ਕਮੇਟੀ:** ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ ਪਰਹਾਰ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿਲੋਂ, ਜਤਿੰਦਰ ਬੀਸਲਾ, ਅਜੈਬ ਕਾਹਲੋਂ, ਰਸ਼ਪਾਲ ਫਰਵਾਲਾ, ਹਰਕਿੰਦਰ ਬਾਸੀ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਗੀਹਲ, ਜਸਵੰਤ ਸ਼ਾਦ, ਅਰਜਿੰਦਰ ਕੁੱਕੀ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਵੀਰ ਜੌਹਲ, ਅਵਤਾਰ ਡੌਡ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੱਦੀ, ਮਨੋਹਰ ਲਾਲ ਰੱਤੀ, ਮਨਜੀਤ ਢਿਲੋਂ (ਮੈਡੇਸਟੋ), ਦਲਜੀਤ ਸਿੰਘ ਲੋਪੋਂ, ਭੀਲੀ ਸਿੰਘ, ਯਾਦਵਿੰਦਰ ਗਿੱਲ, ਕਰਮਜੀਤ ਮਿਨਹਾਸ, ਸਤਨਾਮ ਸਿੰਘ ਤਾਤਲਾ, ਬਖਸ਼ੀਸ਼ ਗਿੱਲ, ਬਲਵੰਤ ਸਿੰਘ ਕੰਦੋਲਾ, ਵਿਜੇ ਪਰਹਾਰ, ਰਾਜ ਬਰਾੜ, ਪ੍ਰੇਮ ਚੁੰਬਰ (ਐਡੀਟਰ ਦੇਸ਼ ਦੋਆਬਾ)

**ਸਪੌਂਸਰ ਕਰਤਾ:** ਹਰਜੀਤ ਸਿੰਘ (ਮਾਉਂਟੇਨ ਮਾਈਕ'ਜ਼ ਪੀਜ਼ਾ ਐਲਕਗ੍ਰੋਵ), ਬੱਗਾ ਪੈਲੇਸ, ਇੰਡੀਆ ਹਾਊਸ ਆਫ਼ ਗਰੌਸਰੀ, ਦੇਸੀ ਬਾਜ਼ਾਰ, ਸਟਾਰ ਆਫ ਇੰਡੀਆ, ਗੁਰਨੇਕ ਸਿੰਘ ਫੈਟਡੱਕ ਪੀਜ਼ਾ), ਅਵਤਾਰ ਅਟਵਾਲ, ਚਰਨ ਬਡਵਾਲ, ਪਿਆਰਾ ਸਿੰਘ ਪਰਹਾਰ, ਜੱਸੀ ਸੰਘਾ (ਪਾਵਰ ਮਾਰਟ), ਏ.ਵੀ. ਸਵੀਟਸ, ਮਨਜੀਤ ਸਿੰਘ (ਪੰਜਾਬ ਇੰਸ਼ੋਰੈਂਸ ਐਂਡ ਇੰਮੀਗ੍ਰੇਸ਼ਨ ਟੈਕਸ ਸਰਵਿਸ), ਪਰਮਜੀਤ ਧਾਲੀਵਾਲ (ਫਰਿਜ਼ਨੋ), ਅਮਰਜੀਤ ਦੂਲੇ, ਗੁਰਮੁਖ ਗੋਸਲ (ਸ਼ੇਰੇਟਨ ਹੋਟਲ), Wells Fargo Bank, Money Gram (Fast Trip Florin Road), ਜਸਵਿੰਦਰ ਬੋਪਾਰਾਏ, ਸਾਬੀ Cargo Transit, ਅਕਲੇਸ਼ ਸਿੰਘ (ਕੁਆਲਿਟੀ ਵੈਂਡਿੰਗ), ਪਵਿੱਤਰ ਨਾਹਲ, ਜਰਨੈਲ ਮੰਡੇਰ, ਜਗਜੀਤ ਕੰਦੋਲਾ, ਸੁਰਿੰਦਰ ਬਿੰਦਰਾ।

*For More Information Please Contact :* *Participation:* **Rashpal Pharwala (916) 880-0531,**
*Stalls:* **Tirath Sahota (916) 271-8382, Amrik Parhar (916) 502-0064,** *Host by:* **Jaswant S. Shad (209) 992-7185**

## ADMISSION FREE

Please No Alcohol, No Food or Drinks Inside the Hall. No Cameras Will Be Will Be Tightly Enforced Allowed Inside The Hall, Security

Website : www.sacpcs.com

Printer : Barapind Printing Press (E-mail: barapindpress@gmail.com)



MADHAR PRODUCTIONS & DE LUXE PRODUCTIONS
PRESENTS
Madhar productions
NIMRAT KHAIRA
HIMANSHI KHURANA
MANKIRT AULAKH
NINJA
SUNANDA SHARMA
ASHA SHARMA
(STAGE SECRETARY)
Vaisakhi 2017
LIVE IN CONCERT
APRIL • 30, 2017 • SUNDAY • 7-10
DOOR OPENS AT 6PM • SHOW START AT 7PM
YUBA SUTTER FAIRGROUNDS ( MAIN EXHIBIT HALL )
442 FRANKLIN AVENUE YUBA CITY, CA 95991
BUY ONLINE • www.sulekha.com/VoiceOfPunjab
• VVIP • VIP • $39 • $19
SPONSORSHIPS & FURTHER INFO CALL:
SUKHVINDER SINGH 530-713-2805
AMAN MADHAR 415-717-2283
Sponsored by 'Desh Doaba'
SUKHVINDER SINGH
AMAN MADHAR